ਹਫਤਾਵਾਰੀ
# ਦੇਸ਼ ਦੁਆਬਾ

VOL - 4 ISSUE - 3
April 23, 2015

Postal Address
5101 Doe Hollow Pl, Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਅਸੈਂਬਲੀ ਮੈਂਬਰ ਮਿਸਟਰ ਜਿਮ ਕੂਪਰ ਸ੍ਰੀ ਵਿਨੋਦ ਕੁਮਾਰ ਚੁੰਬਰ (ਵਾਈਸ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ) ਦਾ ਸਨਮਾਨ ਕਰਦੇ ਹੋਏ।



ਅਸੈਂਬਲੀ ਮੈਂਬਰ ਮਿਸਟਰ ਜਿਮ ਕੂਪਰ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ) ਦਾ ਸਨਮਾਨ ਕਰਦੇ ਹੋਏ।

## ’84 ਦੇ ‘ਕਤਲੇਆਮ’ ਲਈ ਭਾਰਤ ਸਰਕਾਰ ਜ਼ਿੰਮੇਵਾਰ : ਕੈਲੀਫੋਰਨੀਆ ਅਸੈਂਬਲੀ





ਜਿਮ ਕੂਪਰ

**ਸੈਕਰਾਮੈਂਟੋ(ਬਿਊਰੋ)-** ਕੈਲੀਫੋਰਨੀਆ ਦੀ ਅਸੈਂਬਲੀ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ‘ਕਤਲੇਆਮ’ ਕਰਾਰ ਦਿੱਤਾ ਹੈ। ਵਿਧਾਨ ਸਭਾ ਨੇ ਇਕ ਪ੍ਰਸਤਾਵ ਪਾਸ ਕਰਕੇ ਇਸ ਦੌਰਾਨ ਹਜ਼ਾਰਾਂ ਸਿੱਖਾਂ ਨੂੰ ਕਤਲ, ਬਲਾਤਕਾਰ ਅਤੇ ਤਸੀਹੇ ਦੇਣ ਲਈ ਭਾਰਤ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ ਹੈ। ਇਸ ’ਚ ਕਿਹਾ ਗਿਆ ਹੈ ਕਿ ਸਰਕਾਰ ਅਤੇ ਕਾਨੂੰਨ ਬਦਲਾਅ ਅਧਿਕਾਰੀਆਂ ਦੀ ਇਸ ਨੂੰ ਅੰਜਾਮ ਦੇਣ ’ਚ ਭੂਮਿਕਾ ਸੀ ਅਤੇ ਉਹ ਕਤਲਾਂ ਨੂੰ ਰੋਕਣ ਲਈ ਕੋਸ਼ਿਸ਼ ਕਰਨ ’ਚ ਅਸਫਲ ਰਹੇ। ਸੈਕਰਾਮੈਂਟੋ ਵਿਧਾਨ ਸਭਾ ਖੇਤਰ ਦੇ ਮੈਂਬਰਾਂ ਜਿਮ ਕੂਪਰ, ਕੇਵਿਨ ਮੈਕਕਾਰਟੀ, ਜਿਮ ਗੈਲੇਗਰ ਅਤੇ ਕੇਨ ਕੂਲੀ ਵਲੋਂ ਇਹ ਪ੍ਰਸਤਾਵ ਲਿਆਂਦਾ ਗਿਆ ਸੀ। ਕਪੂਰ ਨੇ ਕਿਹਾ ਕਿ 1984 ’ਚ ਜੋ ਕੁਝ ਹੋਇਆ ਉਸ ਨੂੰ ਬਦਲਿਆ ਨਹੀਂ ਜਾ ਸਕਦਾ। ਪਰ ਪੀੜਤਾਂ ਦੇ ਪਰਿਵਾਰ ਦੀ ਵਿਧਾਨ ਸਭਾ ’ਚ ਨੁਮਾਇੰਦਗੀ ਨੂੰ ਲੈ ਕੇ ਉਨ੍ਹਾਂ ਨੂੰ ਸਚ ਕਹਿਣਾ ਚਾਹੀਦਾ ਹੈ ਅਤੇ ਹਜ਼ਾਰਾਂ ਪੀੜਤਾਂ ਨੂੰ ਸਨਮਾਨ ਮਿਲਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਪੂਰੀ ਦੁਨੀਆ ਦੇ ਸਿੱਖ ਇਸ ਬਾਰੇ ’ਚ ਜਾਣਦੇ ਹਨ। ਕੈਲੀਫੋਰਨੀਆ ’ਚ ਅਸੀਂ ਹਮੇਸ਼ਾ ਪੱਖਪਾਤ ਖਿਲਾਫ ਖੜ੍ਹੇ ਰਹਾਂਗੇ ਅਤੇ 1984 ਦੀ ਤ੍ਰਾਸਦੀ ਨੂੰ ਕਦੇ ਭੁੱਲਾਂਗੇ ਨਹੀਂ।

## ਕੈਲੀਫੋਰਨੀਆ ਕਬੱਡੀ ਕੱਪ 26 ਅਪ੍ਰੈਲ ਨੂੰ



**ਯੂਨੀਅਨ ਸਿਟੀ (ਬਿਊਰੋ)-** ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਕੈਲੀਫੋਰਨੀਆ ਵੱਲੋਂ ਕੈਲੀਫੋਰਨੀਆ ਦਾ ਕਬੱਡੀ ਕੱਪ ਇਸ ਵਾਰ 26 ਅਪ੍ਰੈਲ ਨੂੰ ਜੇਮਸ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਖੇ ਸਵੇਰੇ 10 ਤੋਂ ਸ਼ਾਮੀ 8 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਕਬੱਡੀ ਕੱਪ ਵਿਚ ਭਾਰਤ, ਕੈਨੇਡਾ ਪੂਰਬੀ, ਕੈਨੇਡਾ ਵੈਸਟ, ਇੰਗਲੈਂਡ ਅਤੇ ਅਮਰੀਕਾ ਦੀਆਂ ਟੀਮਾਂ ਸ਼ਾਮਲ ਹੋਣਗੀਆਂ। ਕੈਲੀਫੋਰਨੀਆ ਦੇ ਇਸ ਸਭ ਤੋਂ ਵੱਡੇ ਟੂਰਨਾਮੈਂਟ ਵਿਚ ਬੱਚਿਆਂ ਅਤੇ ਬੀਬੀਆਂ ਦੇ ਬੈਠਣ ਲਈ ਇਸ ਵਾਰ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਬਾਸਕਟਬਾਲ, ਵਾਲੀਵਾਲ ਅਤੇ ਕੁਸ਼ਤੀ ਦੇ ਮੁਕਾਬਲੇ ਕਰਵਾਏ ਜਾਣਗੇ। ਕਬੱਡੀ ਮੈਚਾਂ ਵਿਚ ਸ਼ਾਮਲ ਹੋਣ ਲਈ ਦੇਸ਼ ਵਿਦੇਸ਼ ਤੋਂ ਦਰਸ਼ਕਾਂ ਦੀ ਮੰਗ ਤੇ ਉਚ ਕੋਟੀ ਦੇ ਖਿਡਾਰੀ ਪਹੁੰਚ ਰਹੇ ਹਨ।

## ਸਾਨਫਰਾਂਸਿਸਕੋ ਦਾ ਸ਼ਹੀਦੀ ਨਗਰ ਕੀਰਤਨ 7 ਜੂਨ ਨੂੰ



**ਟਰੇਸੀ (ਬਲਵਿੰਦਰਪਾਲ ਸਿੰਘ ਖਾਲਸਾ)-** ਪਿਛਲੇ ਸਾਲ ਸ਼ਹੀਦਾ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੇ 1984 ਦੇ ਸਿੱਖ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ ਨਗਰ ਕੀਰਤਨ ਸਜਾ ਕੇ ਸ਼ੁਰੂਆਤ ਕੀਤੀ ਗਈ ਸੀ। ਵਾਹਿਗੁਰੂ ਦੀ ਅਪਾਰ ਬਖਸ਼ਿਸ਼ ਸਦਕਾ ਇਸ ਵਾਰ ਦੂਜਾ ਨਗਰ ਕੀਰਤਨ 7 ਜੂਨ ਦਿਨ ਐਤਵਾਰ ਨੂੰ ਕੈਲੇਫੋਰਨੀਆ ਦੀਆਂ ਸਮੂੰਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ

(ਬਾਕੀ ਸਫਾ 8 ਤੇ)

## ਪੀ ਸੀ ਐਸ ਸੈਕਰਾਮੈਂਟੋ ਦਾ ਵਿਸਾਖੀ ਮੇਲਾ



**ਸੈਕਰਾਮੈਂਟੋ (ਹਰਜਿੰਦਰ ਪੰਧੇਰ)-** ਬੀਤੇ ਸ਼ਨੀਚਰਵਾਰ ਪੰਜਾਬੀ ਕਲਚਰਲ ਸੁਸਾਇਟੀ ਵਲੋਂ ਐਲਕ ਗਰੂਵ ਦੇ ਐਸ ਈ ਐਸ ਹਾਲ ਵਿਚ 26ਵਾਂ ਵਿਸਾਖੀ ਮੇਲਾ ਗਿੱਧੇ ਭੰਗੜੇ, ਗੀਤਾਂ, ਬੋਲੀਆਂ ਦੇ ਆਪਣੇ ਪੁਖ਼ਤਾ ਰੰਗਾਂ ਸੰਗ ਮਨਾਇਆ ਗਿਆ। ਮੇਲੇ ਵਿਚ ਪੇਸ਼ ਕੀਤੀਆਂ ਸ਼ਾਨਦਾਰ ਝਲਕੀਆਂ, ਵੰਨ ਸੁਵੰਨੇ ਗਹਿਣਿਆਂ ਅਤੇ ਪੰਜਾਬੀ ਪਹਿਰਾਵਿਆਂ ਨੇ ਪਿਛੇ ਛੱਡ ਆਏ ਪੰਜਾਬ ਦੀ ਝਲਕ ਦੇ ਨਜ਼ਾਰੇ ਇਕ ਵਾਰ ਫਿਰ

(ਬਾਕੀ ਸਫਾ 8 ਤੇ)

KSR AUTO REPAIR
Complete Auto Repair
Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager

50 % Off
On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674


SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
(209-373-3562)
MANDEEP SANDHU
msandhu2014@gmail.com
Note: I am not an Immigration Attorney.
3222 PENELOPE DR.
STOCKTON, CA- 95212
(NEAR HWY 99 ON MORADA LANE)

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing

Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh


MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ

ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

# 209-263-0860

3244 W. Grant Line Rd., Tracy, CA 95304



ਮਨਦੀਪ ਬਿਆੜਾ
ਏਜੰਟ
209-666-0032



ਜਸਵੀਰ ਕੌਰ
ਬਰੋਕਰ
925-895-8140



ਗਗਨਦੀਪ ਸਿੰਘ
ਏਜੰਟ
925-724-7070



ਹਰਮਨ ਸਿੰਘ
ਏਜੰਟ
510-415-8154

# Continental



**Truck, Trailer Repair & Tyre Servicse**

ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ। ਹੋਰ ਵਧੇਰੇ ਜਾਣਕਾਰੀ ਲਈ ਸਾਨੂੰ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।




**Bhajji Gill**
**510-277-6315**

**Chain Gill**
**510-542-1181**



ਭੱਜੀ ਗਿੱਲ ਅਤੇ ਚੈਨ ਗਿੱਲ ਆਪਣੇ ਸਟਾਫ ਦੇ ਨਾਲ

## 42400 Boyce Rd., Unite F, Fremont, CA 94538

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ)

ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

**ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਸਮੂਹ ਸੰਗਤ ਅਤੇ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਖਾਲਸਾ ਸਿਰਜਣਾ ਦਿਵਸ ਦੀਆਂ ਲੱਖ-ਲੱਖ ਵਧਾਈਆਂ**



ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਵਿਖੇ ਖਾਲਸਾ ਪੰਥ ਦਾ 317ਵਾਂ ਸਿਰਜਣਾ ਦਿਵਸ 26 ਅਪ੍ਰੈਲ 2015 ਦਿਨ ਐਤਵਾਰ ਨੂੰ ਬੜੀ ਧੂੰਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਮਾਰਚ ਮਹੀਨੇ ਕੱਢੇ ਗਏ ਸਫਲਤਾ ਪੂਰਵਕ ਨਗਰ ਕੀਰਤਨ ਦੇ ਸ਼ੁਕਰਾਨੇ ਵਜੋਂ ਵੀ ਇਹ ਦਿਨ ਮਨਾਇਆ ਜਾ ਰਿਹਾ ਹੈ। 24 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਦਿਨ ਐਤਵਾਰ 26 ਅਪ੍ਰੈਲ ਨੂੰ ਭੋਗ ਪਾਏ ਜਾਣਗੇ। ਇਸ ਦਿਨ ਮਸ਼ਹੂਰ ਕਥਾਵਾਚਕ ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲੇ ਅਤੇ ਹੋਰ ਮਸ਼ਹੂਰ ਰਾਗੀ ਜਥੇ ਵੀ ਪਹੁੰਚ ਰਹੇ ਹਨ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਮੂਹ ਸੰਗਤ ਨੂੰ ਗੁਰੂ ਘਰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

**ਚੇਅਰਮੈਨ ਜਸਵਿੰਦਰ ਬੰਗਾ (916-796-5003)**

**ਹੋਰ ਜਾਣਕਾਰੀ ਲਈ ਗੁਰੂ ਘਰ ਸੰਪਰਕ ਕਰੋ:**
**916-992-1710**

ਜਾਰੀ ਕਰਤਾ- ਸ੍ਰੀ ਗੁਰੂ ਰਵਿਦਾਸ ਸਭਾ ਸੈਕਾਰਮੈਂਟੋ ਤੇ ਸਮੂਹ ਸੰਗਤ

**6221-16th Street Rio Linda (Sacramento) California- 95673**



# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

**Buy Quality Used Trucks**

ਸਾਡੇ ਕੋਲ ਟਰੱਕ, ਟਰੇਲਰ ਖਰੀਦਣ ਵੇਚਣ ਅਤੇ ਲੋਨ ਕਰਾਉਣ ਲਈ ਮਿਲੋ।
ਅਸੀਂ ਆਪ ਜੀ ਦੀ ਪੂਰੀ ਸਹਾਇਤਾ ਕਰਾਂਗੇ।

**Call : Dharminder Singh**
Cell : 530-870-6600





Email: myfuturetruck@gmail.com
2535 Front St. West Sacramento, CA 95691
Cell : 530-870-6600
Fax : 530-405-1429

# ਭੂਮੀ ਗ੍ਰਹਿਣ ਆਰਡੀਨੈਂਸ ਦੇ ਮੁੱਦੇ 'ਤੇ ਕਾਂਗਰਸ ਨੇ ਘੇਰਿਆ ਖੇਤੀ ਮੰਤਰੀ

**ਨਵੀਂ ਦਿੱਲੀ–** ਭੂਮੀ ਗ੍ਰਹਿਣ ਆਰਡੀਨੈਂਸ ਦੇ ਮੁੱਦੇ 'ਤੇ ਸਰਕਾਰ ਵਿਰੁੱਧ ਹਮਲਾਵਰ ਰੁਖ਼ ਧਾਰੀ ਬੈਠੀ ਕਾਂਗਰਸ ਨੇ ਅੱਜ ਕੇਂਦਰੀ ਖੇਤੀਬਾੜੀ ਮੰਤਰੀ ਰਾਧਾ ਮੋਹਨ ਸਿੰਘ ਉਤੇ ਦੋਸ਼ ਲਾਇਆ ਕਿ ਉਹ ਬੇਮੌਸਮੀ ਮੀਂਹਾਂ ਕਾਰਨ ਖ਼ਰਾਬ ਫ਼ਸਲਾਂ ਵਾਲੇ ਰਕਬੇ ਦੇ ਮੁੱਦੇ ਉਤੇ ਸਦਨ ਨੂੰ ਗੁਮਰਾਹ ਕਰ ਰਹੇ ਹਨ। ਪਾਰਟੀ ਨੇ ਕਿਹਾ ਕਿ ਉਹ ਇਸ ਮੁੱਦੇ 'ਤੇ ਮੰਤਰੀ ਵਿਰੁੱਧ ਸਦਨ ਦੀ ਮਰਿਆਦਾ ਦੀ ਉਲੰਘਣਾ ਦਾ ਨੋਟਿਸ ਦੇਣ 'ਤੇ ਵਿਚਾਰ ਕਰ ਰਹੀ ਹੈ।

ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਖ਼ਰਾਬ ਫ਼ਸਲਾਂ ਦੇ ਰਕਬੇ ਸਬੰਧੀ ਸਰਕਾਰ ਵੱਲੋਂ ਵੱਖ ਵੱਖ ਅੰਕੜੇ ਦੇਣ ਦਾ ਮੁੱਦਾ ਲੋਕ ਸਭਾ ਵਿੱਚ ਉਠਾਉਣ ਮਗਰੋਂ ਪਾਰਟੀ ਨੇ ਅੱਜ ਕਿਹਾ ਕਿ ਰਾਧਾ ਮੋਹਨ ਸਿੰਘ ਇਸ ਵਿਸ਼ੇ ਉਤੇ ਗਲਤ ਬਿਆਨਬਾਜ਼ੀ ਕਰ ਰਹੇ ਹਨ। ਰਾਹੁਲ ਗਾਂਧੀ ਵੱਲੋਂ ਕੇਂਦਰ ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਇਸ ਨੂੰ 'ਸੂਟ–ਬੂਟ' ਵਾਲੀ ਸਰਕਾਰ ਦੱਸਣ ਵਾਲੀ ਟਿੱਪਣੀ ਨਾਲ ਸੁਰ ਮਿਲਾਉਂਦਿਆਂ ਕਾਂਗਰਸ ਦੇ ਸੀਨੀਅਰ ਬੁਲਾਰੇ ਸ਼ਕੀਲ ਅਹਿਮਦ ਨੇ ਕਿਹਾ, ''ਸ੍ਰੀ ਮੋਦੀ ਐਂਡ ਕੰਪਨੀ ਤੇ ਉਨ੍ਹਾਂ ਦੀ ਸੂਟ–ਬੂਟ ਵਾਲੀ ਸਰਕਾਰ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਰਾਹੁਲ ਗਾਂਧੀ ਨੇ ਕੱਲ ਖੇਤੀਬਾੜੀ ਖੇਤਰ ਦੇ ਸੰਕਟ ਤੇ ਫ਼ਸਲਾਂ ਦੇ ਖ਼ਰਾਬੇ ਬਾਰੇ ਸਰਕਾਰ ਦੇ ਅੰਕੜਿਆਂ ਉਤੇ ਸਵਾਲ ਉਠਾਏ ਸਨ। ਇਸ ਉਤੇ ਖੇਤੀਬਾੜੀ ਮੰਤਰੀ ਨੇ ਦਖ਼ਲ ਦੇ ਕੇ ਲੋਕਾਂ ਨੂੰ ਗੁਮਰਾਹ ਕੀਤਾ। ਇਹ ਸੰਸਦ ਦੀ ਮਰਿਆਦਾ ਦੀ ਸਪੱਸ਼ਟ ਉਲੰਘਣਾ ਹੈ।''

ਕਾਂਗਰਸ ਦਾ ਸੰਸਦੀ ਦਲ ਹੁਣ ਲੋਕ ਸਭਾ ਕਾਰਜਪ੍ਰਣਾਲੀ ਦੇ ਨਿਯਮ 222 ਅਧੀਨ ਰਾਧਾ ਮੋਹਨ ਸਿੰਘ ਵਿਰੁੱਧ ਮਰਿਆਦਾ ਦੀ ਉਲੰਘਣਾ ਦਾ ਨੋਟਿਸ ਦੇਣ ਬਾਰੇ ਫੈਸਲਾ ਕਰੇਗਾ। ਪਾਰਟੀ ਵੱਲੋਂ ਖੇਤੀਬਾੜੀ ਮੰਤਰੀ ਉਤੇ ਮੁੱਖ ਦੋਸ਼ ਇਹੀ ਲਾਇਆ ਜਾ ਰਿਹਾ ਹੈ ਕਿ ਉਨ੍ਹਾਂ ਕੱਲ ਕਿਹਾ ਸੀ ਕਿ ਬੇਮੌਸਮੀ ਬਾਰਸ਼ਾਂ ਕਾਰਨ ਖ਼ਰਾਬੇ ਬਾਰੇ ਸੂਬਾਈ ਅਧਿ–ਕਾਰੀਆਂ ਤੋਂ ਫੋਨ ਉਤੇ ਲਈ ਜਾਣਕਾਰੀ ਮੁਤਾਬਕ 181 ਲੱਖ ਹੈਕਟੇਅਰ ਰਕਬੇ ਵਿੱਚ ਫ਼ਸਲਾਂ ਨੂੰ ਨੁਕਸਾਨ ਪੁੱਜਿਆ, ਜਦੋਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸੂਬਿਆਂ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਹਾਸਲ ਕੀਤੇ ਵੇਰਵਿਆਂ ਅਨੁਸਾਰ 80 ਲੱਖ ਹੈਕਟੇਅਰ ਵਿੱਚ ਨੁਕਸਾਨ ਦਾ ਅਨੁਮਾਨ ਲਾਇਆ ਗਿਆ। ਪਿੱਛੋਂ ਸਰਕਾਰ ਨੇ ਕਿਹਾ ਕਿ ਸੂਬਿਆਂ ਵੱਲੋਂ ਦਿੱਤੀ ਸੂਚਨਾ ਮੁਤਾਬਕ 93.81 ਲੱਖ ਹੈਕਟੇਅਰ ਰਕਬੇ ਵਿੱਚ ਫ਼ਸਲਾਂ ਨੂੰ ਨੁਕਸਾਨ ਪੁੱਜਿਆ।

# ਅਮਰੀਕੀ ਯੂਨੀਵਰਸਿਟੀ 'ਚ ਸਨਮਾਨਤ ਕੀਤੇ ਜਾਣਗੇ ਦੋ ਭਾਰਤੀ



**ਲਖਨਊ–** ਕੇਂਦਰੀ ਖੁਰਾਕ ਅਤੇ ਜਨਤਕ ਵੰਡ ਮੰਤਰੀ ਰਾਮਵਿਲਾਸ ਪਾਸਵਾਨ ਨੇ ਕਿਹਾ ਕਿ ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਦੇ ਮਸਲੇ ਤੇ ਜਲਦੀ ਹੀ ਕੇਂਦਰ ਸਰਕਾਰ ਸੰਵਿਧਾਨ ਸੋਧ ਬਿਲ ਲੈ ਕੇ ਆਵੇਗੀ। ਹੁਣ ਇਹ ਬਿਲ ਸਟੈਂਡਿੰਗ ਕਮੇਟੀ ਦੇ ਕੋਲ ਹੈ। ਉਥੋਂ ਆਉਣ ਤੋਂ ਬਾਅਦ ਕੇਂਦਰ ਇਸਨੂੰ ਸੰਸਦ ਵਿਚ ਪਾਸ ਕਰਵਾਏਗੀ। ਇਸ ਤੋਂ ਪਹਿਲਾਂ ਵੀ ਰਿਜ਼ਰਵੇਸ਼ਨ ਦੇ ਮਸਲੇ ਤੇ ਤਿੰਨ ਵਾਰ ਸੰਵਿਧਾਨਕ ਸੋਧਾਂ ਕੀਤੀਆਂ ਜਾ ਚੁੱਕੀਆਂ ਹਨ।

ਉਹਨਾਂ ਕਿਹਾ ਕਿ ਯੂ. ਪੀ. ਏ. ਦੀ ਸਰਕਾਰ ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਦੇ ਲਈ ਸੰਵਿਧਾਨਕ ਸੋਧ ਨਹੀਂ ਕਰ ਸਕੀ ਸੀ। ਉਸ ਵਕਤ ਮੁਲਾਇਮ ਸਿੰਘ ਯਾਦਵ ਨੇ ਹੀ ਵਿਰੋਧ ਕਰ ਦਿੱਤਾ ਸੀ। ਪਰ ਹੁਣ ਅਸੀਂ ਇਸਨੂੰ ਪਾਸ ਕਰਵਾਵਾਂਗੇ। ਸੰਵਿਧਾਨਕ ਸੋਧ ਤੋਂ ਬਾਅਦ ਪ੍ਰਮੋਸ਼ਨ ਵਿਚ ਵੀ ਐਸ. ਸੀ. ਅਤੇ ਐਸ. ਟੀ. ਦੇ ਕਰਮਚਾਰੀਆਂ ਨੂੰ ਰਿਜ਼ਰਵੇਸ਼ਨ ਦਾ ਲਾਭ ਮਿਲ ਜਾਵੇਗਾ।

# ਪਾਕਿਸਤਾਨ ਵਿਸਾਖੀ ਮਨਾਉਣ ਗਿਆ ਪੰਜਾਬ ਦਾ ਇਕ ਪਰਿਵਾਰ ਲਾਪਤਾ ਹੋਇਆ

**ਫਰੀਦਕੋਟ–** ਖੁਦ ਨੂੰ ਪਿੰਡ ਸਾਧਾਂਵਾਲਾ ਦਾ ਵਸਨੀਕ ਦੱਸਣ ਵਾਲਾ ਵਿਅਕਤੀ ਪਰਿਵਾਰ ਸਮੇਤ ਵਿਸਾਖੀ ਮਨਾਉਣ ਲਈ ਜਥੇ ਨਾਲ ਪਾਕਿਸਤਾਨ ਜਾਣ ਤੋਂ ਬਾਅਦ ਵਾਪਸ ਨਹੀਂ ਪਰਤਿਆ ਹੈ। ਜ਼ਿਲ੍ਹਾ ਪ੍ਰਸ਼ਾਸਨ ਅਤੇ ਸੁਰੱਖਿਆ ਏਜੰਸੀਆਂ ਸੁਨੀਲ ਸਿੰਘ (38) ਦਾ ਪਤਾ ਲਾਉਣ 'ਚ ਜੁਟ ਗਈਆਂ ਹਨ। ਅਸਲੀਅਤ ਵਿੱਚ ਸੁਨੀਲ ਸਿੰਘ ਪਿੰਡ ਸਾਧਾਂਵਾਲਾ ਦਾ ਵਸਨੀਕ ਹੀ ਨਹੀਂ ਹੈ ਅਤੇ ਪਿੰਡ ਦੇ ਲੋਕਾਂ ਨੂੰ ਉਸ ਬਾਰੇ ਕੋਈ ਖਾਸ ਜਾਣਕਾਰੀ ਹੈ।

ਸੁਨੀਲ ਸਿੰਘ, ਉਸ ਦੀ ਪਤਨੀ ਸੁਨੀਤਾ ਦੇਵੀ, ਬੇਟੀ ਹੁਮਾ ਕੌਰ ਅਤੇ ਪੁੱਤਰ ਉਮੇਰ ਸਿੰਘ 10 ਦਿਨਾਂ ਦੇ ਵੀਜ਼ੇ 'ਤੇ ਵਿਸਾਖੀ ਮਨਾਉਣ ਲਈ ਪਾਕਿਸਤਾਨ ਗਏ ਸਨ ਪਰੰਤੂ ਸਾਰਾ ਪਰਿਵਾਰ ਸ਼ੱਕੀ ਹਾਲਾਤ ਵਿੱਚ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਲਾਪਤਾ ਹੋ ਗਿਆ। ਪਰਿਵਾਰ ਦਾ ਸਾਰਾ ਸਾਮਾਨ ਅਤੇ ਪਾਸਪੋਰਟ ਡੇਰਾ ਸਾਹਿਬ ਗੁਰਦੁਆਰੇ ਵਿੱਚ ਪਏ ਹਨ। ਪਿੰਡ 'ਚੋਂ ਮਿਲੀ ਜਾਣਕਾਰੀ ਅਨੁਸਾਰ ਸੁਨੀਲ ਸਿੰਘ ਤਿੰਨ ਸਾਲਾਂ ਤੋਂ ਪਿੰਡ ਦੇ ਬਾਹਰਵਾਰ ਧਰਮਸ਼ਾਲਾ ਦੇ ਕਮਰੇ ਵਿੱਚ ਰਹਿ ਰਿਹਾ ਸੀ। ਜ਼ਿਲ੍ਹਾ ਪ੍ਰਸ਼ਾਸਨ ਨੇ ਉਸ ਨੂੰ ਆਧਾਰ, ਰਾਸ਼ਨ ਕਾਰਡ, ਵੋਟਰ ਕਾਰਡ ਅਤੇ ਪਾਸਪੋਰਟ ਜਾਰੀ ਕਰਨ ਦੀ ਲੋੜੀਂਦੀ ਸਿਫਾਰਿਸ਼ ਕੀਤੀ ਹੋਈ ਹੈ। ਇਸ ਰਿਪੋਰਟ ਦੇ ਆਧਾਰ 'ਤੇ ਪਾਸਪੋਰਟ ਦਫ਼ਤਰ ਨੇ ਪਿਛਲੇ ਸਾਲ 25 ਜੁਲਾਈ ਨੂੰ ਸੁਨੀਲ ਸਿੰਘ ਅਤੇ ਉਸ ਦੇ ਪਰਿਵਾਰ ਨੂੰ ਪਾਸਪੋਰਟ ਜਾਰੀ ਕਰ ਦਿੱਤੇ। ਉਸ ਨਾਲ ਮਜ਼ਦੂਰੀ ਕਰਨ ਵਾਲੇ ਨਾਨਕ ਸਿੰਘ ਨੇ ਦੱਸਿਆ ਕਿ ਉਹ ਮਿਹਨਤੀ ਤੇ ਇਮਾਨਦਾਰ ਵਿਅਕਤੀ ਸੀ ਪਰ ਜ਼ਿਆਦਾਤਰ ਚੁੱਪ ਰਹਿੰਦਾ ਸੀ। ਪਿੰਡ ਦੇ ਸਰਪੰਚ ਹਰਜੀਤ ਸਿੰਘ ਨੇ ਸੁਨੀਲ ਨੂੰ ਇਕ ਵਾਰ ਮਿਲਣ ਦੀ ਗੱਲ ਆਖੀ ਹੈ। ਇਕਾਂਤ ਥਾਂ 'ਤੇ ਬਣੀ ਧਰਮਸ਼ਾਲਾ ਫ਼ੌਜੀ ਛਾਉਣੀ ਤੋਂ ਮਹਿਜ਼ ਇਕ ਕਿਲੋਮੀਟਰ ਦੀ ਦੂਰੀ 'ਤੇ ਹੈ। ਸੁਨੀਲ ਸਿੰਘ ਦੇ ਪਰਿਵਾਰ ਨੂੰ ਵੀਜ਼ਾ ਦਿਵਾਉਣ ਵਾਲੇ ਭਾਈ ਮਰਦਾਨਾ ਸੁਸਾਇਟੀ ਦੇ ਆਗੂ ਜਗਜੀਤ ਸਿੰਘ ਭੁੱਲਰ ਨੇ ਕਿਹਾ ਕਿ ਪ੍ਰਸ਼ਾਸਨ ਨੇ ਜਿਹੜੇ ਦਸਤਾਵੇਜ਼ ਸੁਨੀਲ ਸਿੰਘ ਨੂੰ ਮੁਹੱਈਆ ਕਰਵਾਏ ਸਨ, ਉਨ੍ਹਾਂ ਦੇ ਆਧਾਰ 'ਤੇ ਹੀ ਉਸ ਨੂੰ ਵੀਜ਼ਾ ਦਿਵਾਉਣ ਦੀ ਸਿਫਾਰਿਸ਼ ਕੀਤੀ ਗਈ ਸੀ। ਸੁਰੱਖਿਆ ਏਜੰਸੀਆਂ ਨੂੰ ਖ਼ਦਸ਼ਾ ਹੈ ਕਿ ਸੁਨੀਲ ਸਿੰਘ ਭਾਰਤ ਦਾ ਨਾਗਰਿਕ ਹੀ ਨਹੀਂ ਹੈ ਬਲਕਿ ਉਹ ਨਾਮ ਬਦਲ ਕੇ ਜਾਅਲੀ ਦਸਤਾਵੇਜ਼ ਬਣਾਉਣ ਵਿੱਚ ਸਫ਼ਲ ਰਿਹਾ। ਐਸਐਸਪੀ ਚਰਨਜੀਤ ਸਿੰਘ ਨੇ ਕਿਹਾ ਕਿ ਐਸਐਚਓ ਦੀ ਰਿਪੋਰਟ ਮੁਤਾਬਕ ਸੁਨੀਲ ਸਿੰਘ ਅਤੇ ਉਸ ਦਾ ਪਰਿਵਾਰ ਅੱਠ ਸਾਲ ਤੋਂ ਪਿੰਡ ਵਿੱਚ ਰਹਿ ਰਿਹਾ ਸੀ। ਪੁਲੀਸ ਇਸ ਮਾਮਲੇ ਨੂੰ ਜਾਸੂਸੀ ਨਾਲ ਜੁੜਿਆ ਹੋਇਆ ਸਮਝ ਕੇ ਪੜਤਾਲ ਕਰ ਰਹੀ ਹੈ।

# ਆਪ ਨੂੰ ਮਹਿੰਗੀ ਪਈ ਰੈਲੀ- ਕਿਸਾਨ ਨੇ ਕੀਤੀ ਖ਼ੁਦਕੁਸ਼ੀ

**ਨਵੀਂ ਦਿੱਲੀ–** ਇਥੇ 'ਆਪ' ਦੀ ਰੈਲੀ ਦੌਰਾਨ ਇਕ ਕਿਸਾਨ ਨੇ ਖ਼ੁਦਕੁਸ਼ੀ ਕਰ ਲਈ। ਉਸ ਦੀ ਪਛਾਣ ਰਾਜਸਥਾਨ ਵਾਸੀ ਗਜਿੰਦਰ ਸਿੰਘ ਵਜੋਂ ਹੋਈ ਹੈ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਰੈਲੀ ਦੌਰਾਨ ਦੁਪਹਿਰੇ 2 ਵਜੇ ਗਜਿੰਦਰ ਸਿੰਘ ਮੀਡੀਆ ਲਈ ਬਣੀ ਥਾਂ ਨੇੜੇ ਸੱਜੇ ਪਾਸੇ ਖੜਹੇ ਨਿੰਮ ਦੇ ਦਰੱਖ਼ਤ ਉਪਰ ਚੜ੍ਹ ਗਿਆ।

ਉਸ ਨੇ ਆਪਣੇ ਚਿੱਟੇ ਰੰਗ ਦੇ ਸਾਫ਼ੇ ਨੂੰ ਨਿੰਮ ਦੇ ਟਾਹਣੇ ਨਾਲ ਬੰਨ੍ਹ ਲਿਆ। ਪਹਿਲਾਂ ਉਸ ਨੇ ਕੁਝ ਨਾਅਰੇ ਲਾਏ ਤੇ ਫਿਰ ਯਕਦਮ ਲਟਕ ਗਿਆ।

ਉਸ ਨੂੰ ਤੁਰੰਤ ਨੇੜੇ ਦੇ ਰਾਮ ਮਨੋਹਰ ਲੋਹੀਆ ਹਸਪਤਾਲ ਲੈ ਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਸ ਕੋਲੋਂ ਖ਼ੁਦਕੁਸ਼ੀ ਨੋਟ ਵੀ ਬਰਾਮਦ ਹੋਇਆ, ਜਿਸ ਵਿੱਚ ਉਸ ਨੇ ਆਪਣੇ ਪਰਿਵਾਰ ਦਾ ਫੋਨ ਨੰਬਰ ਵੀ ਲਿਖਿਆ ਸੀ।

ਇਸ ਬਾਰੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜੇ ਰਾਜਸਥਾਨ ਸਰਕਾਰ ਉਸ ਕਿਸਾਨ ਨੂੰ ਸਹੀ ਮੁਆਵਜ਼ਾ ਦੇ ਦਿੰਦੀ ਤਾਂ ਸ਼ਾਇਦ ਇਹ ਘਟਨਾ ਨਾ ਵਾਪਰਦੀ।

ਜਦੋਂ ਹਸਪਤਾਲ ਗਏ ਤਾਂ ਉਦੋਂ ਤੱਕ ਡਾਕਟਰਾਂ ਨੇ ਗਜਿੰਦਰ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ।

ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਦਿੱਲੀ ਪੁਲੀਸ ਦੇ ਕਮਿਸ਼ਨਰ ਬੀ.ਐਸ. ਬੱਸੀ ਨੂੰ ਕਿਹਾ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾਵੇ। ਕਮਿਸ਼ਨਰ ਨੇ ਤੁਰੰਤ ਨਵੀਂ ਦਿੱਲੀ ਰੇਂਜ ਦੇ ਸੰਯੁਕਤ ਪੁਲੀਸ ਕਮਿਸ਼ਨਰ ਨੂੰ ਜਾਂਚ ਲਈ ਕਹਿ ਦਿੱਤਾ।

ਇਸ ਮੁੱਦੇ 'ਤੇ ਸਿਆਸੀ ਦੂਸ਼ਣਬਾਜ਼ੀ ਵੀ ਸ਼ੁਰੂ ਹੋ ਗਈ ਹੈ। 'ਆਪ' ਤੇ ਭਾਜਪਾ ਵੱਲੋਂ ਇਕ ਦੂਜੇ ਉਤੇ ਦੋਸ਼ ਲਾਏ ਜਾ ਰਹੇ ਹਨ।

ਕਾਂਗਰਸ ਨੇ ਗਜਿੰਦਰ ਸਿੰਘ ਦੀ ਮੌਤ ਲਈ 'ਆਪ' ਤੇ 'ਭਾਜਪਾ' ਦੋਵਾਂ ਉਤੇ ਨਿਸ਼ਾਨਾ ਸਾਧਿਆ।

# ਹਿਊਸਟਨ ਦੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਗੁਰਦੁਆਰੇ 'ਚ ਲੱਗੀ ਅੱਗ



**ਹਿਊਸਟਨ–** ਟੈਕਸਾਸ ਸੂਬੇ ਵਿਚ ਸਥਿਤ ਸ਼੍ਰੀ ਗੁਰੂ ਰਵੀਦਾਸ ਜੀ ਦੇ ਗੁਰ–ਦੁਆਰੇ ਵਿਚ ਅੱਗ ਲੱਗਣ ਨਾਲ ਹੜਕੰਪ ਮਚ ਗਿਆ। ਇਸ ਅੱਗ ਨਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਕਾਫੀ ਨੁਕਸਾਨ ਪਹੁੰਚਿਆ।

ਫਾਇਰ ਬ੍ਰਿਗੇਡ ਦੇ ਅਧਿਕ–ਾਰੀਆਂ ਨੇ ਦੱਸਿਆ ਕਿ ਇਹ ਅੱਗ ਬੁੱਧਵਾਰ ਰਾਤ 9 ਵਜੇ ਲੱਗੀ। ਹਾਲਾਂਕਿ ਇਸ ਘਟਨਾ ਵਿਚ ਕੋਈ ਜ਼ਖਮੀ ਨਹੀਂ ਹੋਇਆ ਹੈ। ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਗਾਇਆ ਜਾਣਾ ਬਾਕੀ ਹੈ। ਜ਼ਿਕਰਯੋਗ ਹੈ ਕਿ ਇਸ ਇਲਾਕੇ ਵਿਚ ਕਈ ਗੁਰਦੁਆਰੇ ਹਨ। ਵਿਸਾਖੀ ਦੇ ਮੱਦੇਨਜ਼ਰ ਇਸ ਗੁਰਦੁਆਰੇ ਵਿਚ ਵੀ ਲੋਕ ਕੀਰਤਨ ਸੁਣਨ ਲਈ ਆ ਰਹੇ ਸਨ।

# ਬੈਂਸ ਅਤੇ ਸਮਰਥਕਾਂ ਦੀ ਜ਼ਮਾਨਤ ਅਰਜ਼ੀ 'ਤੇ ਸਰਕਾਰ ਨੂੰ ਨੋਟਿਸ



**ਲੁਧਿਆਣਾ–** ਟੀਮ ਇਨਸਾਫ਼ ਦੇ ਮੋਢੀ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਦਾਇਰ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਦੌਰਾਨ ਐਡੀਸ਼ਨਲ ਸੈਸ਼ਨ ਜੱਜ ਨੇ ਸਰਕਾਰ ਨੂੰ ਨੋਟਿਸ ਜਾਰੀ ਕਰਕੇ 24 ਅਪਰੈਲ ਨੂੰ ਰਿਕਾਰਡ ਪੇਸ਼ ਕਰਨ ਨੂੰ ਕਿਹਾ ਹੈ।

ਬੈਂਸ ਭਰਾਵਾਂ ਦੇ ਵਕੀਲ ਜਗ–ਮੋਹਨ ਸਿੰਘ ਬੜੈਂਚ ਨੇ ਕਿਹਾ ਕਿ ਹੁਣ ਇਸ ਮਾਮਲੇ ਵਿੱਚ 24 ਅਪਰੈਲ ਨੂੰ ਅਗਲੀ ਕਾਰਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਵਿਧਾਇਕ ਬਲਵਿੰਦਰ ਸਿੰਘ ਬੈਂਸ 107K51 ਦੇ ਮਾਮਲੇ ਵਿੱਚ ਪੁਲੀਸ ਵੱਲੋਂ ਜ਼ਮਾਨਤ ਦੇਣ ਲਈ ਸ਼ਹਿਰ ਦੇ ਤਿੰਨ ਨਾਮੀ ਵਿਅਕਤੀਆਂ ਦੇ ਜ਼ਮਾਨਤ ਬਾਂਡ ਭਰਨ ਦੀ ਸ਼ਰਤ ਖ਼ਿਲਾਫ਼ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਜਲਦੀ ਹੀ ਪਟੀਸ਼ਨ ਦਾਇਰ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਬੈਂਸ ਭਰਾਵਾਂ ਨੇ ਰੇਤ ਮਾਫ਼ੀਆ ਖ਼ਿਲਾਫ਼ 20 ਅਪਰੈਲ ਤੋਂ ਸੱਤਿਆਗ੍ਰਹਿ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ ਪਰ ਟੀਮ ਇਨਸਾਫ਼ ਨੇ 17 ਅਪਰੈਲ ਨੂੰ ਹੀ ਪੁਲੀਸ ਨੂੰ ਚਕਮਾ ਦਿੰਦੇ ਹੋਏ ਆਪਣਾ ਅੰਦੋਲਨ ਸ਼ੁਰੂ ਕਰ ਦਿੱਤਾ। ਇਸ 'ਤੇ ਪੁਲੀਸ ਨੇ ਹੋਟਲ ਨਾਗਪਾਲ ਦੇ ਸਾਹਮਣੇ ਤੋਂ ਵਿਧਾਇਕ ਬਲਵਿੰਦਰ ਸਿੰਘ ਬੈਂਸ ਅਤੇ ਪਿੰਡ ਚੂਹੜਵਾਲ ਦੀ ਰੇਤ ਖੱਡ ਤੋਂ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ।

18 ਅਪਰੈਲ ਨੂੰ ਬੈਂਸ ਭਰਾਵਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਅਦਾਲਤ 'ਚ ਪੇਸ਼ ਕਰਕੇ ਪੰਜਾਬ ਦੀਆਂ ਵੱਖ–ਵੱਖ ਜੇਲ੍ਹਾਂ 'ਚ ਭੇਜ ਦਿੱਤਾ ਤੇ ਨਾਲ ਹੀ ਸਿਮਰਜੀਤ ਸਿੰਘ ਬੈਂਸ ਅਤੇ ਉਨ੍ਹਾਂ ਦੇ ਸਮਰਥਕਾਂ 'ਤੇ ਕਤਲ ਦੀ ਕੋਸ਼ਿਸ਼ ਦਾ ਇੱਕ ਹੋਰ ਕੇਸ ਦਰਜ ਕਰ ਦਿੱਤਾ। ਇਸ ਤੋਂ ਬਾਅਦ 20 ਅਪਰੈਲ ਨੂੰ ਬੈਂਸ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਰਿਹਾਈ ਲਈ ਉਨ੍ਹਾਂ ਦੇ ਵਕੀਲ ਜਗਮੋਹਨ ਸਿੰਘ ਨੇ ਜ਼ਮਾਨਤ ਅਰਜ਼ੀ ਲਾਈ ਸੀ। ਇਸ ਅਰਜ਼ੀ 'ਤੇ ਸੁਣਵਾਈ ਕਰਦੇ ਹੋਏ ਅਦਾਲਤ ਨੇ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ।

ਵਕੀਲ ਨੇ ਕਿਹਾ ਕਿ ਬਲਵਿੰਦਰ ਸਿੰਘ ਬੈਂਸ ਨੂੰ 107K51 ਦੇ ਮਾਮਲੇ 'ਚ ਪੁਲੀਸ ਦੀ ਸ਼ਰਤ ਖ਼ਿਲਾਫ਼ ਹਾਈ ਕੋਰਟ ਵਿੱਚ ਰਿੱਟ ਲਾਈ ਜਾਵੇਗੀ।

# ਹਰਿਮੰਦਰ ਸਾਹਿਬ ਦੀ ਹੇਠਲੀ ਮੰਜ਼ਿਲ 'ਤੇ ਕੰਧ ਕਲਾ ਦਾ ਕੰਮ ਸ਼ੁਰੂ

**ਅੰਮ੍ਰਿਤਸਰ–** ਹਰਿਮੰਦਰ ਸਾਹਿਬ ਵਿਖੇ ਪਹਿਲੀ ਮੰਜ਼ਿਲ ਅਤੇ ਹੇਠਲੀ ਮੰਜ਼ਿਲ 'ਤੇ ਹੋਈ ਕੰਧ ਕਲਾ, ਮੀਨਾਕਾਰੀ ਤੇ ਸੋਨੇ ਦੀ ਨਿਕਾਸ਼ੀ ਆਦਿ ਦੀ ਸਾਂਭ–ਸੰਭਾਲ ਦੀ ਚਲ ਰਹੀ ਸੇਵਾ ਦੌਰਾਨ ਮਾਹਿਰਾਂ ਨੇ ਪਹਿਲੀ ਮੰਜ਼ਿਲ ਦਾ ਕੰਮ ਲਗਪਗ ਮੁਕੰਮਲ ਕਰ ਲਿਆ ਹੈ ਤੇ ਹੁਣ ਹੇਠਲੀ ਮੰਜ਼ਿਲ 'ਤੇ ਸੋਨੇ ਦੀ ਸਾਂਭ–ਸੰਭਾਲ ਦੀ ਸੇਵਾ ਸ਼ੁਰੂ ਕੀਤੀ ਹੈ। ਸਲਾਬ ਕਾਰਨ ਸਚਖੰਡ 'ਚ ਕਈ ਥਾਵਾਂ ਤੋਂ ਸੋਨੇ ਦੇ ਪੱਤਰੇ ਉਖੜ ਚੁੱਕੇ ਹਨ। ਇਸ ਦੀ ਸਾਂਭ–ਸੰਭਾਲ ਵਿੱਚ ਛੇ ਮਹੀਨੇ ਤੋਂ ਵਧੇਰੇ ਦਾ ਸਮਾਂ ਲੱਗੇਗਾ, ਕਿਉਂਕਿ ਸੱਚਖੰਡ ਵਿਖੇ ਵਧੇਰੇ ਸਮਾਂ ਗੁਰਬਾਣੀ ਦਾ ਕੀਰਤਨ ਅਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਰਹਿੰਦਾ ਹੈ। ਇਸ ਕਾਰਨ ਸੇਵਾ ਧੀਮੀ ਗਤੀ ਨਾਲ ਹੋਵੇਗੀ। ਮਾਹਿਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਸ ਹਿੱਸੇ ਵਿੱਚ ਸੋਨੇ ਦਾ ਕੰਮ ਕਈ ਥਾਵਾਂ ਤੋਂ ਵਧੇਰੇ ਪ੍ਰਭਾਵਿਤ ਹੋ ਚੁੱਕਿਆ ਹੈ। ਇਸ ਦੀ ਸੰਭਾਲ ਵਿੱਚ ਵਧੇਰੇ ਸਮਾਂ ਲੱਗ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਥਾਂ 'ਤੇ ਵਧੇਰੇ ਸੇਵਾ ਰਾਤ ਦੇ ਸਮੇਂ ਹੀ ਕੀਤੀ ਜਾਵੇਗਾ, ਕਿਉਂਕਿ ਦਿਨ ਵੇਲੇ ਸੰਗਤਾਂ ਦੀ ਆਮਦ ਰਹਿੰਦੀ ਹੈ। ਪਹਿਲੀ ਮੰਜ਼ਿਲ 'ਤੇ ਕੰਮ 90 ਫ਼ੀਸਦੀ ਹੋ ਚੁੱਕਿਆ ਹੈ। ਇਸ ਵਿੱਚ ਵਧੇਰੇ ਕੰਧ ਕਲਾ ਦੀ ਸਾਂਭ–ਸੰਭਾਲ ਦਾ ਸੀ। ਇੱਥੇ ਮਾਹਿਰਾਂ ਵੱਲੋਂ ਪੁਰਾਤਨ ਕੰਧ ਕਲਾ ਨੂੰ ਸਾਂਭਣ ਦਾ ਕੰਮ ਕੀਤਾ ਗਿਆ ਹੈ। ਜਿੱਥੇ ਕੰਧ ਕਲਾ ਵਧੇਰੇ ਪ੍ਰਭਾਵਿਤ ਹੋ ਚੁੱਕੀ ਸੀ, ਸਿਰਫ਼ ਉਸ ਥਾਂ 'ਤੇ ਹੀ ਨਵੇਂ ਸਿਰਿਉਂ ਬਣਾਉਣ ਦਾ ਯਤਨ ਕੀਤਾ ਗਿਆ ਹੈ। ਕੰਧਾਂ ਅਤੇ ਛੱਤਾਂ ਉਪਰ ਹੋਇਆ ਸੋਨੇ ਦਾ ਕੰਮ ਵੀ ਲਗਪਗ ਮੁਕੰਮਲ ਹੋ ਚੁੱਕਿਆ ਹੈ, ਜਦੋਂਕਿ ਹਰਿ ਕੀ ਪਉੜੀ ਵਾਲੀ ਥਾਂ ਦੀ ਛੱਤ ਤੇ ਪਉੜੀਆਂ ਦੀਆਂ ਛੱਤਾਂ ਦਾ ਕੰਮ ਹੋਣ ਵਾਲਾ ਬਾਕੀ ਹੈ।



ਵੇਰਵਿਆਂ ਅਨੁਸਾਰ ਪਿਛਲੇ ਚਾਰ ਮਹੀਨਿਆਂ ਤੋਂ ਸੋਨੇ ਦੀ ਨਿਕਾਸ਼ੀ ਲਈ ਵਰਤਿਆ ਜਾ ਰਿਹਾ ਸੋਨੇ ਦਾ ਰੰਗ ਜੋ ਵਿਦੇਸ਼ ਤੋਂ ਮੰਗਵਾਇਆ ਜਾਂਦਾ ਹੈ, ਦੇ ਨਾ ਆਉਣ ਕਾਰਨ ਕੰਮ ਦਾ ਇਹ ਹਿੱਸਾ ਲਟਕਿਆ ਹੋਇਆ ਹੈ। ਇਸ ਦੌਰਾਨ ਪਹਿਲੀ ਮੰਜ਼ਿਲ ਦੀਆਂ ਕੁਝ ਪਉੜੀਆਂ ਵਿੱਚ ਵੀ ਕੰਧ ਕਲਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਸ ਤੋਂ ਪਹਿਲਾਂ ਕਾਰ ਸੇਵਾ ਵਾਲੇ ਬਾਬਿਆਂ ਨੇ ਇੱਕ ਪਉੜੀ ਦੀ ਛੱਤ ਵਿੱਚ ਤਾਂ ਟਾਇਲਾਂ ਲਾ ਦਿੱਤੀਆਂ ਪਰ ਬਾਕੀ ਥਾਵਾਂ 'ਤੇ ਕੰਧ ਕਲਾ ਨੂੰ ਨਵੇਂ ਸਿਰਿਉਂ ਕਰਨ ਦੀ ਲੋੜ ਹੈ। ਪਹਿਲੀ ਮੰਜ਼ਿਲ 'ਤੇ ਕੰਧਾਂ 'ਤੇ ਹੋਈ ਕੰਧ ਕਲਾ ਨੂੰ ਬਚਾਉਣ ਲਈ ਪ੍ਰਬੰਧਕਾਂ ਵੱਲੋਂ ਸ਼ੀਸ਼ੇ ਲਾ ਦਿੱਤੇ ਗਏ ਹਨ ਤਾਂ ਜੋ ਸੰਗਤਾਂ ਦੇ ਹੱਥ ਨਾ ਲੱਗਣ ਅਤੇ ਕੰਧ ਕਲਾ ਨੂੰ ਬਚਾਇਆ ਜਾ ਸਕੇ ਪਰ ਸ਼ੀਸ਼ੇ ਲਾਉਣ ਸਮੇਂ ਕੰਧ ਅਤੇ ਸ਼ੀਸ਼ਿਆਂ ਵਿਚਾਲੇ ਜਗ੍ਹਾ ਛੱਡ ਦਿੱਤੀ ਗਈ। ਇਸ ਕਾਰਨ ਇਸ ਵਿੱਚ ਹਵਾ ਦਾਖ਼ਲ ਹੋਣ ਨਾਲ ਸਲਾਬ ਜਾਂਦੀ ਰਹੀ ਹੈ ਤੇ ਉਸਨੇ ਕੰਧ ਕਲਾ ਨੂੰ ਖ਼ਰਾਬ ਕਰ ਦਿੱਤਾ। ਇਹ ਸੇਵਾ ਸ਼ੁਰੂ ਕਰਨ ਤੋਂ ਪਹਿਲਾਂ ਮਾਹਿਰਾਂ ਵੱਲੋਂ ਇਥੇ ਹੋਈ ਕੰਧ ਕਲਾ, ਨਿਕਾਸ਼ੀ ਤੇ ਮੀਨਾਕਾਰੀ ਆਦਿ ਦੀ ਫੋਟੋਗ੍ਰਾਫੀ ਤੇ ਵੀਡਿਓ–ਗ੍ਰਾਫੀ ਕਰਕੇ ਇਸ ਨੂੰ ਸੰਭਾਲ ਲਿਆ ਗਿਆ ਸੀ ਤਾਂ ਜੋ ਇਨ੍ਹਾਂ ਨੂੰ ਦੇਖ ਕੇ ਅਗਾਂਹ ਕੰਮ ਕੀਤਾ ਜਾ ਸਕੇ। ਦੱਸਣਯੋਗ ਹੈ ਕਿ ਹਰਿਮੰਦਰ ਸਾਹਿਬ ਦੇ ਅੰਦਰ ਤੇ ਬਾਹਰ ਸੋਨੇ ਦੀ ਨਿਕਾਸ਼ੀ, ਕੰਧ ਕਲਾ, ਮੀਨਾਕਾਰੀ ਤੇ ਹੋਰ ਕੰਮ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਹੋਇਆ ਸੀ। ਇਸ ਵਿੱਚੋਂ ਬਾਹਰੀ ਸੋਨੇ ਦੀ ਸੇਵਾ ਪਹਿਲਾਂ ਵੀ ਹੋ ਚੁੱਕੀ ਹੈ, ਜਦੋਂਕਿ ਸੱਚਖੰਡ ਦੇ ਅੰਦਰ ਸੋਨੇ ਦੀ ਸਾਂਭ–ਸੰਭਾਲ ਦਾ ਕੰਮ ਕਦੇ ਨਹੀਂ ਹੋਇਆ ਹੈ। ਹੁਣ ਇਹ ਸੇਵਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

# ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਖਾਲਸੇ ਦਾ ਅਵਤਾਰ ਪੁਰਬ ਧੂਮ ਧਾਮ ਨਾਲ ਮਨਾਇਆ

## ਪਰਵਾਸੀ ਭਾਰਤੀਆਂ ਨੇ ਦੇਸ਼ ਦਾ ਨਾਮ ਰੌਸ਼ਨ ਕੀਤਾ-ਜੇਤਲੀ, ਪਰਵਾਸੀ ਭਾਰਤੀਆਂ ਦੀਆਂ ਪਰਾਪਤੀਆਂ ਉਪਰ ਦੇਸ਼ ਨੂੰ ਮਾਣ-ਜਾਵੇਦਕਰ ਮਨੁਖਤਾ ਦੀ ਸੇਵਾ ਹੀ ਸੱਚਾ ਸੁਚਾ ਧਰਮ-ਸੰਧੂ, ਮੋਦੀ ਸਰਕਾਰ ਵਲੋਂ ਪਰਵਾਸੀ ਭਾਰਤੀਆਂ ਦੀ ਭਲਾਈ ਕੀਤੇ ਜਾ ਰਹੇ ਯਤਨ ਸ਼ਲਾਘਾਯੋਗ-ਜੈਸੀ ਸਿੰਘ

**ਵਸ਼ਿੰਗਟਨ ਡੀ.ਸੀ (ਸ: ਸ: ਚਾਹਲ)-** ਦੇਸ਼ ਵਿਦੇਸ਼ ਦੇ ਵੱਖ ਵੱਖ ਸ਼ਹਿਰਾਂ ਤੋਂ ਪਰਾਪਤ ਹੋਈਆਂ ਖਬਰਾਂ ਅਨੁਸਾਰ ਵੱਖ ਵੱਖ ਸੰਸਥਾਵਾਂ ਵਲੋਂ ਖਾਲਸੇ ਦਾ ਅਵਤਾਰ ਪੁਰਬ ਤੇ ਵਿਸਾਖੀ ਦੇ ਮੌਕੇ ਤੇ ਸ਼ਾਂਨਦਾਰ ਸਮਾਗਮ ਕੀਤੇ ਗਏ ਜਿਸ ਵਿਚ ਸਿਖ



ਸਮਾਗਮ ਨੂੰ ਸੰਬੋਧਨ ਕਰਦੇ ਹੋਏ ਖੱਬੇ ਤੋਂ ਸੱਜੇ ਵਿਤ ਮੰਤਰੀ ਅਰੁਣ ਜੇਤਲੀ, ਵਾਤਾਵਰਣ ਮੰਤਰੀ ਪਰਕਾਸ਼ ਜਾਵੇਦਕਰ, ਐਕਟਿੰਗ ਰਾਜਦੂਤ ਤਰਨਜੀਤ ਸਿੰਘ ਸੰਧੂ, ਬਰਿ.ਅਸ਼ੋਕ ਢੀਂਗਰਾ, ਡਾ.ਮਨਮੋਹਨ ਸਿੰਘ ਕੁਮਾਰ, ਬਲਜਿੰਦਰ (ਸਮੀ) ਸਿੰਘ ਬਾਲਟੀਮੋਰ ਤੇ ਰਾਜ ਨਿਜਰ

ਸੰਗਤਾਂ ਤੋਂ ਇਲਾਵਾ ਦੂਸਰੇ ਧਰਮ ਦੇ ਲੋਕਾਂ ਨੇ ਬੜੀ ਭਾਰੀ ਗਿਣਤੀ ਵਿਚ ਭਾਗ ਲਿਆ।ਇਸੇ ਤਰਾਂ ਹਰ ਸਾਲ ਵਾਂਗ ਇਸ ਸਾਲ ਵੀ ਭਾਰਤੀ ਸਫਾਰਤਖਾਨੇ ਵਲੋਂ ਬੜਾ ਭਾਰੀ ਸਮਾਗਮ ਕੀਤਾ ਗਿਆ ਜਿਸ ਵਿਚ ਇਕੱਤਰ ਹੋਏ ਲੋਕਾਂ ਨੂੰ ਹੋਰਨਾਂ ਤੋਂ ਇਲਾਵਾ ਭਾਰਤ ਦੇ ਖਜਾਨਾ ਮੰਤਰੀ ਸ਼੍ਰੀ ਅਰੁਣ ਜੇਤਲੀ, ਵਾਤਾਵਰਣ ਮੰਤਰੀ ਸ਼੍ਰੀ ਪਰਕਾਸ਼ ਜਾਵੇਦਕਰ, ਐਕਟਿੰਗ ਰਾਜਦੂਤ ਸ: ਤਰਨਜੀਤ ਸਿੰਘ ਸੰਧੂ, ਬਰਿਗੇਡੀਅਰ ਅਸ਼ੋਕ ਢੀਂਗਰਾ, ਡਾ.ਮਨਮੋਹਨ ਸਿੰਘ ਕੁਮਾਰ, ਸ: ਬਲਜਿੰਦਰ ਸਿੰਘ ਬਾਲਟੀਮੋਰ ਤੇ ਗਾਇਕ ਕਲਾਕਰ ਰਾਜ ਨਿਜਰ ਨੇ ਸੰਬੋਧਨ ਕੀਤਾ।ਖਜਾਨਾ ਮੰਤਰੀ ਸ਼੍ਰੀ ਜੇਤਲੀ ਨੇ ਸਮੂਹ ਲੋਕਾਈ ਨੂੰ ਵਿਸਾਖੀ ਦੀਆਂ ਮੁਬਾਰਕਾਂ ਦਿੰਦੇ ਹੋਏ ਕਿਹਾ ਕਿ ਜਿਸ ਤਰਾਂ ਪਰਵਾਸੀ ਭਾਰਤੀਆਂ ਨੇ ਦੇਸ਼ ਦਾ ਮਾਣ ਉਚਾ ਕੀਤਾ ਹੈ ਉਸਨੂੰ ਵੇਖ ਕੇ ਹਰ ਭਾਰਤੀ ਦਾ ਸਿਰ ਫਖਰ ਨਾਲ ਉਚਾ ਹੁੰਦਾ ਹੈ। ਉਹਨਾਂ ਭਾਰਤ ਸਰਕਾਰ ਵਲੋਂ ਪਰਵਾਸੀ ਭਾਰਤੀਆਂ ਦੀ ਭਲਾਈ ਕੀਤੇ ਜਾ ਰਹੇ ਯਤਨਾਂ ਬਾਰੇ ਵੀ ਜਾਣਕਾਰੀ ਦਿਤੀ। ਵਾਤਾਵਰਣ ਮੰਤਰੀ ਪਰਕਾਸ਼ ਜਾਵੇਦਕਰ ਨੇ ਕਿਹਾ ਕਿ ਪਰਵਾਸੀ ਭਾਰਤੀਆਂ ਨੇ ਜਿਸ ਤਰਾਂ ਆਪੋ ਆਪਣੇ ਦੇਸ਼ਾਂ ਵਿਚ ਆਰਥਿਕ, ਸਮਾਜਿਕ ਤੇ ਰਾਜਨੀਤਕ ਖੇਤਰ ਵਿਚ ਮਲਾਂ ਮਾਰੀਆਂ ਹਨ ਉਸ ਉਪਰ ਦੇਸ਼ ਨੂੰ ਬਹੁਤ ਮਾਣ ਹੈ।ਉਹਨਾਂ ਪਰਵਾਸੀ ਭਾਰਤੀਆਂ ਨੂੰ ਅਪੀਲ ਕੀਤੀ ਕਿ ਉਹ ਦੇਸ਼ ਅੰਦਰ ਵੱਧ ਤੋਂ ਵੱਧ ਪੂੰਝੀ ਨਿਵੇਸ਼ ਕਰਨ ਲਈ ਅਗੇ ਆਉਣ। ਭਾਰਤੀ ਸਫਾਰਤਖਾਨੇ ਦੇ ਐਕਟਿੰਗ ਰਾਜ-ਦੂਤ ਸ: ਤਰਨਜੀਤ ਸਿੰਘ ਸੰਧੂ ਨੇ ਵਿਸਾਖੀ ਦੇ ਪੁਰਬ ਦੀਆਂ ਵਧਾਈਆਂ ਦਿੰਦੇ ਹੋਏ ਕਿਹਾ ਕਿ ਮਨੁਖਤਾ ਦੀ ਸੇਵਾ ਹੀ ਸੱਚਾ ਸੁਚਾ ਧਰਮ ਹੈ। ਉਹਨਾਂ ਕਿਹਾ ਕਿ ਭਾਰਤੀ ਸਫਾਰਖਾਨਾ ਹਮੇਸ਼ਾਂ ਹੀ ਆਪਣੇ ਲੋਕਾਂ ਦੀ ਸਹਾਇਤਾ ਕਰਨ ਲਈ ਤਿਆਰ ਰਹਿੰਦਾ ਹੈ। ਉਹਨਾਂ ਕਿਹਾ ਕਿ ਅਸੀਂ ਹਮੇਸ਼ਾਂ ਹੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਨ ਲਈ ਵਚ-ਨਵੱਧ ਹਾਂ। ਇਸ ਮੌਕੇ ਮੈਰੀਲੈਂਡ ਦੇ ਗਵਰਨਰ ਵਲੋਂ ਉਹਨਾਂ ਨੂੰ ਇਕ ਪਰਸੰਸਾ ਪਤਰ ਵੀ ਭੇਂਟ ਕੀਤਾ ਗਿਆ। ਸਮਾਗਮ ਦੀ ਆਰੰਭਤਾ ਤੋਂ ਪਹਿਲਾਂ ਸਿਖ ਫਾਊਡੇਸ਼ਨ ਦੇ ਹਜੂਰੀ ਰਾਗੀ ਭਾਈ ਕਿਰਪਾਲ ਸਿੰਘ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।ਉਪਰੰਤ ਪਰਸਿਧ ਲੋਕ ਗਾਇਕ ਰਾਜ ਨਿਜਰ ਨੇ ਆਪਣੀ ਗਾਇਕੀ ਦਾ ਸ਼ਾਂਨਦਾਰ ਪ੍ਰਦਰਸ਼ਨ ਕਰਕੇ ਸਭਿਆਚਾਰਕ ਪਰੋਗਰਾਮ ਦੀ ਆਰਭੰਤਾ ਕੀਤੀ। ਗਿਧਾ ਟੀਮ ਵਿਚ ਸ਼ਾਮਲ ਜਸਲੀਨ ਕੌਰ, ਸੰਦੀਪ ਕੌਰ, ਸਹਾਨਾ ਸਿਨਹਾਰਾਜਾ, ਮੀਸ਼ਾ ਚੌਧਰੀ, ਉਪਿੰਦਰ ਧਾਲੀਵਾਲ ਤੇ ਮਿਲਾਨਾ ਪਾਲ ਨੇ ਖੂਬ ਧੁੰਮਾਂ ਪਾਈਆਂ।ਰਿਚਮੰਡ ਦੀ ਰੌਣਕ ਗਰੁਪ ਵਿਚ ਸ਼ਾਮਲ ਸੁਖਮਨੀ ਢਿਲੋਂ, ਮੋਹਿਤ ਢਿਲੋਂ, ਮਨਪਰੀਤ ਕੌਰ, ਰਿਸ਼ਮਾ ਸਿੰਘ, ਯਸ਼ਨੂਰ ਸੰਧੂ, ਆਦੀ ਸ਼ਰਮਾ, ਸੰਗੀਤ ਗਰੇਵਾਲ, ਮਹਿਤਾਬ ਖਾਰਾ ਨੇ ਸ਼ਾਂਨਦਾਰ ਭੰਗੜਾ ਪਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਮੀਨੂੰ ਸਿਧੂ, ਮੀਨੂੰ ਚੱਢਾ, ਮਲਕਾ ਬੱਤਰਾ, ਜਸਬੀਰ ਕੌਰ ਤੇ ਪੁਸ਼ਪਿੰਦਰ ਕੌਰ ਨਰੂਲਾ ਨੇ ਗਾਇਕੀ ਦਾ ਸ਼ਾਂਨਦਾਰ ਰੰਗ ਬੰਨਿਆ।



ਮੈਰੀਲੈਂਡ ਦੇ ਗਵਰਨਰ ਵਲੋਂ ਐਕਟਿੰਗ ਰਾਜਦੂਤ ਸ: ਤਰਨਜੀਤ ਸਿੰਘ ਸੰਘ ਸੰਧੂ ਨੂੰ ਪਰਸੰਸਾ ਪੱਤਰ ਭੇਂਟ ਕੀਤੇ ਜਾਣ ਦਾ ਦ੍ਰਿਸ਼

ਇਸ ਮੌਕੇ ਤੇ ਇਸ ਪਤਰਕਾਰ ਨਾਲ ਗਲਬਾਤ ਕਰਦਿਆਂ ਉਘੇ ਬਿਜਨਸਮੈਨ ਤੇ ਸਾਊਥ ਏਸ਼ੀਅਨ ਮਾਮਲਿਆਂ ਬਾਰੇ ਕਮਿਸ਼ਨਰ ਸ: ਜੈਸੀ ਸਿੰਘ ਨੇ ਕਿਹਾ ਕਿ ਪਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਜਿਥੇ ਦੇਸ਼ ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ ਉਥੇ ਪਰਵਾਸੀ ਭਾਰਤੀਆਂ ਦੀ ਭਲਾਈ ਲਈ ਸਰਕਾਰ ਵਲੋਂ ਕੀਤੇ ਜਾ ਰਹੇ ਯਤਨ ਯਤਨ ਸ਼ਲਾਘਾਯੋਗ ਹਨ।

# 108 ਸੰਤ ਸ਼੍ਰੀ ਦਰਸ਼ਣ ਦਾਸ ਨਗਰ ਵਾਲਿਆਂ ਦੀ ਬਰਸੀ ਧੂਮ-ਧਾਮ ਨਾਲ ਮਨਾਈ







**ਨਿਊਯਾਰਕ (ਇਕਬਾਲ ਸਿੰਘ ਜੱਬੋਵਾਲੀਆ)-** ਨਿਊਯਾਰਕ ਦੀ ਧਰਤੀ 'ਤੇ ਹਜ਼ਾਰਾਂ ਦੀ ਗਿਣਤੀ 'ਚ ਰਹਿੰਦੇ ਪੰਜਾਬੀ ਜਿਥੇ ਮੇਹਨਤ-ਮੁਸ਼ੱਕਤ ਕਰਕੇ ਦਾਨ-ਪੁੰਨ ਕਰਨ ਵਿੱਚ ਪਿਛੇ ਨਹੀਂ ਰਹਿੰਦੇ, ਉਥੇ ਆਪਣੇਂ ਰਹਿਬਰਾਂ, ਸੰਤਾਂ-ਮਹਾਂਪੁਰਸ਼ਾਂ ਨੂੰ ਵੀ ਹਮੇਸ਼ਾਂ ਯਾਦ ਰੱਖਦੇ ਹਨ। ਇਸੇ ਤਰ੍ਹਾਂ ਹੀ 108 ਸੰਤ ਦਰਸ਼ਣ ਦਾਸ ਨਗਰ ਫ਼ਿਲੌਰ ਵਾਲਿਆਂ ਦਿਆਂ ਸੇਵਕਾਂ ਅਤੇ ਇਲਾਕਾ ਨਿਵਾਸੀਆਂ ਨੇ ਉਨ੍ਹਾਂ ਦੀ ਬਰਸੀ ਸ਼੍ਰੀ ਗੁਰੂ ਰਵਿਦਾਸ ਗੁਰੂ-ਘਰ ਵਿਖੇ 19 ਅਪ੍ਰੈਲ ਦਿਨ ਐਤਵਾਰ ਨੂੰ ਬੜੀ ਧੂਮ-ਧਾਮ ਨਾਲ ਮਨਾਈ।

17 ਅਪ੍ਰੈਲ ਦਿਨ ਸ਼ੁਕਰਵਾਰ ਨੂੰ ਸ਼੍ਰੀ ਅਖੰਡ-ਪਾਠ ਸਾਹਿਬ ਜੀ ਦੇ ਪਾਠ ਪ੍ਰਾਰੰਭ ਕੀਤੇ ਗਏ। ਸ਼ਨੀਵਾਰ ਨੂੰ ਸੇਵਕਾਂ ਵਲੋਂ ਸੇਵਾ ਚਲਦੀ ਰਹੀ। ਤਿੰਨੇ ਦਿਨ ਸੇਵਕਾਂ ਵਲੋਂ ਤਨੋਂ,ਮਨੋਂ, ਧਨੋਂ ਚਲਦੀ ਰਹੀ। ਲੰਗਰਾਂ ਦੀਆਂ ਸੇਵਾਵਾਂ ਚਲਦੀਆਂ ਰਹੀਆਂ।

19 ਅਪ੍ਰੈਲ ਐਤਵਾਰ ਸਵੇਰੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਭੋਗ ਉਪਰੰਤ ਗੁਰੂ-ਘਰ ਦੇ ਵਜ਼ੀਰ ਭਾਈ ਅਮਰਜੀਤ ਸਿੰਘ ਜੀ ਨੇ ਗੁਰੂ-ਸ਼ਬਦ ਦੀ ਕਥਾ ਨਾਲ ਸੰਗਤਾਂ ਨਾਲ ਸਾਂਝ ਪਾਈ। ਗੁਰੂ-ਘਰ ਦੇ ਕੀਰਤਨੀਏ ਜਥੇ ਭਾਈ ਕੁਲਵੰਤ ਸਿੰਘ ਨਾਗਪੁਰੀ ਅਤੇ ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰ ਵਾਲਿਆਂ ਦੇ ਜਥੇ ਵਲੋਂ ਰਸ-ਭਿੰਨੇ ਕੀਰਤਨ ਰਾਹੀਂ ਸੰਗਤਾਂ ਨਾਲ ਗੁਰਬਾਣੀ ਦੀ ਸਾਂਝ ਪਾਈ।

ਸ਼੍ਰੋਮਣੀ ਢਾਡੀ ਗਿਆਨੀ ਦਿਆ ਸਿੰਘ ਦਿਲਵਰ ਦੇ ਬੇਟੇ ਗਿਆਨੀ ਕੁਲਜੀਤ ਸਿੰਘ ਦਿਲਵਰ ਜੀ ਨੇ ਸੰਤਾਂ ਦਾ ਜਸ-ਗਾਇਨ ਕੀਤਾ ਤੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ-ਘਰ ਦੇ ਮੁੱਖ ਸੇਵਾਦਾਰ ਸ. ਨਿਰਮਲ ਸਿੰਘ ਅਤੇ ਚੇਅਰਮੈਨ ਸ਼੍ਰੀ ਨੰਦ ਲਾਲ ਜੀ ਨੇ ਸੰਤਾਂ ਦੇ ਜੀਵਨ ਤੇ ਚਾਨਣਾ ਪਾਇਆ ਤੇ ਆਈ ਸੰਗਤ ਦਾ ਧੰਨਵਾਦ ਕੀਤਾ। ਸਟੇਜ ਦੀ ਸੇਵਾ ਸ. ਨਿਰਮਲ ਸਿੰਘ ਅਤੇ ਗੁਰੂ-ਘਰ ਦੇ ਸਕੱਤਰ ਸੇਵਾਦਾਰ ਸ਼੍ਰੀ ਪਰਮਜੀਤ ਸੀਤਾ ਜੀ ਨੇ ਵਧੀਆ ਤਰੀਕੇ ਨਾਲ ਨਿਭਾਈ। ਪ੍ਰੋਗਰਾਮ ਦੇ ਅਖੀਰ ਵਿੱਚ ਗੁਰੂ-ਘਰ ਦੇ ਵਜ਼ੀਰ ਭਾਈ ਅਮਰਜੀਤ ਸਿੰਘ ਜੀ ਨੇ ਅਰਦਾਸ ਕੀਤੀ ਤੇ ਦੂਰ-ਦੁਰਾਡੇ ਤੋਂ ਆਈ ਸੰਗਤ ਦਾ ਧੰਨਵਾਦ ਕੀਤਾ।

# ਬੀਬੀ ਰਤਨੀ ਜੱਗੀ ਅਕਾਲ ਚਲਾਣਾ ਕਰ ਗਏ

**ਪਿਟਸਬਰਗ-** ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਬੀਬੀ ਰਤਨੀ ਜੱਗੀ ਜੀ ਆਪਣੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਸਵਰਗਵਾਸ ਹੋ ਗਏ ਹਨ। ਉਹ ਆਪਣੇ ਪਿੱਛੇ ਤਿੰਨ ਮੁੰਡੇ ਅਤੇ ਤਿੰਨ ਲੜਕੀਆਂ, 22 ਦੋਹਤੇ-ਪੋਤੇ, 13 ਦੋਹਤੀਆਂ-ਪੋਤੀਆਂ ਦਾ ਭਰਿਆ ਪੂਰਾ ਪਰਿਵਾਰ ਛੱਡ ਗਏ ਹਨ। ਉਹਨਾਂ ਦਾ ਅੰਤਿਮ ਸਰਕਾਰ ਐਂਟੀਔਕ ਵਿਖੇ ਕੀਤਾ ਗਿਆ। ਸਵਰਗਵਾਸੀ ਰਤਨ ਜੱਗੀ ਦਾ ਜਨਮ 1911 ਵਿਚ ਹੋਇਆ ਸੀ, ਜੋ ਆਪਣੀ ਭਰਪੂਰ ਉਮਰ ਭੋਗ ਕੇ 19 ਅਪ੍ਰੈਲ 2015 ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਮ੍ਰਿਤਕ ਦੀ ਆਤਮਕ ਸ਼ਾਂਤੀ ਲਈ ਰੱਖੇ ਅਖੰਡ ਪਾਠ ਸਾਹਿਬ ਦਾ ਭੋਗ 23 ਅਪ੍ਰੈਲ ਤੋਂ 25 ਅਪ੍ਰੈਲ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲਫੋਰਨੀਆ) ਵਿਖੇ ਪਵੇਗਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 925-757-4343 ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਪ੍ਰਸਿੱਧ ਪੱਤਰਕਾਰ ਕੰਵਰ ਸੰਧੂ ਅਮਰੀਕਾ ਦੌਰੇ 'ਤੇ

**ਕੈਲੇਫੋਰਨੀਆ-** ਪ੍ਰਸਿੱਧ ਪੱਤਰਕਾਰ ਸ੍ਰ: ਕੰਵਰ ਸੰਧੂ ਹੋਰੀਂ 19 ਅਪ੍ਰੈਲ ਨੂੰ ਅਮਰੀਕਾ ਪਹੁੰਚ ਗਏ ਹਨ। ਇਸ ਦੌਰਾਨ ਉਹ ਗਲੋਬਲ ਪੰਜਾਬ ਟੀ ਵੀ 'ਤੇ ਆਪਣੇ ਲਾਈਵ ਸ਼ੋਅ ਪੇਸ਼ ਕਰਨਗੇ। ਵਰਨਣਯੋਗ ਹੈ ਕਿ ਸ੍ਰ: ਕੰਵਰ ਸੰਧੂ ਹੋਰਾਂ ਗਲੋਬਲ ਪੰਜਾਬ ਟੀ ਵੀ 'ਤੇ ਸੋਮਵਾਰ ਤੋਂ ਸ਼ੁਕਰਵਾਰ ਤੱਕ "ਹੇਲੋ ਗਲੋਬਲ ਪੰਜਾਬ" ਸ਼ੋਅ ਦਾ ਚੰਡੀਗੜ੍ਹ ਤੋਂ ਸਿੱਧਾ ਪ੍ਰਸਾਰਨ ਕਰਦੇ ਹਨ। ਗਲੋਬਲ ਪੰਜਾਬ ਟੀ. ਵੀ. ਵਲੋਂ ਇਹ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ 20 ਅਪ੍ਰੈਲ ਤੋਂ ਸ੍ਰ: ਕੰਵਰ ਸੰਧੂ ਹੋਰਾਂ ਦੇ ਪ੍ਰੋਗਰਾਮ ''ਹੇਲੋ ਗਲੋਬਲ ਪੰਜਾਬ'' ਦਾ ਅਮਰੀਕਾ ਤੋਂ ਹੀ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ। ਆਪਣੀ ਅਮਰੀਕਾ ਫੇਰੀ ਦੌਰਾਨ ਸ੍ਰ: ਕੰਵਰ ਸੰਧੂ 20 ਅਪ੍ਰੈਲ ਨੂੰ ਵਾਸ਼ਿੰਗਟਨ ਡੀ.ਸੀ., 21 ਅਪ੍ਰੈਲ ਨੂੰ ਨਿਊਯਾਰਕ, 22 ਅਪ੍ਰੈਲ ਨੂੰ ਨਿਊ ਜਰਸੀ, 23 ਅਪ੍ਰੈਲ ਨੂੰ ਲੌਂਗ ਆਈਲੈਂਡ, 24 ਅਪ੍ਰੈਲ ਨੂੰ ਨਿਊ ਜਰਸੀ, 27 ਅਪ੍ਰੈਲ ਨੂੰ ਸੈਕਰਾਮੈਂਟੋ, 28 ਅਪ੍ਰੈਲ ਨੂੰ ਬੇਕਰਸਫੀਲਡ, 29 ਅਪ੍ਰੈਲ ਨੂੰ ਫਰਿਜਨੋ, 30 ਅਪ੍ਰੈਲ ਨੂੰ ਬੇ-ਏਰੀਆ ਅਤੇ 1 ਮਈ ਟੋਰਾਂਟੋ ਤੋਂ ''ਹੇਲੋ ਗਲੋਬਲ ਪੰਜਾਬ'' ਸ਼ੋਅ ਦਾ ਸਿੱਧਾ ਪ੍ਰਸਾਰਨ ਕਰਨਗੇ। ''ਹੇਲੋ ਗਲੋਬਲ ਪੰਜਾਬ'' ਸ਼ੋਅ ਦੇ ਪ੍ਰਸਾਰਨ ਦੌਰਾਨ ਸ੍ਰ: ਕੰਵਰ ਸੰਧੂ ਹੋਰਾਂ ਨਾਲ ਤੁਸੀਂ ਉਨ੍ਹਾਂ ਨਾਲ ਆਪਣੇ ਵਿਚਾਰ ਸਾਂਝੇ ਕਰ ਸਕਦੇ ਹੋ ਅਤੇ ਸ਼ੋਅ ਸੰਬੰਧੀ ਆਪਣੀ ਸੁਝਾਅ ਵੀ ਦੇ ਸਕਦੇ ਹੋ। ਗਲੋਬਲ ਪੰਜਾਬ ਟੀ. ਵੀ. 15 ਅਪ੍ਰੈਲ ਤੋਂ 29 ਅਪ੍ਰੈਲ ਤੱਕ ਡਿਸ਼ ਨੈਂਟਵਰਕ ਦੇ ਚੈਨਲ ਨੰਬਰ 739 'ਤੇ 24 ਘੰਟੇ ਮੁਫ਼ਤ ਉਪਲਬਧ (Free Preview) ਰਹੇਗਾ। ਹੋਰ ਜਾਣਕਾਰੀ ਲੈਣ ਤੇ ਸੁਝਾਅ ਦੇਣ ਲਈ Feedback@GlobalPunjabTv.com 'ਤੇ ਈ-ਮੇਲ ਕੀਤੀ ਜਾ ਸਕਦੀ ਹੈ। ਅਮਰੀਕਾ ਨੂੰ ਛੱਡ ਕੇ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਗਲੋਬਲ ਪੰਜਾਬ ਟੀ. ਵੀ. ਦਾ 24/7 ਸਿੱਧਾ ਪ੍ਰਸਾਰਨ www.GlobalPunjabTv.com 'ਤੇ ਵੇਖਿਆ ਜਾ ਸਕਦਾ ਹੈ। ਹੋਰ ਜਾਣਕਾਰੀ ਲੈਣ ਵਾਸਤੇ ਸ੍ਰ: ਜਗਦੇਵ ਸਿੰਘ ਭੰਡਾਲ ਨਾਲ 916-543-1313 ਜਾਂ ਗਿੱਲ ਪਰਦੀਪ ਨਾਲ 646-520-6706 'ਤੇ ਸੰਪਰਕ ਕੀਤਾ ਜਾ ਸਕਦਾ ਹੈ।





## ਵਿਆਹ- ਸ਼ਾਦੀ

ਰੰਗ ਗੋਰਾ, ਕੱਦ 5 ਫੁੱਟ 11 ਇੰਚ, ਉਮਰ 23 ਸਾਲ, ਮਕੈਨੀਕਲ ਇੰਜੀਨੀਅਰ (ਬੀ ਟੈਕ ) ਐਮ ਟੈਕ ਸ਼ੁਰੂ, ਪਿਤਾ ਸਰਕਾਰੀ ਨੌਕਰੀ (ਲੁਧਿਆਣਾ ਪੰਜਾਬ), ਸੁੰਦਰ ਸੁਸ਼ੀਲ ਲੜਕੇ ਦੇ ਲਈ ਅਮਰੀਕਾ ਵਿਚ ਰਹਿੰਦੀ ਸੁੰਦਰ ਲੜਕੀ ਦੀ ਲੋੜ ਹੈ। ਦੁਆਬੇ ਨੂੰ ਪਹਿਲ ਦਿਤੀ ਜਾਵੇਗੀ।
ਸੰਪਰਕ ਕਰੋ: 09417600014, 09417177666 (ਮੋਬਾਇਲ), ਈਮੇਲ
amarjitchander@yahoo.com
ਅਤੇ
Lovelychndr3@gmail.com


# ਅਮਰੀਕਾ ਦੀ ਅਦਾਲਤ 'ਚ ਹੋਇਆ ਸਿੱਖ ਨੌਜਵਾਨ ਦਾ ਅਪਮਾਨ

**ਨਿਊਯਾਰਕ-** ਅਮਰੀਕਾ ਦੇ ਐਲਬੇਨੀ ਦੀ ਅਦਾਲਤ ਵਿਚ ਹਰਜੀਤ ਸਿੰਘ ਨਾਂ ਦੇ ਸਿੱਖ ਨੌਜਵਾਨ ਨੂੰ ਉਸ ਸਮੇਂ ਅਪਮਾਨ ਦਾ ਸਾਹਮਣਾ ਕਰਨਾ ਪਿਆ ਜਦੋਂ ਜੱਜ ਨੇ ਵਾਰ-ਵਾਰ ਉਸ ਨੂੰ ਆਪਣੀ ਦਸਤਾਰ ਲਾਹੁਣ ਲਈ ਕਿਹਾ। ਇਸ ਘਟਨਾ ਰਾਹੀਂ ਜੱਜ ਨੇ ਵਿਅਕਤੀ ਦੇ ਧਰਮ ਸੰਬੰਧੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ। ਇਸ ਘਟਨਾ ਤੋਂ ਬਾਅਦ ਸਿੱਖ ਭਾਈਚਾਰੇ ਵਿਚ ਰੋਸ ਹੈ ਕਿਉਂਕਿ ਅਮਰੀਕਾ ਦੇ ਕਾਨੂੰਨਾਂ ਮੁਤਾਬਕ ਕਿਸੇ ਵੀ ਵਿਅਕਤੀ ਨੂੰ ਉਸ ਦੇ ਧਰਮ ਦੇ ਚਿੰਨ੍ਹ ਧਾਰਨ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ। ਸਿੱਖ ਭਾਈਚਾਰੇ ਦਾ ਕਹਿਣਾ ਹੈ ਕਿ ਜੇਕਰ ਹੋਰ ਧਰਮਾਂ ਦੇ ਲੋਕਾਂ ਨੂੰ ਸਿਰ 'ਤੇ ਧਾਰਨ ਕੀਤੇ ਜਾਣ ਵਾਲੇ ਕਿਸੇ ਧਾਰਮਿਕ ਚਿੰਨ੍ਹ ਤੋਂ ਇਨਕਾਰ ਨਹੀਂ ਕੀਤਾ ਜਾਂਦਾ ਤਾਂ ਸਿੱਖ ਭਾਈਚਾਰੇ ਨਾਲ ਅਜਿਹਾ ਵਿਤਕਰਾ ਕਿਉਂ ਹੋ ਰਿਹਾ ਹੈ। ਇਸ ਘਟਨਾ ਦੇ ਸੋਸ਼ਲ ਮੀਡੀਆ 'ਤੇ ਆਉਣ ਤੋਂ ਬਾਅਦ ਅਮਰੀਕਾ ਦੇ ਲੋਕਾਂ ਨੇ ਕਾਫੀ ਵਿਰੋਧੀ ਕੁਮੈਂਟ ਕੀਤੇ, ਜਿਸ ਤੋਂ ਬਾਅਦ ਸਿੱਖ ਭਾਈਚਾਰੇ ਦੇ ਲੋਕਾਂ ਨੇ ਉਨ੍ਹਾਂ ਟਿੱਪਣੀਆਂ ਦਾ ਜਵਾਬ ਦਿੱਤਾ ਅਤੇ ਕਿਹਾ ਕਿ ਜੋ ਕੋਈ ਵੀ ਵਿਅਕਤੀ ਅਮਰੀਕਾ ਵਿਚ ਰਹਿੰਦਾ ਹੈ, ਉਹ ਅਮਰੀਕਾ ਦਾ ਨਾਗਰਿਕ ਹੈ ਅਤੇ ਉਸ ਦੇ ਪ੍ਰਤੀ ਅਮਰੀਕਾ ਦੀਆਂ ਜ਼ਿੰਮੇਵਾਰੀਆਂ ਤੇ ਉਸ ਦੇ ਅਧਿਕਾਰ ਵੀ ਬਾਕੀ ਅਮਰੀਕੀਆਂ ਵਰਗੇ ਹੀ ਹਨ।



ਦੇਸ਼ ਦੁਆਬਾ

# ਧਰਤੀ ਦਾ ਦਰਦ ਕੌਣ ਸਮਝੇਗਾ?

ਪੂਰੇ ਸੰਸਾਰ ਵਿਚ 22 ਅਪ੍ਰੈਲ ਦਾ ਦਿਨ ਧਰਤੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਧਰਤੀ ਤੇ ਹੀ ਮਨੁੱਖ ਦਾ ਜੀਵਨ ਸੰਭਵ ਹੈ ਪਰ ਲੱਗਦਾ ਹੈ ਕਿ ਇਨਸਾਨ ਨੂੰ ਇਸਦੀ ਚਿੰਤਾ ਨਹੀਂ ਹੈ। ਇਹੀ ਕਾਰਨ ਹੈ ਕਿ ਪ੍ਰਮਾਤਮਾ ਦੀ ਇਸ ਅਨਮੋਲ ਬਣਤਰ ਤੇ ਬੁਰੀ ਤਰ੍ਹਾਂ ਹਮਲੇ ਕੀਤੇ ਜਾ ਰਹੇ ਹਨ। ਕੁਦਰਤ ਨਾਲ ਅੰਨ੍ਹੇਵਾਹ ਛੇੜਛਾੜ ਦਾ ਨਤੀਜਾ ਕਈ ਵਾਰ ਇਨਸਾਨ ਭੁਗਤ ਚੁੱਕਾ ਹੈ। ਪਹਾੜੀ ਖੇਤਰਾਂ ਵਿਚ ਭੂਮੀ ਖੋਰ ਅਤੇ ਸਮੁੰਦਰੀ ਤਟਾਂ ਤੇ ਸੁਨਾਮੀ ਵਰਗੀ ਪਰਲੋ ਦੇ ਬਾਵਜੂਦ ਲੋਕਾਂ ਦੀ ਮਾਨਸਿਕਤਾ ਵਿਚ ਕੋਈ ਤਬਦੀਲੀ ਨਹੀਂ ਆਈ ਹੈ। ਸਰਕਾਰੀ ਪੱਧਰ ਤੇ ਹਰੇਕ ਮੁਲਕ ਦੀ ਸਰਕਾਰ ਧਰਤੀ ਨੂੰ ਬਚਾਉਣ ਦੇ ਲਈ ਰੈਲੀਆਂ ਅਤੇ ਇਸ਼ਤਿਹਾਰ ਜਾਰੀ ਕਰਨ ਦੀ ਰਸਮ ਅਦਾ ਕਰ ਦਿੰਦੀ ਹੈ। ਚਿੰਤਾ ਵਾਲੀ ਗੱਲ ਤਾਂ ਇਹ ਹੈ ਕਿ ਅੱਜ ਵੀ ਕੁਦਰਤੀ ਸਰੋਤਾਂ ਦੀ ਅੰਨ੍ਹੇਵਾਹ ਦੁਰਵਰਤੋਂ ਕੀਤੀ ਜਾ ਰਹੀ ਹੈ।

ਭਾਰਤ ਦੇ ਪਹਾੜੀ ਇਲਾਕਿਆਂ ਜਿਵੇਂ ਕਿ ਹਿਮਾਚਲ ਪ੍ਰਦੇਸ਼, ਉਤਰਾਖੰਡ ਵਿਚ ਕਈ ਵਾਰ ਕੁਦਰਤ ਕਹਿਰ ਦਿਖਾ ਚੁੱਕੀ ਹੈ ਪਰ ਇਸ ਦੇ ਬਾਵਜੂਦ ਪਹਾੜੀ ਖੇਤਰਾਂ ਵਿਚ ਜੰਗਲਾਂ ਦੀ ਕਟਾਈ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਹ ਸਹੀ ਹੈ ਕਿ ਵਿਕਾਸ ਦੇ ਲਈ ਕੁਦਰਤ ਨਾਲ ਛੇੜਛਾੜ ਕਰਨੀ ਪੈਂਦੀ ਹੈ, ਪਰ ਇਸ ਛੇੜਛਾੜ ਦਾ ਇਹ ਮਤਲਬ ਨਹੀਂ ਕਿ ਕੁਦਰਤੀ ਸਰੋਤਾਂ ਦਾ ਘਾਣ ਕੀਤਾ ਜਾਵੇ। ਧਰਤੀ ਦੇ ਉਤੇ ਪਾਣੀ ਦਾ ਕੁਦਰਤੀ ਵਹਾਅ ਰੋਕਣਾ, ਜੰਗਲਾਂ ਨੂੰ ਕੱਟ ਕੇ ਚਟਾਨਾਂ ਨੂੰ ਮੋਕਲਾ ਕਰਨਾ, ਜੰਗਲਾਤੀ ਖੇਤਰ ਦਾ ਲਗਾਤਾਰ ਘਟਦਾ ਜਾਣਾ ਆਦਿ ਅਜਿਹੇ



ਮਾੜੇ ਪ੍ਰਭਾਵ ਹਨ, ਜਿਸ ਦਾ ਅੱਜ ਦੀ ਲੋਕਾਈ ਸੰਤਾਪ ਹੰਢਾ ਰਹੀ ਹੈ। ਧਰਤੀ ਦੇ ਉਤੇ ਤਾਪਮਾਨ ਵਧਦਾ ਜਾ ਰਿਹਾ ਹੈ, ਜਿਸ ਕਰਕੇ ਆਮ ਇਨਸਾਨ ਦੇ ਲਈ ਮੁਸ਼ਕਿਲਾਂ ਵਧਦੀਆਂ ਜਾ ਰਹੀਆਂ ਹਨ। ਸਮੁੰਦਰਾਂ ਦੇ ਪਾਣੀ ਦਾ ਪੱਧਰ ਵੱਧ ਰਿਹਾ ਹੈ। ਪਹਾੜੀ ਖੇਤਰਾਂ ਵਿਚ ਝੀਲਾਂ ਬਣਾ ਕੇ ਵੱਡੀਆਂ ਯੋਜਨਾਵਾਂ ਨੂੰ ਅਮਲ ਵਿਚ ਲਿਆਂਦਾ ਜਾ ਰਿਹਾ ਹੈ, ਜਿਸ ਦੇ ਦੂਰਗਾਮੀ ਅਸਰ ਪੈ ਸਕਦੇ ਹਨ। ਭੂਮੀ ਖੋਰ ਅਤੇ ਹੋਰ ਕਿਸਮ ਦੀਆਂ ਆਫਤਾਂ ਦੇ ਕਾਰਨ ਹਰ ਸਾਲ ਦੁਨੀਆਂ ਵਿਚ ਕਈ ਹਜ਼ਾਰ ਲੋਕੀ ਮਾਰੇ ਜਾਂਦੇ ਹਨ। ਅਸੀਂ ਇਹ ਜਾਣਦੇ ਹਾਂ ਕਿ ਧਰਤੀ ਦਾ ਸ਼ਿੰਗਾਰ ਦਰਖਤ ਹੁੰਦੇ ਹਨ ਪਰ ਮਨੁੱਖ ਜਾਤੀ ਨੇ ਆਪਣੇ ਅਸਲੀ ਲਾਭ ਨੂੰ ਵੱਖ ਕਰਦੇ ਹੋਏ ਹਰੇ-ਭਰੇ ਦਰਖਤਾਂ ਅਤੇ ਜੰਗਲਾਂ ਨੂੰ ਕੱਟ ਕੇ ਕੰਕਰੀਟ ਦੇ ਜੰਗਲ ਖੜ੍ਹੇ ਕਰ ਲਏ ਹਨ। ਸੈਲਾਨੀਆਂ ਦੇ ਲਈ ਸਵਰਗ ਕਹੇ ਜਾਣ ਵਾਲੇ ਪਹਾੜੀ ਖੇਤਰ ਪ੍ਰਦੂਸ਼ਣ ਦਾ ਸ਼ਿਕਾਰ ਹੋ ਰਹੇ ਹਨ। ਵਹੀਕਲਾਂ ਵਿਚ ਬਾਲੇ ਜਾਂਦੇ ਤੇਲ ਦੇ ਕਾਰਨ ਕਾਰਬਨ ਦੀ ਮਾਤਰਾ ਵਧਦੀ ਜਾ ਰਹੀ ਹੈ। ਇਹ ਸਾਰਾ ਕੁਝ ਮਨੁੱਖ ਦੀ ਹੀ ਦੇਣ ਹੈ।

ਮਨੁੱਖ ਹੀ ਇਸ ਧਰਤੀ ਤੇ ਸਭ ਤੋਂ ਜ਼ਿਆਦਾ ਸਵਾਰਥੀ ਪ੍ਰਾਣੀ ਹੈ, ਜਿਹੜਾ ਬਾਕੀ ਪ੍ਰਾਣੀਆਂ ਦੇ ਹੱਕ ਤਾਂ ਖਾ ਹੀ ਗਿਆ ਹੈ, ਹੁਣ ਖੁਦ ਆਪ ਵੀ ਆਤਮਘਾਤ ਕਰਨ ਵੱਲ ਵੱਧ ਰਿਹਾ ਹੈ। ਇਸ ਕਰਕੇ ਧਰਤੀ ਦਿਵਸ ਮਨਾਉਣ ਦਾ ਕੋਈ ਇਹ ਮਤਲਬ ਨਹੀਂ ਕਿ ਅਸੀਂ ਸਾਲ ਵਿਚ ਇਕ ਵਾਰ ਇਸ ਧਰਤੀ ਦੀਆਂ ਮੁਸ਼ਕਿਲਾਂ ਨੂੰ ਜਾਣੀਏ, ਜਿਹੜੀ ਸਾਡਾ ਬੋਝ ਚੁੱਕਦੀ ਹੈ, ਬਲਕਿ ਸਾਨੂੰ ਹਮੇਸ਼ਾ ਦੇ ਲਈ ਚੌਕਸ ਹੋਣਾ ਪਵੇਗਾ। ਜੇਕਰ ਅਸੀਂ ਇਸ ਧਰਤੀ ਤੇ ਜਿਉਂਦੇ ਰਹਿਣਾ ਹੈ ਤਾਂ ਸਾਨੂੰ ਸਹਿਹੋਂਦ ਦੀ ਭਾਵਨਾ ਅੱਗੇ ਵਧਾਉਣਾ ਹੋਵੇਗਾ। ਇਹ ਧਰਤੀ ਸਿਰਫ ਮਨੁੱਖ ਦੀ ਨਹੀਂ ਬਲਕਿ ਉਸ ਹਰ ਪ੍ਰਾਣੀ ਦੀ ਹੈ, ਜਿਹੜਾ ਇਸ ਤੇ ਵਿੱਚਰਦਾ ਹੈ। ਇਸ ਕਰਕੇ ਇਹ ਜ਼ਰੂਰੀ ਹੈ ਕਿ ਜੇਕਰ ਅਸੀਂ ਖੁਦ ਆਪਣਾ ਜੀਵਨ ਵਧੀਆ ਚਾਹੁੰਦੇ ਹਾਂ ਤਾਂ ਸਾਨੂੰ ਧਰਤੀ ਦੇ ਦਰਦ ਨੂੰ ਸਮਝਣਾ ਹੋਵੇਗਾ ਅਤੇ ਇਸ ਦੀ ਸੰਭਾਲ ਲਈ ਕਦਮ ਚੁੱਕਣੇ ਹੋਣਗੇ। ਅੱਜ ਅਸੀਂ 22 ਅਪ੍ਰੈਲ ਨੂੰ ਮਨਾਏ ਜਾ ਰਹੇ ਧਰਤੀ ਦਿਵਸ ਦੇ ਮੌਕੇ ਉਸ ਗਦਰੀ ਬਾਬੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਯਾਦ ਕਰੀਏ, ਜਿਸ ਨੇ ਇਨਸਾਨ ਨੂੰ ਇਨਸਾਨ ਸਮਝਣ ਦਾ ਸਮਾਜ ਨੂੰ ਸੱਦਾ ਦਿੱਤਾ। ਅੱਜ ਉਹਨਾਂ ਦੀ ਬਰਸੀ ਹੈ। "ਅਦਾਰਾ ਦੇਸ਼ ਦੁਆਬਾ" ਉਹਨਾਂ ਨੂੰ ਨਿੱਘੀ ਸ਼ਰਧਾਂਜਲੀ ਭੇਂਟ ਕਰਦਾ

# ਵਰਤਮਾਨ ਸਮੱਸਿਆਵਾਂ ਦਾ ਸਮਾਧਾਨ ਗਿਆਨੀ ਦਿੱਤ ਸਿੰਘ ਜੀ

ਡਾ.ਇੰਦਰਜੀਤ ਸਿੰਘ ਗੋਗੋਆਣੀ
ਖਾਲਸਾ ਕਾਲਜ ਅੰਮ੍ਰਿਤਸਰ

ਗਿਆਨੀ ਦਿੱਤ ਸਿੰਘ ਜੀ ਦਾ ਸੰਸਾਰਕ ਜੀਵਨ 21 ਅਪ੍ਰੈਲ, 1850 ਤੋਂ 6 ਸਤੰਬਰ 1901 ਈਸਵੀ ਤੱਕ ਬਹੁਤ ਹੀ ਸੀਮਿਤ ਜਿਹੇ ਸਮੇਂ ਵਿੱਚ ਹੈ, ਪਰ ਆਪ ਦੀ ਕਰਨੀ ਹੈਰਾਨੀਜਨਕ ਹੈ। ਆਪ ਇੱਕ ਅਨੁਭਵੀ ਕਵੀ, ਵਾਰਤਾਕਾਰ, ਪੱਤਰਕਾਰ, ਟੀਕਾਕਾਰ, ਇਤਿਹਾਸਕਾਰ, ਗੋਸ਼ਟੀਕਾਰ ਤੇ ਪ੍ਰਭਾਵਸ਼ਾਲੀ ਬੁਲਾਰੇ ਸਨ। ਉਨ੍ਹਾਂ ਦਾ ਸਾਧਾਰਨ ਲੋਕਾਂ ਨੂੰ ਸਮਝਾਉਣ ਦਾ ਢੰਗ ਕਾਬ-ਏ-ਤਾਰੀਫ਼ ਸੀ। ਇੱਕ ਸਦੀ ਤੋਂ ਉਪਰ ਸਮਾਂ ਬੀਤਣ ਦੇ ਬਾਵਜੂਦ ਵੀ ਉਨ੍ਹਾਂ ਦੀਆਂ ਰਚਨਾਵਾਂ ਦੀ ਅਹਿਮੀਅਤ ਸਦਾ ਰਹੇਗੀ ਅੱਜ ਵੀ ਸਾਡੇ ਦੇਸ਼ ਦੀ ਤਸਵੀਰ ਉਹੀ ਹੈ, ਜੋ ਉਨ੍ਹਾਂ 'ਗੁੱਗਾ ਗਪੌੜਾ' ਪੁਸਤਕ ਵਿੱਚ ਪੇਸ਼ ਕੀਤੀ ਹੈ....

ਦੇਖੋ ਮੂਰਖ ਦੇਸ਼ ਅਸਾਡਾ ਕਿਕੁਰ ਡੁੱਬਦਾ ਜਾਂਦਾ ਸੱਪਾਂ ਕੁੱਤਿਆਂ ਬਿੱਲਿਆਂ ਕਾਵਾਂ

ਆਪਨੇ ਪੀਰ ਬਣਾਂਦਾ। ਇੱਧਰ ਗੁਰਾਂ ਦੇ ਨਾਂ ਉੱਤੇ ਜਿਊਂਦੇ ਪੰਜਾਬ ਦੀ ਹਾਲਤ ਦੇਖੀਏ ਤਾਂ ਹਰ 10-20 ਕਿਲੋਮੀਟਰ ਉੱਤੇ ਨਾਮਦਾਨ ਦੇਣ ਵਾਲਿਆਂ ਦਾ ਡੇਰਾ ਆ ਜਾਂਦਾ ਹੈ, ਹਰ ਪੰਜਵੇਂ ਪਿੰਡ 'ਚ ਧਾਗੇ ਤਵੀਤ ਦੇਣ ਵਾਲੇ, ਹਰ ਦਸਾਂ ਪਿੰਡਾਂ ਪਿੱਛੇ ਢੋਲ-ਚਿਮਟਾ ਕੁੱਟ ਕੇ ਭੂਤ ਕੱਢਣ ਵਾਲੇ, ਥਾਂ-ਥਾਂ ਕਬਰਾਂ, ਮੜ੍ਹੀਆਂ ਦੀ ਪੂਜਾ ਤੇ ਹਰ ਜਿਲ੍ਹੇ 'ਚ ਕਿਤੇ ਨਾ ਕਿਤੇ ਸ਼ਰਾਬਾਂ, ਖੀਰਾਂ, ਦੁੱਧਾਂ ਦੇ ਚੜ੍ਹਾਵੇ ਚੜ੍ਹਦੇ ਹਨ। ਇਹ ਸਾਰੀਆਂ ਬਿਮਾਰੀਆਂ ਸਿੱਖ ਘਰਾਣਿਆਂ ਵਿੱਚ ਹਨ। 'ਨਕਲੀ ਸਿੱਖ ਪ੍ਰਬੋਧ' ਪੁਸਤਕ ਵਿੱਚ ਐਸੀ ਸੋਚ ਵਾਲੇ ਸਿੱਖਾਂ ਨੂੰ ਗਿਆਨੀ ਜੀ ਨੇ ਫਿਟਕਾਰਾਂ ਪਾਈਆਂ ਹਨ। ਗੁਰਮਤਿ ਕੋ ਆਦਰ ਨਹੀਂ,

ਅਨਮਤੋਂ ਕੇ ਦਾਸ।
ਕਹੋ ਭਲਾ ਇਸ ਕਰਮ ਤੇ,
ਕਿਉਂ ਹੋ ਕਾਰਜ ਰਾਸ?
ਗੁਰੂ ਗ੍ਰੰਥ ਕੁਛ ਕਹਤ ਹੈ,
ਯਹ ਕਰਹੈਂ ਕੁਛ ਔਰ।
ਕਹੋ ਅਜੇਹਾ ਖਾਲਸਾ,
ਕਿਉਂ ਪਾਵੋ ਗੁਰ ਠੌਰ।
ਕਹਨੀ ਸੂਰਤ ਸਿੰਘ ਕੀ,
ਰਹਨੀ ਗੀਦੜ ਦੇਖ।
ਗੁਰ ਆਗਯਾ ਕਰ ਭੰਗ ਇਨ,
ਹਰ ਲੀਨੇ ਨਿਜ ਲੇਖ।
ਗੁਰੂ ਬਨਾਏ ਔਰ ਥੇ,
ਇਹ ਬਨ ਬੈਠੇ ਔਰ।
ਬਨੇ ਭੂੰਡ ਯਹ ਗੋਬਰੀ,



ਗੁਰ ਕੀਨੇ ਥੇ ਭੌਰ।

ਹੁਣ ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਕੋਈ ਵੀ ਝੂਠੀ ਅਫ਼ਵਾਹ ਉਡਾ ਦੇਵੇ ਤੇ ਕੋਈ ਵੀ ਨਵਾਂ ਪਾਖੰਡ ਰਚਾ ਲਵੋ ਫੇਰ ਅੰਨੇ ਤੇ ਅਗਿਆਨੀ ਲੋਕ ਧੜਾ-ਧੜ ਪਿੱਛੇ ਲੱਗ ਜਾਂਦੇ ਹਨ। ਇੱਥੇ ਕਿਹਾ ਜਾਂਦਾ ਭਾਵੇਂ ਸੁਆਹ ਦੀਆਂ ਪੁੜੀਆਂ ਵੇਚ ਲਓ, ਭਾਵੇਂ ਤਵੀਤ ਵੇਚ ਲਵੋ, ਛੱਪੜਾਂ ਦਾ ਪਾਣੀ, ਮੋਮਬੱਤੀਆਂ, ਹਰੀਆਂ ਚੂੜੀਆਂ, ਨਾਰੀਅਲ, ਸ਼ਨੀਵਾਰ ਨਿੰਬੂ ਮਿਰਚਾਂ, ਮੂਰਤੀਆਂ ਨੂੰ ਦੁੱਧ ਪਿਲਾਵੋ, ਨਜ਼ਰਾਂ ਉਤਾਰੋ ਆਦਿ ਹਰ ਭਰਮ ਨਿਤ ਦਿਨ ਵੱਧਦਾ ਹੈ। ਇਸ ਤਰ੍ਹਾਂ ਦੀ ਵਹਿਮੀ ਮਾਨਸਿਕਤਾ ਨੂੰ ਹਰ ਸ਼ੈਤਾਨ ਲੁੱਟ ਰਿਹਾ ਹੈ। ਇਹ ਬੌਧਿਕ ਤੇ ਆਰਥਿਕ ਲੁੱਟ ਹੈ। ਗਿ. ਦਿੱਤ ਸਿੰਘ ਜੀ ਨੇ 'ਦੰਭ ਵਿਦਾਰਨ' ਪੁਸਤਕ ਵਿੱਚ ਸਾਡੇ ਦੇਸ ਦੀ ਹੀ ਤਸਵੀਰ ਪੇਸ਼ ਕੀਤੀ ਹੈ, ਜਿਸ ਤੇ ਜਿਸ ਨੇ ਜੋ ਕਹਾ:

ਮਾਨ ਗਏ ਮਤ ਹੀਨ।
ਤਿਸ ਹੀ ਪਰ ਦ੍ਰਿੜ ਹੋ ਗਏ,
ਜਾਣਹਿ ਤੱਤ ਕਬੀਨ।
ਇਸੀ ਵਾਸਤੇ ਦੇਸ ਇਹ,
ਗਿਆ ਅਧੋਗਤਿ ਮਾਹਿ।
ਅਪਨੀ ਬੁੱਧੀ ਰਹੀ ਜਦ,
ਇਨ ਲੋਗਨ ਸਿਰ ਨਾਹਿ।

ਜਦੋਂ ਆਪਣੀ ਬੁੱਧੀ ਆਪਣੇ ਸਿਰ 'ਚ ਹੀ ਨਾ ਰਹੀ ਤਾਂ ਸਾਰਾ ਦੇਸ ਅਧੋਗਤੀ ਵਿੱਚ ਗਰਕ ਜਾਂਦਾ ਹੈ। ਬਾਕੀਆਂ ਦੀ ਗੱਲ ਛੱਡੋ, ਅਜੋਕੇ ਸਿੱਖ ਸਮਾਜ ਦੀ ਗੱਲ ਕਰੀਏ, ਤਾਂ ਇੱਥੇ ਗ਼ੈਰ ਸਿੱਖ ਵੀ ਵੱਸਦੇ ਹਨ, ਪਰ ਉਹ ਕਿਸੇ ਸ਼ੇਖ਼ ਫੱਤੇ, ਰੋਡੇ ਸ਼ਾਹ, ਬੱਗੇ ਸ਼ਾਹ ਜਾਂ ਧਾਉਲੀ ਧਾਰ ਵਾਲੇ ਦੇ ਘੱਟ ਹੀ ਜਾਂਦੇ ਹਨ, ਪਰ ਦੂਜੇ ਪਾਸੇ ਕਈ ਸਿੱਖ ਸਿੱਖਣੀਆਂ ਆਪਣੇ ਗੁਰੂ ਦਾ ਦਰ ਛੱਡ ਕੇ ਮਨਮੱਤੀਆਂ ਦੇ ਸਥਾਨਾਂ ਵੱਲ ਦੌੜਦੇ ਹਨ। ਗਿਆਨੀ ਜੀ ਦੀ ਪੁਰਾਤਨ ਰਚਨਾ 'ਮੀਰਾਂ ਮਨੌਤ ਤੇ ਸੈਲਾਨੀ ਸਿੰਘ' ਵਿੱਚ ਇਸ ਦਾ ਵੇਰਵਾ ਵਰਤਮਾਨ ਸਮੇਂ ਉੱਤੇ ਸਹੀ ਢੁੱਕਦਾ ਹੈ:

(ਬਾਕੀ ਅਗਲੇ ਸਫੇ ਤੇ)

# ਗਿਆਨ - ਵਿਗਿਆਨ



ਮੇਘ ਰਾਜ ਮਿੱਤਰ
+91-98887-87440

### ਜਵਾਰ ਭਾਟੇ ਕਿਉਂ ਆਉਂਦੇ ਹਨ?

ਇਹ ਕਹਿਣਾ ਕਿ ਧਰਤੀ ਉੱਤੇ ਇਸਦੇ ਨਜ਼ਦੀਕ ਚੰਦਰਮਾ ਤੇ ਹੋਰ ਗ੍ਰਹਿਆਂ ਦਾ ਇਸ ਉੱਤੇ ਕੋਈ ਪ੍ਰਭਾਵ ਨਹੀਂ ਬਿਲਕੁਲ ਹੀ ਫਜ਼ੂਲ ਗੱਲ ਹੈ। ਨਿਊਟਨ ਅਨੁਸਾਰ ਸੰਸਾਰ ਵਿੱਚ ਹਰੇਕ ਵਸਤੂ ਦੂਸਰੀ ਵਸਤੂ ਨੂੰ ਆਪਣੇ ਵੱਲ ਉਸ ਬਲ ਨਾਲ ਖਿਚਦੀ ਹੈ ਜਿਹੜਾ ਉਹਨਾਂ ਦੇ ਭਾਰਾਂ ਦੇ ਗੁਣਨਫਲ ਨਾਲ ਤਾਂ ਸਿੱਧਾ ਸਬੰਧ ਰੱਖਦੀ ਹੈ ਪਰ ਉਹਨਾਂ ਵਿਚਾਕਾਰਲੀ ਦੂਰੀ ਦੇ ਵਰਗ ਨਾਲ ਉਲਟਾ ਸਬੰਧ ਰੱਖਦੀ ਹੈ। ਸੂਰਜ ਅਤੇ ਦੂਸਰੇ ਗ੍ਰਹਿ ਭਾਵੇਂ ਪੁੰਜ ਵਿੱਚ ਬਹੁਤ ਭਾਰੇ ਹਨ ਪਰ ਉਹਨਾਂ ਦੀ ਦੂਰੀ ਦੇ ਵਰਗ ਨਾਲ ਉਲਟਾ ਸਬੰਧ ਰੱਖਦੀ ਹੈ। ਸੂਰਜ ਅਤੇ ਦੂਸਰੇ ਗ੍ਰਹਿ ਭਾਵੇਂ ਪੁੰਜ ਵਿੱਚ ਬਹੁਤ ਭਾਰੇ ਹਨ ਪਰ ਉਹਨਾਂ ਦੀ ਦੂਰੀ ਬਹੁਤ ਜਿਆਦਾ ਹੈ। ਇਸ ਲਈ ਉਹਨਾਂ ਦਾ ਸਾਡੀ ਧਰਤੀ ਤੇ ਬਹੁਤ ਪ੍ਰਭਾਵ ਦਾ ਮਾਤਰ ਹੀ ਹੁੰਦਾ ਹੈ। ਪਰ ਚੰਦਰਮਾ ਸਾਡੀ ਧਰਤੀ ਤੋਂ ਸਿਰਫ ਚਾਰ ਲੱਖ ਕਿਲੋਮੀਟਰ ਦੂਰ ਹੀ ਹੈ ਇਸ ਲਈ ਇਸ ਦਾ ਪ੍ਰਭਾਵ ਬਹੁਤ ਜਿਆਦਾ ਹੁੰਦਾ ਹੈ। ਚੰਦਰਮਾ ਧਰਤੀ ਦੁਆਲੇ ਇੱਕ ਚੱਕਰ 24 ਘੰਟੇ ਅਤੇ 50 ਮਿੰਟ ਵਿੱਚ ਪੂਰਾ ਕਰਦਾ ਹੈ। ਇਸ ਕਾਰਨ ਪਾਣੀ ਹਰ 12 ਘੰਟੇ ਵਿੱਚ 25 ਮਿੰਟ ਬਾਅਦ ਉੱਪਰ ਉੱਠਦਾ ਹੈ। ਇੱਕ ਦਿਨ ਅਤੇ ਰਾਤ ਵਿੱਚ ਲੱਗਭੱਗ ਦੋ ਵਾਰ ਜਵਾਰ ਭਾਟਾ ਆਉਂਦਾ ਹੈ। ਜਦੋਂ ਸੂਰਜ ਅਤੇ ਚੰਦਰਮਾ ਇੱਕ ਦਿਸ਼ਾ ਵਿੱਚ ਅਤੇ ਇੱਕ ਸੇਧ ਵਿੱਚ ਹੋਣ ਤਾਂ ਇਹ ਜਵਾਰ ਹੋਰ ਵੀ ਉੱਚੇ ਹੋ ਜਾਂਦੇ ਹਨ। ਜਵਾਰ ਨਾਲ ਸਮੁੰਦਰ ਵਿੱਚ ਲਹਿਰਾਂ ਚਲਦੀਆਂ ਹਨ ਜੋ ਬਹੁਤ ਸਾਰੀਆਂ ਸਮੁੰਦਰੀ ਵਸਤੂਆਂ ਨੂੰ ਕਿਨਾਰਿਆਂ ਤੇ ਪਹੁੰਚਾ ਦਿੰਦੀਆਂ ਹਨ।

### ਲੀਪ ਦਾ ਸਾਲ ਕਿਉਂ ਹੁੰਦਾ ਹੈ?

ਸਾਡੀ ਧਰਤੀ ਸੂਰਜ ਦੁਆਲੇ ਇੱਕ ਚੱਕਰ 365 ਦਿਨ,5 ਘੰਟੇ 48 ਮਿੰਟ ਅਤੇ 48 ਸੈਕਿੰਡ ਵਿੱਚ ਪੂਰਾ ਕਰਦੀ ਹੈ। ਇਸ ਲਈ ਹਿਸਾਬਦਾਨਾਂ ਨੇ ਸਧਾਰਨ ਸਾਲ ਨੂੰ 365 ਦਿਨ ਦਾ ਹੀ ਲਿਆ ਹੈ। ਪਰ 5 ਘੰਟੇ 48 ਮਿੰਟ ਅਤੇ 48 ਸੈਕਿੰਡ ਜੋ ਹਰ ਸਾਲ ਇਹਨਾਂ ਕੋਲ ਫਾਲਤੂ ਬਚ ਜਾਂਦੇ ਹਨ ਉਸਨੂੰ ਪੂਰਾ ਕਰਨ ਲਈ ਉਹਨਾਂ ਇਸ ਨੂੰ ਪੂਰੇ ਛੇ ਘੰਟੇ ਮੰਨ ਕੇ ਹਰ ਚੌਥੇ ਸਾਲ ਲੀਪ ਦਾ ਹੁੰਦਾ ਹੈ। ਇੱਥੇ ਹੀ ਬੱਸ ਨਹੀਂ ਇਸੇ ਤਰ੍ਹਾਂ ਹਰ 11 ਮਿੰਟ, 12, ਸੈਕਿੰਡ ਦੀ ਕੀਤੀ ਵੱਧ ਖਪਤ ਨੂੰ ਪੂਰਾ ਕਰਨ ਲਈ ਉਹਨਾਂ ਨੇ ਹਰ ਸੌਵੇਂ ਸਾਲ ਨੂੰ ਲੀਪ ਦਾ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਲਈ ਸੰਨ 1900 ਭਾਵੇਂ 4 ਤੇ ਵੰਡਿਆ ਜਾਂਦਾ ਹੈ ਪਰ ਇਹ ਲੀਪ ਦਾ ਸਾਲ ਨਹੀਂ ਸੀ। ਇਸ ਤਰ੍ਹਾਂ ਕਰਦੇ ਸਮੇਂ ਵੀ ਵਿਗਿਆਨੀਆਂ ਕੋਲ ਕੁਝ ਸਮਾਂ ਵਾਧੂ ਬਚ ਜਾਂਦਾ ਹੈ ਇਸ ਲਈ ਉਹ 400 ਤੇ ਵੰਡੀ ਜਾਣ ਵਾਲੀ ਸਦੀ ਨੂੰ ਲੀਪ ਦਾ ਗਿਣ ਲੈਂਦੇ ਹਨ। ਇਸ ਕਰਕੇ ਸੰਨ 2000 ਲੀਪ ਦਾ ਸਾਲ ਹੋਵੇਗਾ।

### ਬਰਫ ਦੇ ਸਿਵਲਿੰਗ ਕੀ ਹੁੰਦੇ ਹਨ?

ਪਹਾੜਾਂ ਦੀਆਂ ਗੁਫਾਵਾਂ ਵਿੱਚ ਬਹੁਤ ਹੀ ਅਜੀਬ ਕਿਸਮ ਦੇ ਵਰਤਾਰੇ ਵਾਪਰਦੇ ਰਹਿੰਦੇ ਹਨ। ਚਲਾਕ ਵਿਅਕਤੀ ਇਹਨਾਂ ਕੁਦਰਤੀ ਵਰਤਾਰਿਆਂ ਦੇ ਵਾਪਰਨ ਦੇ ਕਾਰਨਾਂ ਦੀ ਵਿਆਖਿਆ ਕਰਨ ਦੀ ਬਜਾਇ ਇਹਨਾਂ ਨੂੰ ਚਮਤਕਾਰਾਂ ਦੇ ਨਾਲ ਜੋੜ ਲੈਂਦੇ ਹਨ। ਇਸ ਤਰ੍ਹਾਂ ਭੋਲੇ ਭਾਲੇ ਲੋਕਾਂ ਦੀ ਆਰਥਕ ਲੁੱਟ ਸ਼ੁਰੂ ਹੋ ਜਾਂਦੀ ਹੈ। ਆਮ ਤੌਰ ਤੇ ਚੂਨ ਦੀਆਂ ਗੁਫਾਵਾਂ ਵਿੱਚੋਂ ਜਦ ਛੱਤ ਤੋਂ ਪਾਣੀ ਦਾ ਕੋਈ ਤੁਪਕਾ ਕੁਝ ਚੂਨਾ ਨਾਲ ਹੀ ਛੱਡ ਕੇ ਹੇਠਾਂ ਡਿੱਗ ਪੈਂਦਾ ਹੈ ਅਤੇ ਇਸ ਤਰ੍ਹਾਂ ਛੱਤ ਦੇ ਹੇਠਲੇ ਪਾਸੇ ਨੂੰ ਚੂਨਾ ਦੀ ਲੰਬਾਈ ਵਧਣੀ ਸ਼ੁਰੂ ਹੋ ਜਾਂਦੀ ਹੈ। ਹੇਠ ਡਿਗਿਆ ਤੁਪਕਾ ਵੀ ਕੁਝ ਚੂਨਾ ਜਮੀਨ ਤੇ ਛੱਡ ਕੇ ਖੁਸ਼ਕਾ ਹੋ ਜਾਂਦਾ ਹੈ। ਇਸ ਤਰ੍ਹਾਂ ਦੀ ਉਚਾਈ ਵਰਗੀ ਰਹਿੰਦੀ ਹੈ। ਇਸ ਕਰਕੇ ਸੈਂਕੜੇ ਸਾਲਾਂ ਵਿੱਚ ਕਈ ਗੁਫਾਵਾਂ ਦੇ ਹੇਠਲੇ ਅਤੇ ਉਪਰਲੇ ਚੂਨੇ ਦੇ ਵਧਾਰੇ ਮਿਲ ਜਾਂਦੇ ਹਨ ਇਸ ਤਰ੍ਹਾਂ ਪੂਰੇ ਦੇ ਪੂਰੇ ਥਮਲੇ ਬਣ ਜਾਂਦੇ ਹਨ। ਬਰਫ ਦੇ ਸ਼ਿਵਲਿੰਗ ਵਿੱਚ ਵੀ ਅਜਿਹਾ ਹੀ ਹੁੰਦਾ ਹੈ। ਕਿਸੇ ਗੁਫਾ ਦੀ ਛੱਤ ਤੋਂ ਉੱਪਰਲੇ ਪਾਸੇ ਸੂਰਜ ਦੀ ਗਰਮੀ ਨਾਲ ਕੁਝ ਬਰਫ ਪਿਘਲ ਜਾਂਦੀ ਹੈ ਅਤੇ ਸੁਰਾਖ ਰਾਹੀਂ ਗੁਫਾ ਵਿੱਚ ਤੁਪਕਿਆਂ ਦੇ ਰੂਪ ਵਿੱਚ ਡਿੱਗਣੀ ਸ਼ੁਰੂ ਹੋ ਜਾਂਦੀ ਹੈ। ਗੁਫਾ ਵਿੱਚ ਤਾਪਮਾਨ ਸਿਫਰ ਦਰਜੇ ਤੋਂ ਘੱਟ ਹੋਣ ਕਾਰਨ ਇਹ ਤੁਪਕੇ ਜੰਮਦੇ ਰਹਿੰਦੇ ਹਨ। ਕਈ ਦਿਨਾਂ ਵਿੱਚ ਵਿੱਚ ਬਰਫ ਦੀ ਉਚਾਈ ਕਾਫੀ ਹੋ ਜਾਂਦੀ ਹੈ। ਕਈ ਵਾਰੀ ਤਾਂ ਅਜਿਹੇ ਬਰਫ ਦੇ ਸ਼ਿਵਲਿੰਗ ਹੱਥਾਂ ਨਾਲ ਹੀ ਬਣਾ ਦਿੱਤੇ ਜਾਂਦੇ ਹਨ।

### ਪ੍ਰਾਚੀਨ ਯੂਨਾਨੀ ਮੰਦਰਾਂ ਵਿੱਚ ਦਰਵਾਜ਼ੇ ਆਪਣੇ ਆਪ ਕਿਉਂ ਖੁੱਲ੍ਹ ਜਾਂਦੇ ਸਨ?

ਦੀਵਾਰਾਂ ਵਿੱਚ ਲਕਵੇਂ ਢੰਗਾਂ ਨਾਲ ਬਣਾਏ ਸੰਖਾਂ ਰਾਹੀਂ ਰਾਜੇ ਲੋਕਾਂ ਨੂੰ ਰੱਬੀ ਸੰਦੇਸ਼ ਸੁਣਾਉਂਦੇ ਸਨ ਜਿਹਨਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਰਾਜੇ ਦੀ ਇੱਛਾ ਅਨੁਸਾਰ ਚਲਾਉਣਾ ਹੁੰਦਾ ਸੀ। ਇਸੇ ਤਰ੍ਹਾਂ ਹੀ ਮੰਦਰ ਦੇ ਦਰਵਾਜੇ ਆਪਣੇ ਆਪ ਖੁੱਲ੍ਹ ਜਾਂਦੇ ਸਨ ਮੰਦਰ ਦੇ ਪੁਜਾਰੀ ਵਿੱਚ ਲੋਕਾਂ ਦੀ ਸ਼ਰਧਾ ਹੋਰ ਪੱਕੀ ਹੋ ਜਾਂਦੀ ਸੀ। ਰਾਜਾ ਕਿਸੇ ਗੱਲ ਨੂੰ ਆਪ ਕਹਿਣ ਦੇ ਬਜਾਇ ਮੰਦਰ ਦੇ ਪੁਜਾਰੀ ਰਾਹੀ ਸੰਦੇਸ਼ ਦੇ ਦਿੰਦਾ ਸੀ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹਨਾਂ ਮੰਦਰਾਂ ਦੇ ਦਰਵਾਜੇ ਆਪਣੇ ਆਪ ਕਿਵੇਂ ਖੁੱਲ੍ਹ ਜਾਂਦੇ ਸਨ। ਕਿਸੇ ਖਾਸ ਤਿਉਹਾਰ ਤੇ ਮੰਦਰ ਦੇ ਬਾਹਰ ਨਿਸ਼ਚਿਤ ਭੱਠੀ ਵਿੱਚ ਪਵਿੱਤਰ ਅੱਜ ਜਲਾਈ ਜਾਂਦੀ ਸੀ। ਕੁਝ ਘੰਟੇ ਇਹ ਅੱਗ ਬਲਦੀ ਰਹਿੰਦੀ ਸੀ। ਇਸ ਭੱਠੀ ਵਿੱਚ ਲੁਕਵੇਂ ਢੰਗ ਨਾਲ ਰੱਖੇ ਪਾਣੀ ਦੇ ਬਰਤਨ ਵਿੱਚ ਪਾਣੀ ਉਬਲਣ ਲੱਗ ਜਾਂਦਾ ਸੀ। ਇਸ ਪਾਣੀ ਦੀ ਭਾਫ ਨੂੰ ਲੁਕਵੇਂ ਢੰਗ ਰਾਹੀਂ ਮੰਦਰ ਦੇ ਅੰਦਰ ਅਜਿਹੇ ਸਥਾਨ ਤੇ ਲਿਜਾਇਆ ਜਾਂਦਾ ਸੀ ਜਿੱਥੇ ਇੱਕ ਬਾਲਟੀ ਵਿੱਚ ਇਹ ਭਾਫ ਪਾਣੀ ਦੇ ਤੁਪਕਿਆਂ ਦੇ ਰੂਪ ਵਿੱਚ ਡਿੱਗਦੀ ਰਹਿੰਦੀ ਸੀ। ਲੁਕਵੇਂ ਢੰਗ ਨਾਲ ਹੀ ਇੱਕ ਬਰੀਕ ਰੱਸੀ ਦਾ ਇੱਕ ਸਿਰਾ ਛੋਟੀਆਂ ਛੋਟੀਆਂ ਘਿਰਨੀਆਂ ਨਾਲ ਦਰਵਾਜਜ਼ੇ ਨਾਲ ਬੰਨਿਆਂ ਹੁੰਦਾ ਸੀ। ਦੂਜਾ ਸਿਰਾ ਬਾਲਟੀ ਦੇ ਕੁੰਡੇ ਨਾਲ ਜੋੜਿਆ ਹੁੰਦਾ ਸੀ। ਜਦੋਂ ਬਾਲਟੀ ਭਰ ਜਾਂਦੀ ਸੀ ਰੱਸੀਆਂ ਰਾਹੀਂ ਦਰਵਾਜ਼ੇ ਆਪਣੇ ਆਪ ਖਿੱਚਿਆ ਜਾਂਦਾ ਸੀ ਅਤੇ ਖੁੱਲ੍ਹ ਜਾਂਦਾ ਸੀ। ਲੋਕਾਂ ਨੂੰ ਇਸ ਗੁਪਤ ਢੰਗ ਬਾਰੇ ਕੋਈ ਜਾਣਕਾਰੀ ਨਹੀਂ ਹੋਦ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਲੋਕਾਂ ਵਿੱਚ ਸ਼ਰਧਾ ਦੀ ਭਾਵਨਾ ਪੈਦਾ ਕਰਕੇ ਰਾਜਿਆਂ ਦੀ ਮਰਜ਼ੀ ਅਨੁਸਾਰ ਕੰਮ ਕਰਵਾਏ ਜਾਂਦੇ ਸਨ।

### ਰੇਤ ਘੜੀ ਕਿਵੇਂ ਬਣਾਈ ਜਾਂਦੀ ਸੀ?

ਕੁਝ ਸਦੀਆਂ ਪਹਿਲਾਂ ਲੋਕਾਂ ਕੋਲ ਸਮਾਂ ਮਾਪਣ ਲਈ ਅੱਜ ਦੀਆਂ ਆਧੁਨਿਕ ਘੜੀਆਂ ਨਹੀਂ ਹੁੰਦੀਆਂ ਸਨ। ਇਸ ਲਈ ਉਹ ਕਿਸੇ ਕੌਲੀ ਵਿੱਚ ਬਰੀਕ ਸੁਰਾਖ ਕਰਕੇ ਉਸ ਵਿੱਚ ਪਾਣੀ ਵਿੱਚ ਰੱਖ ਦਿੰਦੇ ਸਨ। ਜਦੋਂ ਇਹ ਕੌਲੀ ਪਾਣੀ ਵਿੱਚ ਡੁੱਬ ਜਾਂਦੀ ਸੀ ਤਾਂ ਇਸ ਨੂੰ ਉਹ ਇੱਕ ਪਹਿਰ ਕਹਿ ਦਿੰਦੇ ਸਨ। ਜਾਂ ਉਹਨਾਂ ਨੇ ਇਸ ਕੰਮ ਲਈ ਕੱਚ ਦੇ ਇੱਕੋ ਜਿਹੇ ਦੋ ਬਰਤਨਾਂ ਜੁੜਿਆ ਹੁੰਦਾ ਸੀ। ਇਹਨਾਂ ਵਿੱਚੋਂ ਇੱਕ ਰੇਤ ਭਰੀ ਹੁੰਦੀ ਸੀ। ਇਹ ਰੇਤ ਬਾਰੀਕ ਸੁਰਾਖ ਰਾਹੀਂ ਦੂਸਰੇ ਬਰਤਨ ਵਿੱਚ ਲਗਾਤਾਰ ਡਿਗਦੀ ਰਹਿੰਦੀ ਸੀ। ਜਦੋਂ ਸਾਰੀ ਰੇਤ ਡਿੱਗ ਪੈਂਦੀ ਸੀ ਤਾਂ ਉਹ ਇਸਨੂੰ ਸਮੇਂ ਦੀ ਇਕਾਈ ਦੇ ਤੌਰ ਤੇ ਮੰਨ ਲੈਂਦੇ ਸਨ।

ਫਿਰ ਉਸ ਬਰਤਨ ਨੂੰ ਉਲਟਾ ਕਰਕੇ ਰੱਖ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਦਿਮਾਗ ਦੀ ਵਰਤੋਂ ਕਰਦੇ ਹੋਏ ਪ੍ਰਾਚੀਨ ਲੋਕਾਂ ਨੇ ਸਮੇਂ ਨੂੰ ਮਾਪਣ ਦੇ ਅਜੀਬ ਢੰਗ ਵਿਕਸਿਤ ਕੀਤੇ ਹੋਏ ਸਨ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਵਰਤਮਾਨ ਸਮੱਸਿਆਵਾਂ ਦਾ ਸਮਾਧਾਨ ਗਿਆਨੀ ਦਿੱਤ ਸਿੰਘ ਜੀ

(ਸਫਾ 6 ਦੀ ਬਾਕੀ)

ਸਾਰਾ ਜਗਤ ਖ਼ੁਸ਼ੀ ਹੈ ਵੱਸਦਾ।
ਆਪਣੇ ਰੰਗਾਂ ਅੰਦਰ ਰੱਸਦਾ।
ਪਰ ਨਾ ਕਿਸੇ ਪਕੜਦਾ ਮੀਆਂ।
ਸੁੱਖ ਤੇ ਵੱਸਣ ਮਾਵਾਂ ਧੀਆਂ।
ਪਰ ਇਹ ਸਿੱਖ ਨਮਾਣੇ ਚਾਇ।
ਤੁਰਤ ਪੀਰ ਨੇ ਪਕੜੇ ਆਇ।
ਫਿਰਨ ਮਰਦ ਪਕੜੀਆਂ ਨਾਰਾਂ।
ਕਰਦਾ ਮਨ ਭਾਵੰਦੀ ਮਾਰਾਂ।
ਨਹੀਂ ਇਹਨਾਂ ਨੂੰ ਛੱਡੇ ਉਹ।
ਦੇਵਣ ਦੁੱਧ ਮੱਝ ਦਾ ਚੋਅ।

ਹੁਣ ਇਹ ਖੁਆਰੀ ਪੰਜਾਬ ਵਿੱਚ ਕਈ ਥਾਂਈਂ ਅਤੇ ਪੰਜਾਬੋਂ ਬਾਹਰ ਵੀ ਹੋ ਰਹੀ ਹੈ। ਕਾਰਨ ਵੀ ਸਪੱਸ਼ਟ ਹੈ ਕਿ ਸ਼ੈਤਾਨ ਤੇ ਪਾਖੰਡੀ ਲੋਕਾਂ ਨੇ ਹਰ ਯੁੱਗ ਵਿੱਚ ਸਮਾਜ ਨੂੰ ਠੱਗਿਆ ਤੇ ਗੁੰਮਰਾਹ ਕੀਤਾ ਹੈ। ਗਿਆਨੀ ਜੀ ਨੇ 'ਦੁਰਗਾ ਪ੍ਰਬੋਧ' ਵਿੱਚ ਠੱਗਾਂ ਦੀ ਬਿਰਤੀ ਬਿਆਨ ਕੀਤੀ ਹੈ।

ਠੱਗ ਜਿਵੇਂ ਠੱਗੀ ਸਮਯ,
ਜੁਦੇ ਜੁਦੇ ਹੁਇ ਜਾਤ।
ਪਰ ਅੰਦਰ ਮੈਂ ਹੋਤ ਹੈ,
ਸਭਨਾ ਦੀ ਇਕ ਬਾਤ।

ਇਹੋ ਹੀ ਨੁਕਤਾ ਗਿਆਨੀ ਜੀ ਨੇ 'ਨੀਤੀ ਪ੍ਰਕਾਸ਼' ਵਿੱਚ ਦਿੱਤਾ ਹੈ ਕਿ ਜਿਵੇਂ ਰੀਠਾ ਦੇਖਣ ਨੂੰ ਤਾਂ ਮਿੱਠੇ ਬੇਰ ਵਰਗਾ ਪ੍ਰਤੀਤ ਹੁੰਦਾ ਹੈ, ਪਰ ਨਿਰਾ ਜ਼ਹਿਰ ਹੈ। ਇਸੇ ਤਰ੍ਹਾਂ ਦੁਸ਼ਟ ਪੁਰਖ ਵੀ ਭੇਖ ਧਾਰ ਕੇ ਭੁਲੇਖਾ ਪਾ ਜਾਂਦੇ ਹਨ। ਅੱਜ ਪੰਜਾਬ 'ਚ ਫੈਲਿਆ ਦੇਹਧਾਰੀ ਗੁਰੂਡੰਮ ਇਸ ਦਾ ਪ੍ਰਤੱਖ ਪ੍ਰਮਾਣ ਹੈ। ਸਰਸਾ, ਬਿਆਸਾ, ਨੂਰਮਹਿਲੀਏ, ਨਕਲੀ ਨਿਰੰਕਾਰੀਆਂ ਦੇ ਬਾਹਰੀ ਭੇਖ ਨੇ ਕਈ ਸਿੱਖ ਪਰਿਵਾਰ ਵੀ ਆਪਣਏ ਜਾਲ ਵਿੱਚ ਫਸਾ ਲਏ ਹਨ। ਐਸੇ ਭੋਲੇ-ਭਾਲੇ ਗੁੰਮਰਾਹ ਹੋਏ ਲੋਕਾਂ ਨੂੰ ਇਹ ਪੰਕਤੀਆਂ ਸੁਚੇਤ ਕਰ ਰਹੀਆਂ ਹਨ:

ਰੀਠੇ ਮੀਠੇ ਬੇਰ ਸਮ, ਦੇਖਣ ਕੋ ਮਿਲ ਜਾਤ।
ਤਿਉਂ ਦੁਰਜਨ ਸਮ ਸੁਜਨ ਕੇ,
ਭੇਖ ਧਾਰ ਦਰਸਾਤ।

ਇਸ ਦੀ ਪਰਖ ਨਾ ਕਰ ਸਕਣਾ ਅਗਿਆਨਤਾ ਹੈ ਅਤੇ ਇਹ ਭਟਕਨਾ ਦਾ ਕਾਰਨ ਗਿਆਨ ਦੀ ਅਣਹੋਂਦ ਹੈ। 'ਗੁਰਮਤਿ ਆਰਤੀ ਪ੍ਰਬੋਧ' ਪੁਸਤਕ ਵਿੱਚ ਇਸ ਦਾ ਵੇਰਵਾ ਇਉਂ ਦਿੱਤਾ ਹੈ ਇਸ

ਅਗਯਾਨ ਨਚਾਇਆ, ਇਹ ਸਾਰਾ ਸੰਸਾਰ।
ਵੱਡੇ-ਵੱਡੇ ਪੰਡਤ ਕਰੇ,
ਜਿਸ ਨੇ ਪਕੜ ਗਵਾਰ।

ਇਸੇ ਤਰ੍ਹਾਂ ਸਭ ਤੋਂ ਵੱਡਾ ਭਰਮ ਤੇ ਪਾਖੰਡ ਕਰਮ ਦਿਨਾਂ ਦਿਹਾਰਾਂ ਤੇ ਥਿੱਤਾਂ ਮਹੀਨਿਆਂ ਦੀਆਂ ਵਿਚਾਰਾਂ ਤੋਂ ਲੈ ਕੇ, ਵਰਤ ਸਰਾਧਾਂ ਦੀਆਂ ਫੋਕਟ ਵਿਚਾਰਾਂ ਵਿੱਚ ਘੁੰਮਦਾ, ਮੰਤਰਾਂ-ਜੰਤਰਾਂ-ਤੰਤਰਾਂ ਦੇ ਭਰਮ ਜਾਲ ਵਿੱਚ ਆ ਉਲਝਦਾ ਹੈ।

ਇਹ ਰੁਝਾਨ ਅਜੋਕੇ ਸਮੇਂ ਵਿੱਚ ਹੋਰ ਵੀ ਖ਼ਤਰਨਾਕ ਹੋ ਗਿਆ ਹੈ। ਗਿਆਨੀ ਜੀ ਇਨ੍ਹਾਂ ਪਾਖੰਡਵਾਦੀ ਲੋਕਾਂ ਦੀ ਹਕੀਕਤ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਜੇਕਰ ਇਹ ਲੋਕ ਰਿੱਧੀਆਂ-ਸਿੱਧੀਆਂ ਰੱਖਦੇ ਹਨ ਤਾਂ ਦਰ-ਦਰ ਕਿਉਂ ਮੰਗਦੇ ਫਿਰਦੇ ਹਨ? ਇਹ ਹਜ਼ਰਤ ਬਣ ਕੇ ਕਿਉਂ ਨਹੀਂ ਬੈਠ ਜਾਂਦੇ? 'ਦੁਰਗਾ ਪ੍ਰਬੋਧ' ਵਿੱਚ ਇਹ ਪਾਖੰਡ ਕਰਮ ਨੂੰ ਇਉਂ ਉਘਾੜਿਆ ਹੈ

ਜੰਤ੍ਰ ਜੰਤ੍ਰ ਅਰੁ ਤੰਤ੍ਰ ਸਿਧ,
ਜੋ ਇਨ ਮਹਿ ਕਛੁ ਹੋਇ।
ਹਜਰਤ ਹ੍ਵੈ ਆਪਹਿ ਰਵਹਿ,
ਮਾਂਗਤ ਫਿਰਤ ਨਾ ਕੋਇ।

ਅੱਗੇ ਜਾ ਕੇ ਸਿੱਖਾਂ ਨੂੰ ਸੰਬੋਧਨ ਹੁੰਦਿਆਂ ਕਬਰਾਂ ਮੜ੍ਹੀਆਂ ਦੀ ਅਸਲੀਅਤ ਦੱਸ ਕੇ ਆਪਣੇ ਗੁਰੂ ਉੱਤੇ ਮਾਣ ਕਰਨਾ ਦੱਸਿਆ ਹੈ ਕਿਆ ਗੁਰ ਤੇ

ਇਹ ਜੋਰਾਵਰ ਹੈ।
ਮੜੀਆਂ ਦੇ ਵਿਚ ਜਿਸ ਦਾ ਘਰ ਹੈ।

ਸਭ ਤੋਂ ਵੱਡੀ ਗੱਲ ਕਿ ਉਨ੍ਹਾਂ ਨੇ ਸਾਡੇ ਅੱਜ ਵਰਗੇ ਭਾਵਨਾ ਵਿਹੂਣੇ, ਗੁਰਬਾਣੀ ਰੱਸ ਤੋਂ ਵਾਂਝੇ, ਕੁਝ ਕੁ ਅਸ਼ਰਧਕ ਵਿਦਵਾਨਾਂ ਵਾਂਗ ਆਪਣੇ ਅਮੀਰ ਧਰਮ ਸਿਧਾਂਤਾਂ ਉੱਤੇ ਕੁਹਾੜਾ ਨਹੀਂ ਚਲਾਇਆ, ਸਗੋਂ ਨਾਮ ਦੀ ਮਹਿਮਾ ਗੁਰਬਾਣੀ ਵਿਚਾਰ, ਬਾਣੀ-ਬਾਣਾ ਅਤੇ ਕਲਗੀਧਰ ਪਿਤਾ ਜੀ ਲਈ ਅਥਾਹ ਵਿਸ਼ਵਾਸ ਦ੍ਰਿੜ੍ਹ ਕਰਵਾਇਆ ਹੈ। ਜਿਵੇਂ- ਦਸਮੇ ਗੁਰ ਦੀ ਓਟ ਲੈ, ਤੇਗ ਗਿਆਨ ਦੀ ਕੱਢ। ਇਸ ਮੀਏਂ ਸੁਲਤਾਨ ਦਾ, ਫਸਤਾ ਦੇਸਾਂ ਵੱਢ। (ਸੁਲਤਾਨ ਪੁਆੜਾ) ਇਹ ਸਵੈ-ਮਾਣ ਤੇ ਸਵੈ-ਵਿਸ਼ਵਾਸ ਪੈਦਾ ਕਰਨਾ ਹੀ ਉਨ੍ਹਾਂ ਦੀਆਂ ਰਚਨਾਵਾਂ ਦਾ ਤੱਤ ਸਾਰ ਰਿਹਾ ਹੈ। ਸੰਨ 1886 ਤੋਂ 1901 ਤੱਕ 'ਖਾਲਸਾ ਅਖਬਾਰ ਲਾਹੌਰ' ਵਿੱਚ ਛਪੇ ਬੇਗਿਣਤ ਲੇਖ, ਸੰਪਾਦਕੀਆਂ, ਨਵੇਂ-ਨਵੇਂ ਕਾਲਮ ਉਨ੍ਹਾਂ ਦੇ ਕੌਮੀ ਦਰਦ ਦੇ ਗਵਾਹ ਹਨ।

ਕਦੀ ਉਹ ਆਪਣੀ ਕੌਮ ਨੂੰ 'ਧਰਮ ਦਰਪਣ' ਵਿੱਚ ਇਉਂ ਸਮਝਾਉਂਦੇ ਹਨ ਪਰ ਤੂੰ ਦੇਖੀਂ ਵਾਂਗ ਗਵਾਰਾਂ, ਧੋਖਾ ਨਾ ਖਾ ਜਾਈਂ।

ਲੱਡੂ ਪੇੜੇ ਛੱਡ ਪਿਛਾਹਾਂ,
ਪੱਲੇ ਬੇਰ ਨਾ ਪਾਈਂ।

ਕਦੀ ਉਹ 'ਨੀਤੀ ਬਚਨ' ਰਾਹੀਂ ਆਪਣੇ ਪੰਥ ਦੇ ਵਾਰਸਾਂ ਨੂੰ ਸੁਚੇਤ ਕਰਦੇ ਹਨ ਕਿ ਫੋਕੇ ਆਡੰਬਰ ਵੇਖ ਕੇ ਵਿਸ਼ਵਾਸ ਨਾ ਕਰਿਉ। ਜੋ ਲਾਭ ਹਾਨੀ ਦੀ ਵਿਚਾਰ ਨਹੀਂ ਕਰਦਾ ਉਹ ਮੂਰਖ ਹੈ।

ਦੇਖ ਆਡੰਬਰ ਮਾਤ੍ਰ ਹੀ
ਜੋ ਕਰਕੇ ਵਿਸ਼ਵਾਸ।
ਹਾਨ ਲਾਭ ਅਪਨੀ ਚਹੇ,
ਸੋ ਮੂਰਖ ਦੁਖ ਰਾਸ।

ਜੇ ਸਿੱਖ ਪੰਥ ਦੀਆਂ ਧਾਰਮਿਕ ਸਮੱਸਿਆਵਾਂ ਦਾ ਹੱਲ ਸੀਮਤ ਸ਼ਬਦਾਂ ਵਿੱਚ ਬਿਆਨ ਕਰਨਾ ਹੋਵੇ ਤਾਂ ਗਿ. ਦਿੱਤ ਸਿੰਘ ਜੀ ਨੇ ਆਪਣੀ ਰਚਨਾ 'ਸੁਲਤਾਨ ਪੁਆੜਾ' ਵਿੱਚ ਗੁਰੂ ਦਾ ਸਿੰਘ ਪਰਕਰਣ ਦੌਰਾਨ ਇੱਕ ਦਵੈਯਾ ਬੁਲਾਇਆ ਹੈ, ਜੋ ਸਿੱਖੀ ਦੇ ਵਾਰਸਾਂ ਲਈ ਪ੍ਰੇਰਨਾ ਸ੍ਰੋਤ ਹੈ। ਹੱਦਾਂ ਬੰਨ੍ਹੇ ਟੱਪ ਰਹੇ ਨਸ਼ੇ, ਦੇਹਧਾਰੀ ਗੁਰੂਡੰਮ, ਪਤਿਤਪੁਣਾ ਤੇ ਭਰਮਾਂ ਪਾਖੰਡਾਂ ਦਾ ਇਲਾਜ ਇਹੋ ਹੀ ਹੈ ਅੰਮ੍ਰਿਤ ਛਕ ਕੇ

ਦਸਮੇਂ ਗੁਰ ਦੇ ਪੂਰੇ ਸਿੰਘ ਸਦਾਵੋ।
ਪੀਰਾਂ-ਮੀਰਾਂ ਅੱਗੇ ਮੁੜ ਕੇ,
ਕਦੇ ਨਾ ਸੀਸ ਝੁਕਾਵੋ।
ਵਾਹਿਗੁਰੂ ਦੀ ਫ਼ਤੇ ਬੁਲਾ ਕੇ,
ਮੜ੍ਹੀ ਮਸਾਣ ਉਠਾਓ।
ਗੁਰੂ ਗ੍ਰੰਥ ਦਾ ਪਾਠ ਕਰੋ ਨਿੱਤ,
ਬਾਣੀ ਮੈ ਮਨ ਲਾਓ।

# 'ਆਪ' ਨੇ ਭਗਵੰਤ ਮਾਨ ਨੂੰ ਬਣਾਇਆ ਸੰਸਦੀ ਨੇਤਾ

## ਡਾ. ਗਾਂਧੀ ਦੀ ਅਹੁਦੇ ਤੋਂ ਛਾਂਟੀ; ਪਾਰਟੀ 'ਚੋਂ ਨਹੀ ਕੱਢਿਆ ਜਾਵੇਗਾ

**ਚੰਡੀਗੜ੍ਹ-** ਲੋਕ ਸਭਾ ਹਲਕਾ ਪਟਿਆਲਾ ਤੋਂ ਆਮ ਆਦਮੀ ਪਾਰਟੀ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਹੈ ਕਿ ਲੀਡਰਸ਼ਿਪ ਦੀ ਆਪਸੀ ਖਿੱਚੋਤਾਣ ਕਾਰਨ ਪਾਰਟੀ ਪੰਜਾਬ ਵਿੱਚ ਕਮਜ਼ੋਰ ਪੈ ਗਈ ਹੈ। ਪਾਰਟੀ ਦਾ ਜੇ ਇਹੋ ਹਾਲ ਰਿਹਾ ਤਾਂ 2017 ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਬਾਰੇ ਸੋਚਣਾ ਛੱਡ ਦੇਣਾ ਚਾਹੀਦਾ ਹੈ। ਪਾਰਟੀ ਦੇ ਸੰਸਦੀ ਦਲ ਦੇ ਨੇਤਾ ਦੇ ਅਹੁਦੇ ਤੋਂ ਲਾਂਭੇ ਕਰ ਦਿੱਤੇ ਜਾਣ ਬਾਰੇ ਦਿੱਲੀ ਤੋਂ ਵਿਸ਼ੇਸ਼ ਗੱਲਬਾਤ ਰਾਹੀਂ ਆਪਣਾ ਪ੍ਰਤੀਕ੍ਰਮ ਜ਼ਾਹਰ ਕਰਦਿਆਂ ਡਾ. ਗਾਂਧੀ ਨੇ ਕਿਹਾ ਕਿ ਅਹੁਦੇ ਖੁੱਸ ਜਾਣ ਦੇ ਡਰੋਂ ਉਹ ਅਸੂਲਾਂ ਦੀ ਲੜਾਈ ਨਹੀਂ ਛੱਡ ਸਕਦੇ। ਗ਼ੌਰਤਲਬ ਹੈ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਡਾ. ਗਾਂਧੀ ਦੀ ਥਾਂ ਲੋਕ ਸਭਾ ਹਲਕਾ ਸੰਗਰੂਰ ਤੋਂ ਮੈਂਬਰ ਭਗਵੰਤ ਮਾਨ ਨੂੰ ਸੰਸਦੀ ਦਲ ਦਾ ਨੇਤਾ ਬਣਾ ਦਿੱਤਾ ਹੈ। 'ਆਪ' ਦੇ ਮੂਹਰਲੀ ਕਤਾਰ ਦੇ ਨੇਤਾ ਯੋਗੇਂਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਣ ਦੀ ਬਰਖ਼ਾਸਤਗੀ ਦਾ ਵਿਰੋਧ ਕਰਨ ਕਰ ਕੇ ਡਾ. ਗਾਂਧੀ ਨੂੰ ਨੁੱਕਰੇ ਲਾਏ ਜਾਣ ਦੀ ਚਰਚਾ ਚਲ ਰਹੀ ਸੀ। ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਹਾਈ ਕਮਾਂਡ ਉਨ੍ਹਾਂ ਵਿਰੁੱਧ ਇਸ ਤੋਂ ਅੱਗੇ ਕੋਈ ਕਾਰਵਾਈ ਕਰਨ ਤੋਂ ਗੁਰੇਜ਼ ਕਰੇਗੀ, ਕਿਉਂਕਿ ਪਾਰਟੀ ਸੰਸਦ ਵਿੱਚ ਆਪਣੇ ਪ੍ਰਤੀਨਿਧਾਂ ਦੀ ਗਿਣਤੀ ਚਾਰ ਤੋਂ ਘਟਾ ਕੇ ਤਿੰਨ ਕਰਨ ਦਾ ਖ਼ਤਰਾ ਮੁੱਲ ਨਹੀਂ ਲੈ ਸਕਦੀ। ਉਂਜ ਵੀ ਪਾਰਟੀ ਤੋਂ ਬਾਹਰ ਕੀਤੇ ਜਾਣ ਉਤੇ ਉਹ ਆਪਣੀ ਮਰਜ਼ੀ ਨਾਲ ਵੋਟ ਪਾਉਣ ਲਈ ਆਜ਼ਾਦ ਹੋ ਜਾਣਗੇ। ਡਾ. ਗਾਂਧੀ ਨੇ ਕਿਹਾ ਕਿ ਅਹੁਦੇ ਤੋਂ ਲਾਂਭੇ ਕਰਨ ਦੇ ਫੈਸਲੇ ਨਾਲ ਨਾ ਤਾਂ ਉਨ੍ਹਾਂ ਨੂੰ ਹੈਰਾਨੀ ਹੋਈ ਹੈ ਅਤੇ ਨਾ ਉਹ ਆਪਣੇ ਨਿਸ਼ਾਨੇ ਤੋਂ ਪਿੱਛੇ ਹਟਣਗੇ। ਉਹ ਕਿਸੇ ਵਿਅਕਤੀ ਜਾਂ ਸ਼ਖ਼ਸੀਅਤ ਦੇ ਪਿਛਲੱਗ ਨਹੀਂ ਹਨ, ਸਗੋਂ 'ਆਪ' ਦੇ ਅਸੂਲਾਂ ਦੇ ਕਾਇਲ ਹਨ। ਪਾਰਟੀ ਜਿਹੜੇ ਅਸੂਲਾਂ ਨੂੰ ਲੈ ਕੇ ਤੁਰੀ ਸੀ, ਉਨ੍ਹਾਂ ਤੋਂ ਲਾਂਭੇ ਹੁੰਦੀ ਜਾ ਰਹੀ ਹੈ। ਇਸ ਕਾਰਨ ਪਾਰਟੀ ਦਾ ਭਵਿੱਖ ਧੁੰਦਲਾ ਨਜ਼ਰ ਆਉਣ ਲੱਗਾ ਹੈ। ਉਨ੍ਹਾਂ ਵਾਰ-ਵਾਰ ਕਿਹਾ ਕਿ ਬਾਨੀ ਮੈਂਬਰਾਂ ਪ੍ਰਸ਼ਾਂਦ ਭੂਸ਼ਣ, ਯੋਗੇਂਦਰ ਯਾਦਵ, ਆਨੰਦ ਕੁਮਾਰ ਅਤੇ ਪ੍ਰੋ. ਝਾਅ ਨੂੰ ਬਾਹਰ ਕਰਨ ਨਾਲ ਪਾਰਟੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਕਿਹਾ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੋਟਰ ਪਾਰਟੀ ਦੀ ਦਿੱਲੀ ਅਤੇ ਪੰਜਾਬ 'ਚ ਕਾਰਗੁਜ਼ਾਰੀ ਦੇਖ ਕੇ ਹੀ ਵੋਟ ਦੇਣਗੇ। ਲੋਕ ਭਾਵੇਂ ਅਕਾਲੀ-ਭਾਜਪਾ ਸਰਕਾਰ ਨੂੰ ਚਲਦੀ ਕਰਨ ਅਤੇ ਕਾਂਗਰਸ ਨੂੰ ਹਕੂਮਤ ਤੋਂ ਦੂਰ ਰੱਖਣ ਦਾ ਮਨ ਬਣਾ ਚੁੱਕੇ ਹਨ, ਪਰ 'ਆਪ' ਨੂੰ ਵੀ ਕਾਰਗੁਜ਼ਾਰੀ ਸੁਧਾਰਨੀ ਪਵੇਗੀ।




ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price
Kashmir S. Thandi
Office: (866) 933-3038
Balhar S. Ranu
Cell: 916-502-7733



Yuba City Ph: 530-419-5058
1816 Main Ave.,
Secramento CA, 95838



ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ
209-479-0242

# ਡਾ. ਅੰਬੇਦਕਰ ਦਾ ਦੁਨੀਆਂ ਦਾ ਸਭ ਤੋਂ ਵੱਡਾ ਬੁੱਤ

**ਲਖਨਊ–** ਉਤਰ ਪ੍ਰਦੇਸ਼ ਦੀ ਰਾਜਧਾਨੀ ਵਿਚ ਹੁਣ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਰਾਮਜੀ ਅੰਬੇਦਕਰ ਦਾ ਦੁਨੀਆਂ ਦਾ ਸਭ ਤੋਂ ਵੱਡਾ ਬੁੱਤ ਲੱਗੇਗਾ। ਇਹ ਬੁੱਤ 125 ਫੁੱਟ ਦਾ ਹੋਵੇਗਾ, ਜੋ ਫੈਜ਼ਾਬਾਦ ਰੋਡ ਜਾਂ ਸਿਤਾਰਪੁਰ ਰੋਡ ਇਲਾਕੇ ਵਿਚ ਲੱਗੇਗਾ। ਇਹ ਬੁੱਤ ਦੁਨੀਆਂ ਦਾ ਸਭ ਤੋਂ ਉਚਾ ਬੁੱਤ ਹੋਵੇਗਾ। ਇਸ ਤੋਂ ਪਹਿਲਾਂ 39.6 ਮੀਟਰ ਉਚਾ ਬੁੱਤ ਕ੍ਰਿਮਸਟ ਰੀਡਰਮਰ ਦਾ ਹੈ, ਜੋ ਬ੍ਰਾਜ਼ੀਲ ਦੇ ਰਿਓ ਡੀ ਜਨੇਰੀਓ ਵਿਚ ਹੈ। ਇਸ ਬੁੱਤ ਦੇ ਨਿਰਮਾਣ ਉਤੇ 20-25 ਕਰੋੜ ਦੇ ਕਰੀਬ ਖਰਚ ਆਵੇਗਾ।

ਬੁੱਤਸਾਜ਼ ਅਮਰਨਾਥ ਪਰਜਾਪਤੀ ਨੇ ਦੱਸਿਆ ਕਿ ਇਸ ਬੁੱਤ ਦੀ ਕੁੱਲ ਉਚਾਈ 150 ਫੁੱਟ ਅਨੁਮਾਨਿਤ ਹੈ, ਜੋ ਕਿ ਸਟੈਟੀਊਟ ਆਫ ਲਿਬਰਟੀ ਤੋਂ ਉਚਾ ਹੋਵੇਗਾ, ਜੋ ਕਿ 111 ਫੁੱਟ ਉਚਾ ਜਾਂ 38.86 ਮੀਟਰ ਦਾ ਹੈ। ਜਦੋਂ ਇਹ ਬਣ ਕੇ ਤਿਆਰ ਹੋ ਗਿਆ ਤਾਂ ਇਹ ਦੁਨੀਆਂ ਦਾ ਸਭ ਤੋਂ ਉਚਾ ਬੁੱਤ ਹੋਵੇਗਾ। ਇਸ ਤੋਂ ਪਹਿਲਾਂ ਬਾਬਾ ਸਾਹਿਬ ਦਾ 15 ਫੁੱਟ ਉਚਾ ਬੁੱਤ ਉਪਲਬਧ ਹੈ।

# ਅੰਬੇਦਕਰ ਜੀ ਦੇ ਜਨਮ ਦਿਨ ਦਾ ਅਸਲੀ ਜਸ਼ਨ

ਇਸ ਵਾਰ ਡਾ. ਅੰਬੇਦਕਰ ਦੇ ਜਨਮ ਦਿਨ ਦੀ ਖੂਬ ਧੂੰਮ ਰਹੀ। ਮੁੰਬਈ ਵਿਚ ਤਾਂ ਅੰਬੇਦਕਰ ਜੈਅੰਤੀ ਕਿਸੇ ਉਤਸਵ ਵਰਗੀ ਮਨਾਈ ਗਈ ਹੈ। ਡੀ. ਜੇ., ਗਾਣੇ, ਡਾਂਸ, ਪਟਾਕੇ, ਸਭ ਕੁਝ ਹੁੰਦੇ ਹਨ ਇੱਥੇ। ਗਾਣੇ ਵੀ ਔਸਤਨ ਉਹੀ ਜੋ ਕਿਸੇ ਸਮਾਜਿਕ-ਪਰਿਵਾਰਕ ਪ੍ਰੋਗਰਾਮ ਵਿਚ ਵੱਸਦੇ ਹਨ। ਪਰ ਇਹ ਸਭ ਇਸ ਮੌਕੇ ਤੇ ਇੰਨਾ 'ਵਲਗਰ' ਨਹੀਂ ਲੱਗਦਾ, ਜਿੰਨਾ ਧਾਰਮਿਕ ਉਤਸਵਾਂ ਵਿਚ ਲੱਗਦਾ ਹੈ। ਸ਼ਾਇਦ ਇਸ ਕਰਕੇ ਕਿਉਂਕਿ ਇੱਥੇ ਸਸਤੇ ਗਾਣੇ ਵੀ ਹਨ ਅਤੇ ਉਹਨਾਂ ਤੇ ਜੋ ਥਿਰਕ ਰਹੇ ਪੈਰ ਹਨ, ਉਸਦੇ ਲਈ ਉਹਨਾਂ ਨੂੰ ਦਾਰੂ ਦਾ ਪੈਟਰੋਲ ਨਹੀਂ ਲੱਗਦਾ। ਆਜ਼ਾਦੀ ਅਤੇ ਉਮੰਗ ਦੀ ਊਰਜਾ ਵਿਚ ਸਹਿਜੇ ਹੀ ਪੂਰਾ ਸਰੀਰ ਮਚਲਦਾ ਹੈ। ਉਹਨਾਂ ਦੇ ਡਾਂਸ ਵਿਚ ਉਹ ਥਿਰਕਣ ਨਹੀਂ ਹੈ, ਜੋ ਡਾਂਸ ਸਕੂਲਾਂ ਤੋਂ ਨਿਕਲੇ ਲੜਕਿਆਂ ਵਿਚ ਹੁੰਦੀ ਹੈ। ਉਹਨਾਂ ਵਿਚ ਇਕ ਕਿਸਮ ਦੀ ਆਜ਼ਾਦੀ ਹੈ, ਮੁਕਤੀ ਹੈ ਅਤੇ ਇਹ ਭਾਵਨਾ ਜ਼ਰੂਰ ਹੁੰਦੀ ਹੈ- ਦੇਖੋ, ਤੁਸੀਂ ਜੋ ਸਾਨੂੰ ਵਿਆਹ ਵਿਚ ਘੋੜੀ ਤੱਕ ਤੇ ਬੈਠਣ ਦੀ ਇਜਾਜ਼ਤ ਨਹੀਂ ਦਿੰਦੇ ਸੀ, ਅਸੀਂ 'ਲਾਊਡ ਡੀਜੇ' ਤੇ ਡਾਂਸ ਕਰ ਸਕਦੇ ਹਾਂ। ਸਾਡੇ ਥਿਰਕਦੇ ਪੈਰਾਂ ਨੂੰ ਤੁਸੀਂ ਆਪਣੀ ਛਾਤੀ ਤੇ ਮਹਿਸੂਸ ਕਰਦੇ ਹੋ, ਤਾਂ ਕਰਦੇ ਰਹੋ। ਅੰਬੇਦਕਰ ਜੈਅੰਤੀ ਹੁਣ ਦਿੱਲੀ ਅਤੇ ਦੂਜੀਆਂ ਥਾਵਾਂ ਤੇ ਧੂੰਮ ਧਾਮ ਨਾਲ ਮਨਾਈ ਜਾਂਦੀ ਹੈ। ਗਾਂਧੀ ਆਦਿ ਲੀਡਰਾਂ ਦੀ ਜੈਅੰਤੀ ਵਾਂਗ ਇਹ ਸਰਕਾਰੀ ਪ੍ਰੋਗਰਾਮ ਨਹੀਂ ਹੁੰਦਾ। ਇਸ ਵਿਚ ਵਾਂਚੇ ਦਲਿਤ ਵਰਗ ਦੀ ਹਿੱਸੇਦਾਰੀ ਹੁੰਦੀ ਹੈ। ਫਿਰ ਦੂਜੀਆਂ ਥਾਵਾਂ ਤੇ ਉਹ ਇਕ ਕਿਸਮ ਦੇ ਬੁੱਧੀਜੀਵੀਆਂ ਅਤੇ ਐਨ ਜੀ. ਓ. ਦੀ ਕੈਦ ਵਿਚ ਹੁੰਦੀ ਹੈ।ਫਿਰ ਦੂਜੀਆਂ ਥਾਵਾਂ ਤੇ ਉਹ ਇਕ ਕਿਸਮ ਦੇ ਬੁੱਧੀਜੀਵੀਆਂ ਅਤੇ ਐਨ. ਜੀ. ਓ. ਦੀ ਕੈਦ ਵਿਚ ਹੁੰਦੀ ਹੈ। ਇੱਥੇ ਮੁੰਬਈ ਵਿਚ ਜਨਤਾ ਨੇ ਅੰਬੇਦਕਰ ਉਤਸਵ ਨੂੰ ਉਸ ਕੈਦ ਤੋਂ ਮੁਕਤ ਕਰਕੇ ਜਨਤਕ ਉਤਸਵ ਵਿਚ ਤਬਦੀਲ ਕਰ ਦਿੱਤਾ ਹੈ।

**-ਉਮਾਸ਼ੰਕਰ ਸਿੰਘ ਦੀ ਫੇਸਬੁੱਕ ਵਾਲ ਤੋਂ**

## (ਸਫਾ 1 ਦੀ ਬਾਕੀ) ਸਾਨਫਰਾਂਸਿਸਕੋ ਦਾ ਸ਼ਹੀਦੀ ਨਗਰ ਕੀਰਤਨ

ਜਥੇਬੰਦੀਆਂ ਤੇ ਸੰਗਤਾਂ ਦੇ ਆਪਸੀ ਸਹਿਯੋਗ ਨਾਲ ਸਜਾਉਣ ਲਈ ਤਿਆਰੀਆਂ ਸ਼ੁਰੂ ਕਰ ਦਿਤੀਆ ਗਈਆ ਹਨ।

ਤਿਆਰੀਆਂ ਲਈ ਵੱਖ ਵੱਖ ਗੁਰਦੁਆਰਾ ਸਾਹਿਬ ਵਿਚ ਪ੍ਰਬੰਧਕ ਕਮੇਟੀਆਂ ਨਾਲ ਆਪਸੀ ਮਿਲਣੀਆਂ ਦਾ ਦੌਰ ਸ਼ੁਰੂ ਹੈ। ਇਸ ਵਾਰ ਇਕ ਮੀਟਿੰਗ ਦਾ ਪ੍ਰਬੰਧ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ ਵਿਚ ਕੀਤਾ ਗਿਆ ਜਿਸ ਵਿਚ ਦੂਰੋਂ ਨੇੜਿਉਂ ਬਹੁਤ ਸਾਰੀਆ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਪੰਥਕ ਜਥੇਬੰਦੀਆ ਦੇ ਮੈਂਬਰ ਸ਼ਾਮਲ ਹੋਏ। ਦੋ ਘੰਟੇ ਚੱਲੀ ਇਸ ਮੀਟਿੰਗ ਵਿਚ ਪਿਛਲੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ ਤੇ ਆਉਣ ਵਾਲੇ ਨਗਰ ਕੀਰਤਨ ਦੀਆ ਤਿਆਰੀਆਂ ਵਿਚ ਤੇਜ਼ੀ ਲਿਆਉਣ ਲਈ ਸੂਚੀਆਂ ਤੇ ਪ੍ਰਬੰਧਾਂ ਦੀ ਵੰਡ ਕੀਤੀ ਗਈ। ਪਿਛਲੇ ਸਾਲ ਦੇ ਨਗਰ ਕੀਰਤਨ ਵਿਚ ਗੁਰਦੁਆਰਾ ਸਾਹਿਬ ਸਾਊਥ ਸੈਨ ਫਰਾਂਸਿਸਕੋ, ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਗੁਰਦੁਆਰਾ ਸਾਹਿਬ ਟਰਲਕ, ਗੁਰਦੁਆਰਾ ਸਾਹਿਬ ਮੋਡੈਸਟੋ, ਗੁਰਦੁਆਰਾ ਸਾਹਿਬ ਰਿਵਰਸਾਈਡ, ਗੁਰਦੁਆਰਾ ਸਾਹਿਬ ਸਟਾਕਟਨ, ਕੈਪੀਟਲ ਸਿੱਖ ਸੈਂਟਰ ਸੈਕਰਾਮੈਂਟੋ, ਗੁਰਦੁਆਰਾ ਸਾਹਿਬ ਬਰਾਡਸ਼ਾਹ ਸੈਕਰਾਮੈਂਟੋ, ਗੁਰਦੁਆਰਾ ਸਿੰਘ ਸਭਾ ਮਿਲਪੀਟਸ, ਗੁਰਦੁਆਰਾ ਸਾਹਿਬ ਐਲ ਸਬਰਾਂਟੇ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ, ਦੁਆਰਾ ਸਾਹਿਬ ਡੈਲਹਾਈ, ਗੁਰਦੁਆਰਾ ਸਾਹਿਬ ਹੇਵਰਡ, ਗੁਰਦੁਆਰਾ ਸਾਹਿਬ ਸੈਨ ਮੈਟਿਉ, ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ, ਗੁਰਦੁਆਰਾ ਦਸਮੇਸ਼ ਦਰਬਾਰ ਟਰੇਸੀ,ਗੁਰਦੁਆਰਾ ਨਾਨਕ ਪ੍ਰਕਾਸ਼ ਫਜ਼ਿਨੋ, ਗੁਰਦੁਆਰਾ ਦਸਮੇਸ਼ ਦਰਬਾਰ ਲੋਡਾਈ, ਗੁਰਦੁਆਰਾ ਸਾਹਿਬ ਯੂਬਾ ਸਿਟੀ, ਗੁਰੁਦੁਆਰਾ ਸਾਹਿਬ ਫੇਅਰਫੀਲਡ। ਇਸ ਵਾਰ ਹੋਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨਾਲ ਤਾਲਮੇਲ ਕਰਕੇ ਪੂਰੇ ਕੈਲੇਫੋਰਨੀਆ ਦੇ ਗੁਰਦੁਆਰਾ ਸਾਹਿਬ ਨੂੰ ਇਸ ਨਗਰ ਕੀਰਤਨ ਵਿਚ ਸ਼ਾਮਲ ਕੀਤਾ ਜਾਵੇਗਾ ਤਾਂ ਕਿ ਇਹ ਨਗਰ ਕੀਰਤਨ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਦੁਨੀਆਂ ਭਰ ਵਿਚ ਪ੍ਰਸਿਧ ਹੋ ਸਕੇ। ਸੈਨ ਫਰਾਂਸਿਸਕੋ ਇਕ ਅੰਤਰ-ਰਾਸਟਰੀ ਪ੍ਰਸਿਧੀ ਰਖਦਾ ਮਹਤਵਪੂਰਨ ਸ਼ਹਿਰ ਹੈ, ਜਿਸ ਵਿਚ ਕੀਤੀ ਗਈ ਹਰ ਗੱਲ ਦੂਰ ਤੱਕ ਜਾਂਦੀ ਹੈ। ਸਮੂੰਹ ਸਾਧ ਸੰਗਤ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸੱਤ ਜੂਨ ਦਿਨ ਐਤਵਾਰ ਵਾਲਾ ਦਿਨ ਸੈਨ ਫਰਾਂਸਿਸਕੋ ਦੇ ਨਗਰ ਕੀਰਤਨ ਲਈ ਸੁਰਖਿਅਤ ਰਖਣ ਤੇ ਇਸ ਫੋਨ ਉਤੇ ਸੂਚਨਾਵਾਂ ਦਾ ਆਦਾਨ ਪ੍ਰਦਾਨ ਕਰ ਸਕਦੇ ਹਨ: 650-391-4408


**ਵੈਬਸਾਈਟ ਤੇ ਤਾਜ਼ੀਆਂ ਖਬਰਾਂ ਪੜ੍ਹਨ ਲਈ ਕਲਿਕ ਕਰੋ**

**www.deshdoaba.com**

**www.ambedkartimes.org**


# ਵਿਧਾਨ ਸਭਾ ਸਪੀਕਰ ਅਤੇ ਭਾਜਪਾ ਸਾਂਸਦ ਦੇ ਵਿਵਾਦਗ੍ਰਸਤ ਬੋਲ

## ਐਸ ਸੀ ਦੇ ਡਾਕਟਰ ਤੋਂ ਇਲਾਜ ਨਹੀਂ ਕਰਵਾਇਆ ਜਾਂਦਾ- ਮੇਘਵਾਲ

**ਝੁੰਜਨੂੰ (ਰਾਜਸਥਾਨ)–** ਵਿਧਾਨ ਸਭਾ ਸਪੀਕਰ ਕੈਲਾਸ਼ ਮੇਘਵਾਲ ਨੇ ਕਿਹਾ ਕਿ ਰਾਜਨੀਤੀ ਵਿਚ ਐਸ ਸੀ. ਦਾ ਵਿਅਕਤੀ ਅੱਗੇ ਵਧਦਾ ਹੈ ਤਾਂ ਲੋਕਾਂ ਦੀ ਨਜ਼ਰ ਪੈ ਜਾਂਦੀ ਹੈ। ਸ਼ਡਿਊਲਡ ਕਾਸਟ ਦੇ ਡਾਕਟਰ ਤੋਂ ਇਲਾਜ ਨਹੀਂ ਕਰਵਾਇਆ ਜਾਂਦਾ। ਸ਼ਡਿਊਲਡ ਕਾਸਟ ਦੇ ਅਫਸਰ ਦੀ ਸੀ. ਆਰ. ਵਿਗਾੜਨ ਦੀ ਭਾਵਨਾ ਰੱਖਦੇ ਹਨ। ਮੇਘਵਾਲ ਮੰਗਲਵਾਰ ਨੂੰ ਝੁੰਜਨੂੰ ਦੇ ਅੰਬੇਦਕਰ ਭਵਨ ਵਿਚ ਡਾ. ਭੀਮਰਾਓ ਅੰਬੇਦਕਰ ਦੇ ਜਨਮ ਦਿਨ ਸਬੰਧੀ ਹੋਏ ਸਮਾਰੋਹ ਵਿਚ ਸ਼ਾਮਲ ਹੋਏ ਸਨ। ਸਮਾਰੋਹ ਵਿਚ ਬੀਕਾਨੇਰ ਤੋਂ ਸਾਂਸਦ ਅਤੇ ਲੋਕ ਸਭਾ ਵਿਚ ਭਾਜਪਾ ਦੇ ਮੁੱਖ ਸਚੇਤਕ ਅਰਜੁਨ ਮੇਘਵਾਲ ਨੇ ਵੀ ਸਮਾਜਿਕ ਬੁਰਾਈ ਦਾ ਮੁੱਦਾ ਉਠਾਇਆ। ਉਹ ਬੋਲੇ ਕਿ ਸਵਰਣਾਂ ਨੂੰ ਹੁਣ ਵੀ ਐਸ ਸੀ. ਦੇ ਵਿਧਾਇਕ, ਸਾਂਸਦ ਅਤੇ ਅਧਿਕਾਰੀ ਨਹੀਂ ਹਜ਼ਮ ਹੁੰਦੇ। ਸੁੰਦਰਲਾਲ ਅਤੇ ਮੈਨੂੰ (ਅਰਜੁਨ ਮੇਘਵਾਲ) ਨੂੰ ਇਸੇ ਸੰਘਰਸ਼ ਵਿਚੋਂ ਲੰਘਣਾ ਪੈ ਰਿਹਾ ਹੈ।

ਉਹਨਾਂ ਕਿਹਾ ਕਿ ਦੇਸ਼ ਵਿਚ ਔਰਤਾਂ ਨੂੰ ਵੋਟ ਦਾ ਅਧਿਕਾਰ ਮਿਲਣਾ ਬਾਬਾ ਸਾਹਿਬ ਦੀ ਦੇਣ ਹੈ। ਡਾ. ਅੰਬੇਦਕਰ ਨੂੰ ਭਾਰਤ ਰਤਨ ਹੀ ਨਹੀਂ, ਵਿਸ਼ਵ ਰਤਨ ਮਿਲਣਾ ਚਾਹੀਦਾ ਹੈ। ਕੋਲੰਬੀਆ ਯੂਨੀਵਰਸਿਟੀ ਵਿਚ ਅੰਬੇਦਕਰ ਸਭ ਤੋਂ ਇੰਟੈਲੀਜੈਂਟ ਵਿਦਿਆਰਥੀ ਸਨ। ਉਹ ਆਪਣੇ ਸਮੇਂ ਸਭ ਤੋਂ ਜ਼ਿਆਦਾ ਪਾਪੂਲਰ ਲੀਡਰ ਸਨ। ਇਸ ਕਰਕੇ ਉਹਨਾਂ ਨੂੰ ਵਿਸ਼ਵ ਰਤਨ ਦਿੱਤਾ ਜਾਣਾ ਚਾਹੀਦਾ ਹੈ।

ਮੇਘਵਾਲ ਨੇ ਕਿਹਾ ਕਿ ਕੋਲੰਬੀਆ ਵਿਚ ਬਾਬਾ ਸਾਹਿਬ ਜਿਸ ਭਵਨ ਵਿਚ ਰਹਿੰਦੇ ਸਨ, ਉਸਦੀ ਨੀਲਾਮੀ ਹੋਣ ਵਾਲੀ ਸੀ। ਉਹਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕੀਤੀ, ਤਾਂ ਕੇਂਦਰ ਸਰਕਾਰ ਨੇ ਉਸ ਭਵਨ ਨੂੰ 40 ਕਰੋੜ ਰੁਪਏ ਵਿਚ ਖਰੀਦ ਲਿਆ।

# 80 ਏ. ਈ. ਫਿਰ ਬਣਨਗੇ ਜੇ. ਈ.

**ਲਖਨਊ–** ਸਿੰਚਾਈ ਵਿਭਾਗ ਵਿਚ ਕਰੀਬ 80 ਅਸਿਸਟੈਂਟ ਇੰਜੀਨੀਅਰ (ਏ. ਈ.) ਫਿਰ ਤੋਂ ਜੂਨੀਅਰ ਇੰਜੀਨੀਅਰ (ਜੇ. ਈ.) ਬਣਨਗੇ। ਪ੍ਰਦੇਸ਼ ਸਰਕਾਰ ਇਹਨਾਂ ਨੂੰ ਤਰੱਕੀ ਦੇਣ ਜਾ ਰਹੀ ਹੈ। ਇਹ ਸਾਰੇ ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਪ੍ਰਾਪਤ ਕਰਨ ਵਾਲੇ ਡਿਪਲੋਮਾ ਹੋਲਡਰ ਹਨ। ਵਿਭਾਗ ਇਹਨਾਂ ਦੀ ਸੂਚੀ ਤਿਆਰ ਕਰਨ ਵਿਚ ਜੁਟਿਆ ਹੋਇਆ ਹੈ। ਪ੍ਰਦੇਸ਼ ਸਰਕਾਰ ਇਹ ਕਾਰਵਾਈ ਸੁਪਰੀਮ ਕੋਰਟ ਵਿਚ ਦਾਖਲ ਰਿੱਟ ਤੋਂ ਬਚਣ ਦੇ ਲਈ ਕਰਨ ਜਾ ਰਹੀ ਹੈ।

ਸਿੰਚਾਈ ਵਿਭਾਗ ਨੇ ਕੁਝ ਦਿਨ ਪਹਿਲਾਂ ਹੀ ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਪ੍ਰਾਪਤ ਕਰਨ ਵਾਲੇ 30 ਇੰਜੀਨੀਅਰਾਂ ਦੀ ਸੂਚੀ ਤਿਆਰ ਕੀਤੀ ਸੀ। ਇਹਨਾਂ ਨੂੰ ਤਰੱਕੀ ਦਿੱਤੀ ਜਾਣੀ ਹੈ। ਸੁਪਰੀਮ ਕੋਰਟ ਵਿਚ 11 ਮਈ ਨੂੰ ਸੁਣਵਾਈ ਦੀ ਤਾਰੀਖ ਹੋਣ ਦੇ ਕਾਰਨ ਸਰਕਾਰ ਨੇ ਫਿਲਹਾਲ ਇਹਨਾਂ ਦੀ ਤਰੱਕੀ ਦਾ ਆਦੇਸ਼ ਜਾਰੀ ਨਹੀਂ ਕੀਤਾ ਹੈ। ਹੁਣ ਜੂਨੀਅਰ ਇੰਜੀਨੀਅਰ ਤੋਂ ਸਹਾਇਕ ਇੰਜੀਨੀਅਰ ਬਣੇ ਇੰਜੀਨੀਅਰਾਂ ਦੀ ਵੀ ਸੂਚੀ ਤਿਆਰ ਕੀਤੀ ਜਾ ਰਹੀ ਹੈ। ਅਜਿਹੇ ਕਰੀਬ 80 ਏ. ਈ. ਹਨ, ਜਿਹਨਾਂ ਨੂੰ ਤਰੱਕੀ ਦਿੱਤੀ ਜਾਣੀ ਹੈ। ਦਰਅਸਲ 15 ਅਪ੍ਰੈਲ ਨੂੰ ਯੂ. ਪੀ. ਲੋਕ ਸੇਵਾ ਕਮਿਸ਼ਨ ਇਲਾਹਾਬਾਦ ਵਿਚ ਜੇ. ਈ. ਤੋਂ ਏ. ਈ. ਦੇ ਲਈ ਡੀ. ਸੀ ਪੀ ਹੋਣੀ ਸੀ ਪਰ ਐਨ ਮੌਕੇ ਤੇ ਇਸ ਡੀ ਸੀ ਪੀ ਨੂੰ ਰੱਦ ਕਰ ਦਿੱਤਾ ਗਿਆ। ਇਹ ਡੀ ਸੀ ਪੀ ਕੈਂਸਲ ਇਸ ਕਰਕੇ ਹੋਈ ਕਿਉਂਕਿ ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਪ੍ਰਾਪਤ ਕਰਨ ਵਾਲੇ ਅਧਿਕਾਰੀ ਤਰੱਕੀ ਦੇ ਕੇ ਜੇ. ਈ. ਨਹੀਂ ਬਣਾਏ ਜਾਣਗੇ। ਇਸ ਤੋਂ ਬਾਅਦ ਅਹੁਦਿਆਂ ਦੀ ਗਿਣਤੀ ਵਿਚ ਅੰਤਰ ਆ ਜਾਵੇਗਾ।

## ਮਾਇਆਵਤੀ ਨਾਲ ਨਹੀਂ ਜਾਣਗੇ ਕੇਜਰੀਵਾਲ : ਆਸ਼ੂਤੋਸ਼

**ਜੈਪੁਰ–** ਆਮ ਆਦਮੀ ਦੇ ਬੁਲਾਰੇ ਆਸ਼ੂਤੋਸ਼ ਨੇ ਆਮ ਆਦਮੀ ਪਾਰਟੀ ਦਾ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਗਠਜੋੜ ਦੇ ਕਿਆਸਾਂ ਨੂੰ ਗਲਤ ਦੱਸਿਆ ਹੈ। ਆਪਣੀ ਕਿਤਾਬ 'ਥਰਟੀਨ ਡੇਜ-ਅਵੇਕਨਿੰਗ ਇੰਡੀਆ' 'ਤੇ ਚਰਚਾ ਤੋਂ ਬਾਅਦ



ਆਸ਼ੂਤੋਸ਼ ਤੋਂ ਪੁੱਛਿਆ ਗਿਆ ਕਿ ਕੀ ਅਰਵਿੰਦ ਕੇਜਰੀਵਾਲ ਬਸਪਾ ਦੀ ਮਾਇਆਵਤੀ ਨਾਲ ਗਠਜੋੜ ਕਰ ਰਹੇ ਹਨ ਤਾਂ ਉਨ੍ਹਾਂ ਨੇ ਕਿਹਾ ਕਿ ਅਜਿਹਾ ਕੁਝ ਨਹੀਂ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਕੇਜਰੀਵਾਲ ਨੇ ਦਿੱਲੀ ਵਿਚ ਇਕ ਪ੍ਰੋਗਰਾਮ ਦੌਰਾਨ ਮਾਇਆਵਤੀ ਦੇ ਪਿਤਾ ਦੇ ਪੈਰ ਛੂਹੇ ਸਨ, ਜਿਸ ਤੋਂ ਬਾਅਦ ਤੋਂ ਇਹ ਕਿਆਸ ਲੱਗਣ ਲੱਗੇ ਕਿ ਦੋਹਾਂ ਦਲਾਂ ਵਿਚ ਗਠਜੋੜ ਹੋ ਸਕਦਾ ਹੈ।

## ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਦੇ ਲਈ ਹੋਵੇਗੀ ਸੰਵਿਧਾਨਕ ਸੋਧ

**ਲਖਨਊ–** ਕੇਂਦਰੀ ਖੁਰਾਕ ਅਤੇ ਜਨਤਕ ਵੰਡ ਮੰਤਰੀ ਰਾਮਵਿਲਾਸ ਪਾਸਵਾਨ ਨੇ ਕਿਹਾ ਕਿ ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਦੇ ਮਸਲੇ ਤੇ ਜਲਦੀ ਹੀ ਕੇਂਦਰ ਸਰਕਾਰ ਸੰਵਿਧਾਨ ਸੋਧ ਬਿਲ ਲੈ ਕੇ ਆਵੇਗੀ। ਹੁਣ ਇਹ ਬਿਲ ਸਟੈਂਡਿੰਗ ਕਮੇਟੀ ਦੇ ਕੋਲ ਹੈ। ਉਥੋਂ ਆਉਣ ਤੋਂ ਬਾਅਦ ਕੇਂਦਰ ਇਸਨੂੰ ਸੰਸਦ ਵਿਚ ਪਾਸ ਕਰਵਾਏਗੀ। ਇਸ ਤੋਂ ਪਹਿਲਾਂ ਵੀ ਰਿਜ਼ਰਵੇਸ਼ਨ ਦੇ ਮਸਲੇ ਤੇ ਤਿੰਨ ਵਾਰ ਸੰਵਿਧਾਨਕ ਸੋਧਾਂ ਕੀਤੀਆਂ ਜਾ ਚੁੱਕੀਆਂ ਹਨ।

ਉਹਨਾਂ ਕਿਹਾ ਕਿ ਯੂ. ਪੀ. ਏ. ਦੀ ਸਰਕਾਰ ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਦੇ ਲਈ ਸੰਵਿਧਾਨਕ ਸੋਧ ਨਹੀਂ ਕਰ ਸਕੀ ਸੀ। ਉਸ ਵਕਤ ਮੁਲਾਇਮ ਸਿੰਘ ਯਾਦਵ ਨੇ ਹੀ ਵਿਰੋਧ ਕਰ ਦਿੱਤਾ ਸੀ। ਪਰ ਹੁਣ ਅਸੀਂ ਇਸਨੂੰ ਪਾਸ ਕਰਵਾਵਾਂਗੇ। ਸੰਵਿਧਾਨਕ ਸੋਧ ਤੋਂ ਬਾਅਦ ਪ੍ਰਮੋਸ਼ਨ ਵਿਚ ਵੀ ਐਸ. ਸੀ. ਅਤੇ ਐਸ. ਟੀ. ਦੇ ਕਰਮਚਾਰੀਆਂ ਨੂੰ ਰਿਜ਼ਰਵੇਸ਼ਨ ਦਾ ਲਾਭ ਮਿਲ ਜਾਵੇਗਾ।

## (ਸਫਾ 1 ਦੀ ਬਾਕੀ) ਪੀ ਸੀ ਐਸ ਸੈਕਰਾਮੈਂਟੋ ਦਾ ਵਿਸਾਖੀ ਮੇਲਾ

ਅੱਖਾਂ ਅਗੇ ਲੈ ਆਂਦੇ। ਵਤਨੋਂ ਦੂਰ ਆਪਣੇ ਵਿਰਾਸਤੀ ਸਭਿਆਚਾਰ ਦੇ ਪ੍ਰਵਾਹ ਨੂੰ ਨਿਰੰਤਰ ਜ਼ਾਰੀ ਰੱਖਣ ਦਾ ਤਹਈਆ ਕਰਕੇ ਤੁਰੀ ਇਸ ਸੰਸਥਾ ਦੇ ਰੂਹੇ-ਰਵਾਂ ਰਛਪਾਲ ਸਿੰਘ ਫਰਵਾਲਾ ਅਤੇ ਸੰਸਥਾ ਦੇ ਮੈਂਬਰਾਂ ਨੇ 27 ਖੂਬਸੂਰਤ ਗੁਬਾਰੇ ਨੀਲੇ ਅੰਬਰਾਂ ਵਿਚ ਉਡਾਉਂਦਿਆਂ ਚਾਵਾਂ ਨਾਲ ਇਸ ਮੇਲੇ ਦਾ ਉਦਘਾਟਨ ਕੀਤਾ। ਫਰਵਾਲਾ ਜੀ ਨੇ ਇਸ ਮੌਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦਿਆਂ ਆਏ ਮਹਿਮਾਨਾਂ ਨੂੰ ਆਪਣੀ ਵਿਰਾਸਤ ਨਾਲ ਜੁੜੇ ਰਹਿਣ ਦਾ ਸੁਨੇਹਾ ਵੀ ਦਿਤਾ। ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਵਿਚ ਪਿੰਡਾਂ ਦੇ ਪੰਜਾਬੀ ਦ੍ਰਿਸ਼ਾਂ ਨਾਲ ਸਜੀ ਸਟੇਜ ਤੋਂ ਨਾਭੇ ਵਾਲੀਆਂ ਬੀਬੀਆਂ ਦੇ ਮਸ਼ਹੂਰ ਜਥੇ ਨੇ ਖਾਲਸੇ ਦੀ ਸਿਰਜਣਾ ਦੇ ਇਸ ਖਾਸ ਦਿਨ ਦੀ ਖੁਸ਼ੀ ਸਰੋਤਿਆਂ ਨਾਲ ਸਾਂਝੀ ਕਰਨ ਬਾਅਦ ਅਜ਼ਾਦੀ, ਬਰਾਬਰੀ ਅਤੇ ਭਾਈਚਾਰਕ ਸਾਂਝ ਲਈ ਆਪਣੀਆਂ ਜਾਨਾਂ ਵਾਰਨ ਵਾਲੇ ਸੰਗਰਾਮੀ ਯੋਧਿਆਂ ਭਗਤ ਸਿੰਘ ਅਤੇ ਊਧਮ ਸਿੰਘ ਦੀ ਬਹਾਦਰੀ ਦੀਆਂ ਵਾਰਾਂ ਗਾਕੇ ਫ਼ਿਜ਼ਾ ਵਿਚ ਹਰ ਪਾਸੇ ਵੀਰ-ਰਸੀ ਰੰਗ ਘੋਲ ਦਿਤਾ।

ਬੀਬੀਆਂ ਦੇ ਜਥੇ ਤੋਂ ਬਾਅਦ ਸਟੇਜ ਦਾ ਰੰਗ ਬਦਲਿਆ। ਪੰਜਾਬੀਆਂ ਦੇ ਦਿਲਾਂ ਵਿਚ ਨੱਚਦੇ ਵਿਸਾਖੀ ਦੇ ਚਾਵਾਂ ਨੂੰ ਤਰਨ ਢਿਲੋਂ ਅਤੇ ਅਮਨਦੀਪ ਸੰਧੂ (ਤੁਇਨਸ ਗਰੁੱਪ ) ਦੀਆਂ ਬਚੀਆਂ ਨੇ ਆਪਣੇ ਬਾ-ਕਮਾਲ ਭੰਗੜੇ ਨਾਲ ਨੱਚਣ ਲਾ ਦਿਤਾ। ਫਿਰ ਤਾਂ ਬੱਸ ਭੰਗੜੇ ਅਤੇ ਗਿੱਧੇ ਦਾ ਗੇੜਾ ਬੱਝ ਗਿਆ ।ਗਿੱਧੇ ਅਤੇ ਭੰਗੜੇ ਮੌਕੇ ਫੱਬਦੀਆਂ ਰੰਗ ਬਰੰਗੀਆਂ ਪੁਸ਼ਾਕਾਂ, ਕੰਨੀਦਾਰ ਚਾਦਰੇ, ਖੁਲੇ ਕੁੜਤਿਆਂ, ਕਢਾਈਦਾਰ ਜੈਕਟਾਂ ਤੇ ਤੁਰਲੇਦਾਰ ਪੱਗਾਂ ਸਜਾਕੇ ਆਪਣੀ ਪੂਰੀ ਚੜ੍ਹਤ ਬਣਾਈ ਹੋਈ ਸੀ । ਸਟੇਜ ਤੇ ਨਚਦੇ ਹੋਏ ਨਿਕੇ ਨਿਕੇ ਬੱਚੇ ਕਿਸੇ ਬਗੀਚੇ ਦੇ ਖਿੜੇ ਫੁਲਾਂ ਤੇ ਤਿਤਲੀਆਂ ਦਾ ਭੁਲੇਖਾ ਪਾ ਰਹੇ ਸਨ। 'ਪੰਜਾਬ ਭੰਗੜਾ ਅਕੈਡਮੀ ਸਟਾਕਟਨ' ਦੀ ਪਹਿਲੀ ਵਾਰ ਆਈ ਨਵੀਂ ਟੀਮ ਨੇ ਸਟੇਜ ਤੇ ਸੁਹਣੀ ਪ੍ਰਦਰਸ਼ਨੀ ਕੀਤੀ। ਪਰਨੀਤ ਸਿੱਧੂ ਦੀ ਨਿਗਰਾਨੀ ਹੇਠ ਤਿਆਰ ਹੋਇਆ 'ਭੰਗੜਾ' , ਹਰਜੀਤ ਸਿੰਘ ਦੀ ਡਾਇਰੈਕਸ਼ਨ ਹੇਠ 'ਵਿਰਸਾ ਪੰਜਾਬ ਦਾ' ਅਤੇ ਮਨਪ੍ਰੀਤ ਦੀ ਦੇਖ ਰੇਖ ਹੇਠ 'ਮਿਤਰਾਂ ਦੀ ਟੌਹਰ ਵਖਰੀ' ਵਖੋ ਵਖਰੀਆਂ ਟੀਮਾਂ ਨੇ ਆਪੋ ਆਪਣੀ ਕਲਾ ਦੇ ਜੌਹਰ ਵਿਖਾਏ। ਗਿੱਧੇ ਵਾਲੀਆਂ ਟੀਮਾਂ ਦੇ ਬੱਚੇ ਵੀ ਪੂਰੀ ਤਿਆਰੀ ਨਾਲ ਸੱਜ ਧੱਜ ਕੇ ਆਏ ਸਨ। ਗਹਿਣਿਆਂ ਨਾਲ ਸਜੀਆਂ ਬੱਚੀਆਂ ਨੂੰ ਭਾਵੇਂ ਇਹਨਾਂ ਦੇ ਨਾਂ ਤਾਂ ਨਹੀਂ ਸੀ ਆਉਂਦੇ ਪਰ ਨੱਚਣ ਵਿਚ ਕੋਈ ਕਸਰ ਨਹੀਂ ਸੀ ਛੱਡ ਰਹੀਆਂ। ਪਰਨੀਤ ਸਿਧੂ ਦਾ ਤਿਆਰ ਕਰਵਾਇਆ 'ਮਜਾਜ਼ਣਾਂ ਦਾ ਗਿੱਧਾ'ਕਿਰਨਦੀਪ ਸਿਧੂ ਦੀ ਟੀਮ ਦਾ 'ਪੰਜਾਬ ਦੀ ਸ਼ਾਨ ਧੀਆਂ'ਅਤੇ ਇਸੇ ਤਰ੍ਹਾਂ ਹੋਰ ਟੀਮਾਂ ਨੇ ਪੂਰੇ ਰੰਗ ਬੰਨੇ ਹੋਏ ਸਨ। ਬੱਚੇ ਬੱਚੀਆਂ ਦੀਆਂ ਕਲਾਕਾਰੀ ਅਦਾਵਾਂ ਨੂੰ ਦੇਖਕੇ ਹਾਲ ਵਾਰ ਵਾਰ ਤਾੜੀਆਂ ਨਾਲ ਗੂੰਜ ਉਠਦਾ ਸੀ । ਦਿਵਾ ਜੀ ਨੇ ਸੋਲੋ ਡਾਂਸ ਕਰਦਿਆਂ ਹਾਲ ਵਿਚ ਬੈਠੇ ਦਰਸ਼ਕਾਂ ਦਾ ਪੂਰਾ ਧਿਆਨ ਆਪਣੇ ਵਲ ਖਿੱਚੀ ਰਖਿਆ ।

ਬੀਨਾ ਸਾਗਰ , ਯੋਧਬੀਰ, ਚਰਨਜੀਤ ਚੰਨਾ ,ਅਵਤਾਰ ਲਾਖਾ ਅਤੇ ਜਸ਼ਵੰਤ ਸ਼ਾਦ ਦੀ ਟੀਮ ਦੁਆਰਾ ਤਿਆਰ ਕੀਤੀਆਂ ਸਕਿਟਾਂ ਆਪਣੀਆਂ ਵਿਅੰਗ-ਮਈ ਚੋਟਾਂ ਨਾਲ ਹਾਸਿਆਂ ਦੇ ਫੁਹਾਰੇ ਛੁਡਾ ਰਹੀਆਂ ਸਨ । 'ਜਸ ਪੰਜਾਬੀ' ਟੀ ਵੀ ਨਾਲ ਜੁੜੇ ਦਵਿੰਦਰ ਹੋਠੀ ਨੇ ਲੰਬੀ ਵਿਅੰਗ ਭਰਭੂਰ ਕਵਿਤਾ ਨਾਲ ਸਰੋਤਿਆਂ ਨੂੰ ਜੋੜੀ ਰਖਿਆ । ਸ਼ਿਗਾਰਾ ਰਾਮ ਨੇ ਹੀਰ ਦੇ ਕੁਝ ਬੰਦ ਸੁਣਾਏ । ਜਾਣੇ ਪਛਾਣੇ ਪੰਜਾਬੀ ਲੋਕ ਕਲਾਕਾਰਾਂ ਜਗਮੀਤ ਸਿੰਘ ਜੱਗਾ , ਜੀਤਾ ਗਿੱਲ ਅਤੇ ਰਛਪਾਲ ਸਿੰਘ ਫਰਵਾਲਾ ਨੇ ਪੂਰੇ ਤਰੱਨਮ ਨਾਲ ਗੀਤ ਗਾਉਂਦਿਆਂ ਸਮੇਂ ਨੂੰ ਬੰਨ ਕੇ ਰੱਖ ਦਿਤਾ। ਪ੍ਰਬੰਧਕ ਕਮੇਟੀ ਨੇ ਪਿਛਲੇ ਵਰ੍ਹਿਆਂ ਦੀ ਆਪਣੀ ਰਵਾਇਤ ਨੂੰ ਕਾਇਮ ਰਖਦਿਆ ਪੰਜਾਬੀ ਸਮਾਜ ਦੀ ਬਿਹਤਰੀ ਲਈ ਆਪਣਾ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ :- ਪੰਜਾਬੀ ਪਤਰਕਾਰੀ ਦੇ ਖੇਤਰ ਵਿਚੋਂ 'ਸਾਡੇ ਲੋਕ' ਦੇ ਚੀਫ ਐਡ-ਿਟਰ: ਸਤਨਾਮ ਸਿੰਘ ਖਾਲਸਾ ਅਤੇ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਤੋਂ ਇਲਾਵਾ ਪਿਛਲੇ 20 ਸਾਲਾਂ ਤੋਂ ਪੀ ਸੀ ਐਸ ਸੈਕਰਾਮੈਂਟੋ ਨਾਲ ਜੁੜੇ ਆ ਰਹੇ : ਤੀਰਥ ਸਿੰਘ ਸਹੋਤਾ ਅਤੇ ਬਖ਼ਸੀਸ਼ ਸਿੰਘ ਗਿੱਲ ਨੂੰ ਸਨਮਾਨਤ ਕੀਤਾ । ਸਟੇਜ ਨੂੰ ਜਸਵੰਤ ਸਿੰਘ ਸ਼ਾਦ ਨੇ ਬਾ ਖੂਬੀ ਨਿਭਾਇਆ ।

ਇਸ ਮੇਲੇ ਦੀ ਸਫਲਤਾ ਲਈ ਕਮੇਟੀ ਦੇ ਮੈਂਬਰਾਂ : ਰਾਜਿੰਦਰ ਪਾਲ ਸਿੰਘ ,ਅਮਰੀਕ ਸਿੰਘ , ਹਰਜਿੰਦਰ ਬਸਰਾ ,ਤੀਰਥ ਸਹੋਤਾ ,ਪਰਮਜੀਤ ਢਿਲੋਂ, ਸੁਰਿੰਦਰ ਬਿੰਦਰਾ,ਅਜਾਇਬ ਕਾਹਲੋਂ ,ਰਛਪਾਲ ਫਰਵਾਲਾ ,ਦੇਬੀ ਗਿੱਲ , ਸੁਖਰਾਜ ਸਿੰਘ ਔਲੱਖ, ਭੁਪਿੰਦਰ ਰੀਹਲ, ਜਸਵਿੰਦਰ ਪੂਨੀ, ਜਸ਼ਵੰਤ ਸ਼ਾਦ ,ਅਰਜਿੰਦਰ ਕੁਕੀ, ਪਵਿਤਰ ਨਾਹਲ , ਵਰਿੰਦਰ ਸੰਘੇੜਾ ,ਕਮਲ ਬੰਗਾ , ਪਰਮਿੰਦਰ ਵਿਰਕ ,ਬਲਬੀਰ ਜੌਹਲ, ਅਵਤਾਰ ਡੌਡ ,ਹਰਜਿੰਦਰ ਪੰਧੇਰ , ਸਤਵਿੰਦਰ ਸਰਹਦੀ , ਮਨੋਹਰ ਲਾਲ ਰੱਤੀ , ਜਰਨੈਲ ਮੰਦਰ ,ਰਾਜ ਬਰਾੜ ,ਬਖ਼ਸੀਸ਼ ਗਿੱਲ, ਦਲਜੀਤ ਸਿੰਘ ਲੋਪੋਂ , ਕਰਮਜੀਤ ਮਿਨਹਾਸ, ਬਲਵੰਤ ਸਿੰਘ ਕੰਦੋਲਾ ,ਪ੍ਰੇਮ ਕੁਮਾਰ ਚੁੰਬਰ , ਵਿਜੈ ਪਰਿਹਾਰ ਅਤੇ ਰਾਜ ਬਰਾੜ ਨੇ ਪੂਰਾ ਯੋਗਦਾਨ ਪਾਇਆ । ਵੀਡੀਓ ਅਤੇ ਫੋਟੋਗਰਾਫੀ ਦੀ ਸੇਵਾ ਕਮੇਟੀ ਮੈਂਬਰ ਭੁਪਿੰਦਰ ਰੀਹਲ ਨੇ ਮੁਫਤ ਨਿਭਾਈ ।

ਅੰਤ ਵਿਚ ਸ: ਰਛਪਾਲ ਸਿੰਘ ਫਰਵਾਲਾ ਨੇ ਦੂਰੋਂ ਨੇੜਿਓਂ ਇਸ ਮੇਲੇ ਦਾ ਅਨੰਦ ਮਾਨਣ ਆਏ ਦਰਸ਼ਕਾਂ ,ਕਮੇਟੀ ਮੈਬਰਾਂ ,ਮਾਇਕ ਸਹਾਇਤਾ ਦੇਣ ਵਾਲੇ ਸਮੂਹ ਹਤੈਸ਼ੀਆਂ ,ਗਾਇਕਾਂ ਕਲਾਕਾਰਾਂ ,ਮੀਡੀਏ ਅਤੇ ਲਾਈਟ ਐਂਡ ਸਾਊਂਡ ਵਾ-ਲਿਆਂ ਦਾ ਧੰਨਵਾਦ ਕੀਤਾ । ਪੀ ਸੀ ਐਸ ਸੈਕਰਾਮੈਟੋ ਵਲੋਂ 2016 ਦਾ ਵਿਸਾਖੀ ਮੇਲਾ 16 ਅਪ੍ਰੈਲ ਨੂੰ ਮਨਾਇਆ ਜਾਵੇਗਾ ।

**ਹਰਜਿੰਦਰ ਪੰਧੇਰ ( 209- 610 5055 )**

## 'ਨਾਨਕ ਸ਼ਾਹ ਫਕੀਰ' ਦੇ ਨਿਰਮਾਤਾ ਵੱਲੋਂ ਫਿਲਮ ਵਾਪਸ ਲੈਣ ਦਾ ਫ਼ੈਸਲਾ

**ਅੰਮ੍ਰਿਤਸਰ–** ਵਿਵਾਦਾਂ ਵਿਚ ਘਿਰੀ ਫਿਲਮ 'ਨਾਨਕ ਸ਼ਾਹ ਫਕੀਰ' ਨੂੰ ਅੱਜ ਉਸ ਦੇ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਨੇ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਫਿਲਮ 17 ਅਪਰੈਲ ਨੂੰ ਦੇਸ਼ ਦੇ ਕੁਝ ਹਿੱਸਿਆਂ ਵਿਚ ਰਿਲੀਜ਼ ਹੋਈ ਸੀ ਪਰ ਇਸ ਉਤੇ ਪੰਜਾਬ ਅਤੇ ਚੰਡੀਗੜ੍ਹ ਵਿਚ ਦੋ ਮਹੀਨੇ ਲਈ ਪਾਬੰਦੀ ਲਾ ਦਿੱਤੀ ਗਈ ਸੀ।

ਫਿਲਮ ਵਾਪਸ ਲੈਣ ਦਾ ਫੈਸਲਾ ਸ੍ਰੀ ਸਿੰਘ ਸਿੱਕਾ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਤੋਂ ਬਾਅਦ ਕੀਤਾ। ਇਹ ਮੁਲਾਕਾਤ ਦਿੱਲੀ ਵਿਖੇ ਹੋਈ। ਸ੍ਰੀ ਸਿੱਕਾ ਨੇ ਫਿਲਮ ਵਾਪਸ ਲੈਣ ਦੀ ਪੁਸ਼ਟੀ ਕਰਦਿਆਂ ਆਖਿਆ ਕਿ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਅੱਜ ਉਨ੍ਹਾਂ ਨੂੰ ਫਿਲਮ ਵਾਪਸ ਲੈਣ ਦੀ ਕੀਤੀ ਗਈ ਹਦਾਇਤ ਤਹਿਤ ਉਨ੍ਹਾਂ ਇਹ ਕਾਰਵਾਈ ਕੀਤੀ ਹੈ।

ਕਹਾਣੀ

# ਪੋਸਟ ਮਾਰਟਮ ਰਿਪੋਰਟ

## (ਲੋਕ-ਰਾਜ ਦੇ ਸੰਘਰਸ਼ ਨੂੰ ਸਮਰਪਿਤ)



ਅਫ਼ਜ਼ਲ ਤੌਸੀਫ਼

ਮੈਂ ਇੱਕ ਡਾਕਟਰ ਹਾਂ। ਇੱਕ ਕਾਰੀਗਰ ਸਰਜਨ। ਇਹੋ ਮੇਰੀ ਸ਼ੁਹਰਤ ਏ। ਪਿਛਲੇ ਵੀਹ-ਪੰਝੀ ਵਰ੍ਹਿਆਂ ਤੋਂ ਉਪਰੇਸ਼ਨ ਕਰਦਾ ਆ ਰਿਹਾ ਹਾਂ। ਕਈ ਭੋਲੇ ਲੋਕੀ ਮੈਨੂੰ ਚੀਰ ਫਾੜ ਕਰਨ ਵਾਲਾ ਕਸਾਈ ਵੀ ਸਮਝ ਲੈਂਦੇ ਹਨ। ਪਰ ਦਰਦ ਨਾਲ ਤੜਫਦੇ, ਚੀਕਾਂ ਮਾਰਦੇ ਮਰੀਜ਼ ਦਾ ਪੇਟ ਖੋਲ੍ਹ ਕੇ ਅੰਦਰੋਂ ਗਲੇ ਸੜੇ ਪੱਤੇ ਕੱਢ ਸੁੱਟਦਾ ਵਾਂ। ਗੁਰਦਿਆਂ ਵਿਚ ਫਸੀਆਂ ਹੋਈਆਂ ਪੱਥਰੀਆਂ ਚੁਗ ਲੈਨਾਂ, ਕਸਾਈਆਂ ਵਾਲਾ ਕੰਮ ਤਾਂ ਨਹੀਂ। ਮੈਂ ਤਾਂ ਜ਼ਿੰਦਗੀ ਬਚਾਉਣ ਵਾਲੇ ਕੰਮ ਕਰਦਾ ਹਾਂ। ਜ਼ਹਿਰ ਨਾਲ ਭਰੀ ਹੋਈ ਅਪੈਂਡਿਕਸ ਨੂੰ ਅੰਦਰੋਂ ਕੱਢ ਲਿਆਵਣ ਵਾਸਤੇ ਪੇਟ ਚਾਕ ਕਰਨਾ ਵੀ ਜ਼ਰੂਰੀ ਏ। ਅੰਦਰ ਆਂਦਰਾਂ ਦੇ ਜ਼ਖ਼ਮ ਸੀਣ ਲਈ ਬਾਹਰ ਦੇ ਕਈ ਬਖੀਏ ਉਧੇੜਨੇ ਲਾਜ਼ਮੀ ਹੁੰਦੇ ਨੇ। ਜੋ ਤਕਲੀਫ਼ ਹੋਵੇ, ਜਿੱਥੇ ਵੀ ਹੋਵੇ, ਸਰਜਨ ਦਾ ਕੰਮ ਨਸ਼ਤਰ ਲਾਣਾ ਏ। ਇਹ ਕੰਮ ਮੈਂ ਬੜੇ ਦਿਨ ਲਾ ਕੇ ਸਿੱਖਿਆ। ਫਿਰ ਵੀ ਉਪਰੇਸ਼ਨ ਕਰਨਾ ਸੌਖਾ ਕੰਮ ਨਹੀਂ। ਇਸ ਕਰਕੇ ਪਈ ਬੰਦੇ ਦਾ ਜਿਸਮ ਕੋਈ ਸਾਦਾ ਤੇ ਸੌਖਾ ਪ੍ਰਬੰਧ ਨਹੀਂ। ਉਸਦੇ ਅੰਦਰ ਬੜੀਆਂ ਤੈਹਾਂ ਅੰਤ ਦੀਆਂ ਬਾਰੀਕੀਆਂ ਲੁਕੀਆਂ ਹੋਈਆਂ ਨੇ। ਉੱਤੇ ਵਾਲੀ ਖ਼ਲ ਭਾਵੇਂ ਹਿਫ਼ਾਜਤ ਤੇ ਹੁਸਨ ਦਾ ਕੰਮ ਕਰਦੀ ਏ, ਪਰ ਆਪੇ ਇੱਕ ਗੁੰਝਲਦਾਰ ਨਜ਼ਾਮ ਏ। ਮੱਕੜੀ ਦੇ ਜਾਲਿਆਂ ਵਰਗੇ ਰੇਸ਼ੇ ਦਾ ਤਾਣਾ-ਬਾਣਾ ਕੁਦਰਤ ਦੇ ਕਾਰੀਗਰ ਹੱਥਾਂ ਨੇ ਬੰਨਿਆ ਹੋਇਆ ਹੁੰਦਾ ਏ। ਉਪਰੇਸ਼ਨ ਵੇਲੇ ਇਹ ਰੇਸ਼ੇ ਵੱਖਰੇ-ਵੱਖਰੇ ਕੱਟ ਕੇ ਉਸੇ ਤਰ੍ਹਾਂ ਵੱਖਰੇ-ਵੱਖਰੇ ਜੋੜਨੇ ਵੀ ਹੁੰਦੇ ਨੇ। ਫਿਰ ਕੁਦਰਤ ਦੇ ਕਾਰੀਗਰ ਦਰਜ਼ੀ ਨੇ ਖੱਲ ਦੇ ਅੰਦਰ ਕਈ ਅਸਤਰ ਵੀ ਲਾਏ ਹੁੰਦੇ ਨੇ। ਕਿਉਂ ਜੋ ਇਸੇ ਪੈਕਿੰਗ ਦੇ ਅੰਦਰ ਇਨਸਾਨੀ ਮਸ਼ੀਨ ਦੇ ਨਾਜ਼ਕ ਤੇ ਹੱਸਾਸ ਪੁਰਜ਼ੇ ਪੈਕ ਕੀਤੇ ਗਏ ਨੇ। ਕਿਸੇ ਵੀ ਜਿਉਂਦੇ ਜੀਅ ਦੇ ਵਜੂਦ ਦਾ ਨਜ਼ਾਮ ਬੜਾ ਗਹਿਰਾ ਏ। ਫਿਤਰਤ ਦੇ ਆਪਣੇ ਨਜ਼ਾਮ ਵਾਂਗ ਅਜਿਹੇ ਰਾਜ, ਜਿਸ ਨਾਲ ਆਦਮੀ ਦੀ ਵਾਕਫੀਅਤ ਕਦੇ ਵੀ ਮੁਕੰਮਲ ਨਹੀਂ ਹੋ ਸਕਦੀ।

ਮੈਂ ਤੁਹਾਨੂੰ ਦੱਸਿਆ ਕਿ ਪਿਛਲੇ ਵੀਹਾਂ ਵਰ੍ਹਿਆਂ ਤੋਂ ਮੈਂ ਫਿਤਰਤ ਦੇ ਇਸ ਸ਼ਾਹਕਾਰ ਦੀ ਮੁਰੰਮਤ ਆਪਣੇ ਹੱਥਾਂ ਨਾਲ ਕਰਦਾ ਆ ਰਿਹਾ ਹਾਂ। ਫਿਰ ਵੀ ਸਿੱਖਿਆ ਦਾ ਕੰਮ ਅਜੇ ਪੂਰਾ ਨਹੀਂ ਹੋਇਆ। ਹਰ ਇਕ ਉਪਰੇਸ਼ਨ ਵੇਲੇ ਮੈਨੂੰ ਲੱਗਦਾ ਏ, ਬੰਦੇ ਦਾ ਜਿਸਮ ਕੋਈ ਭੇਤ ਹੈ। ਜਿਸਨੂੰ ਪਹਿਲੀ ਵਾਰ ਖੋਲ੍ਹਣ ਲੱਗਾ ਵਾਂ। ਕੁਦਰਤ ਦੀ ਕਾਰੀਗਰੀ ਵਿਚ ਦਖ਼ਲ ਦੇਣ ਲੱਗਾ ਵਾਂ। ਸੰਭਲ ਕੇ ਧਿਆਨ ਨਾਲ। ਕਿਧਰੇ ਕੋਈ ਰੇਸ਼ਾ ਫਾਲਤੂ ਨਾ ਕੱਟ ਹੋ ਜਾਵੇ। ਕਿਧਰੇ ਕੋਈ ਵਟ ਨਾ ਰਹਿ ਜਾਵੇ। ਫਿਰ ਵੀ ਮੇਰੇ ਕੰਮ ਵਿਚ ਅਤੇ ਅਸਲੀ ਕੰਮ ਵਿਚ ਬੜਾ ਫ਼ਰਕ ਏ। ਇੰਝ ਲੱਗਦਾ ਏ ਜਿਵੇਂ ਪਿਕਾਸੋ ਦੇ ਸ਼ਾਹਕਾਰ ਨੂੰ ਕਿਸੇ ਅਣਜਾਣ ਰੰਗ ਸਾਜ਼ ਨੇ ਰੀਟੱਚਿੰਗ ਕਰਨ ਦੀ ਕੋਸ਼ਿਸ਼ ਕੀਤੀ ਹੋਵੇ। ਫਿਤਰਤ ਜੋ ਬਣ ਚੁੱਕੀ ਏ ਉਹਦੇ ਵਰਗਾ ਬਣਾਉਣਾ ਕਿਸੇ ਦੇ ਵੱਸ ਦੀ ਗੱਲ ਨਹੀਂ। ਗ਼ੈਰ ਫਿਤਰਤ ਜੋ ਵਿਗਾੜੇ, ਉਹਨੂੰ ਠੀਕ ਕਰਨਾ ਸਰਜਨ ਵਾਸਤੇ ਇਕ ਚੈਲਿੰਜ, ਇਕ ਵੰਗਾਰ ਹੈ। ਬਥੇਰੇ ਚੈਲਿੰਜ ਮੈਂ ਕਬੂਲ ਕੀਤੇ। ਹਰ ਵਾਰੀ ਚੰਗਾ ਕੰਮ ਕੀਤਾ। ਫਿਰ ਵੀ ਦਾਗ਼ ਰਹਿ ਜਾਂਦਾ ਏ। ਹਾਲੇ ਤਾਂ ਮੁਕਾਬਲਾ ਚੱਲ ਰਿਹਾ ਏ। ਪੰਜਾਹ ਹਜ਼ਾਰ ਟਾਂਕੇ ਲਾਵਣ ਦੀ ਮਸ਼ਕ ਸਰਜਨ ਨੂੰ ਜੋ ਅਖਤਿਆਰ ਦੇਂਦੀ ਏ, ਉਹਦਾ ਬੁਢੇਪਾ ਖੋਹ ਲੈਂਦਾ ਏ। ਹੱਥ ਕੰਬਣ ਲੱਗ ਜਾਣ ਜਾਂ ਅੱਖਾਂ ਵਿਚ ਜਾਲਾ ਆ ਜਾਵੇ, ਕਿਸੇ ਵੀ ਸਰਜਨ ਨੂੰ ਉਪਰੇਸ਼ਨ ਕਰਨ ਦਾ ਕਮ ਛੱਡਣਾ ਪੈਂਦਾ ਏ। ਇਹ ਜ਼ਰੂਰੀ ਏ।

ਮੈਂ ਵੀ ਆਪਣਾ ਕੰਮ ਛੱਡ ਰਿਹਾ ਹਾਂ। ਪਰ ਇਸ ਕਰਕੇ ਨਹੀਂ ਪਈ ਮੇਰੇ ਹੱਥ ਕੰਬਣ ਲੱਗ ਪਏ ਨੇ। ਹਾਂ ਮੇਰੀਆਂ ਅੱਖਾਂ ਵਿਚ ਮੋਤੀਆ ਫੁੱਲ ਗਿਆ ਏ। ਅਜੇ ਤਾਂ ਮੇਰੇ ਵੀਹ ਸਾਲ ਰਹਿੰਦੇ ਨੇ। ਹਜ਼ਾਰਾਂ ਟਾਂਕੇ ਹੋਰ ਲਾ ਸਕਦਾ ਵਾਂ, ਪਰ ਨਹੀਂ ਅੱਜ ਪਿੱਛੋਂ ਮੈਂ ਕੋਈ ਉਪਰੇਸ਼ਨ ਨਹੀਂ ਕਰਾਂਗਾ। ਮੈਂ ਆਪਣੇ ਕਲੀਨਿਕ ਦੇ ਦਰਵਾਜ਼ੇ ਤੋਂ ਉਹ ਤਖ਼ਤੀ ਲਾਹ ਛੱਡੀ ਏ, ਜਿਹਨੂੰ ਪੜ੍ਹਕੇ ਦਰਦ ਨਾਲ ਤੜਫਦੇ ਲੋਕ ਅੰਦਰ ਆ ਜਾਂਦੇ ਸਨ। ਹਾਂ, ਅੱਜ ਮੈਂ ਹਾਰ ਗਿਆ ਹਾਂ। ਮੈਂ ਸਰਜਨ ਦੇ ਨਾਂ ਵਾਲੀ ਤਖਤੀ ਲੁਕੋ ਦਿੱਤੀ ਏ। ਕਿਸੇ ਡਰਪੋਕ ਵਾਂਗ ਨਹੀਂ। ਮੇਰਾ ਕੋਈ ਉਪਰੇਸ਼ਨ ਖਰਾਬ ਨਹੀਂ ਹੋਇਆ। ਐਡਾ ਸੰਵੇਦਨਸ਼ੀਲ ਮੈਂ ਹੈ ਵੀ ਨਹੀਂ। ਮੇਰੀ ਲਾਪ੍ਰਵਾਹੀ ਨਾਲ ਉਪਰੇਸ਼ਨ ਦੀ ਮੇਜ਼ ਤੇ ਕੋਈ ਮਰੀਜ਼ ਨਹੀਂ ਮੋਇਆ। ਮੈਨੂੰ ਅਦਾਲਤ ਵਿਚ ਕਿਸੇ ਨਹੀਂ ਖਿੱਚਿਆ। ਦਸ ਪੰਜ ਲੱਖ ਦਾ ਜ਼ੁਰਮਾਨਾ? ਨਹੀਂ ਐਸੀ ਕੋਈ ਗੱਲ ਈ ਨਹੀਂ। ਮੇਰੇ ਅੰਦਰੋਂ ਕੋਈ ਹਾਰ ਨਹੀਂ ਹੋਈ। ਮੇਰੇ ਔਜਾਰ ਵੀ ਖੁੰਡੇ ਨਹੀਂ ਹੋਏ, ਮੈਂ ਅੱਜ ਵੀ ਦਸ ਹਜ਼ਾਰ ਫੀ ਘੰਟਾ ਫੀਸ ਲਾ ਕੇ ਉਪਰੇਸ਼ਨ ਕਰ ਸਕਦਾ ਵਾਂ। ਵਿਚੋਂ ਇੱਕ ਘੰਟਾ ਅੱਲਾ ਦੇ ਨਾਂ ਦਾ ਵੀ ਕੱਢ ਸਕਦਾ ਵਾਂ, ਪਰ ਨਹੀਂ ਮੇਰੇ ਉਪਰੇਸ਼ਨ ਦੀ ਲੋੜ ਈ ਨਹੀਂ ਰਹੀ। ਉਹ ਵੇਲਾ ਈ ਨਹੀਂ ਜਦੋਂ ਮੈਡੀਕਲ ਔਜ਼ਾਰਾਂ ਨਾਲ ਦਰਦਾਂ ਦਾ ਇਲਾਜ਼ ਹੋ ਸਕਦਾ ਸੀ। ਮੈਂ ਮਜ਼ਾਕ ਨਹੀਂ ਕਰ ਰਿਹਾ। ਇਹ ਪਾਗਲਾਂ ਵਾਲੀ ਗੱਲ ਵੀ ਨਹੀਂ। ਮੈਂ ਤੁਹਾਨੂੰ ਦੱਸਦਾ ਹਾਂ। ਮੇਰੇ ਆਪਣੇ ਮਰੀਜ਼ ਉੱਤੇ ਇੱਕ ਵੱਡਾ ਉਪਰੇਸ਼ਨ ਹੋਇਆ। ਉਸ ਨੂੰ ਵੇਖ ਕੇ ਮੈਂ ਛੋਟੇ ਉਪਰੇਸ਼ਨ ਛੱਡ ਦਿੱਤੇ ਨੇ। ਮੈਨੂੰ ਲੱਗਦਾ ਏ ਮੈਂ ਫੇਲ੍ਹ ਹੋ ਗਿਆ ਵਾਂ। ਮੇਰੇ ਸਾਰੇ ਉਪਰੇਸ਼ਨ ਜੋ ਮੈਂ ਕਰ ਚੁੱਕਾ ਤੇ ਅੱਗੋਂ ਕਰਨੇ ਸਨ, ਫੇਲ੍ਹ ਹੋ ਗਏ। ਡਾਕਟਰ ਤਾਂ ਡਾਕਟਰ ਮੈਨੂੰ ਲੱਗਦਾ ਮੈਂ ਇਨਸਾਨ ਵੀ ਨਹੀਂ ਰਿਹਾ। ਜ਼ਿੰਦਗੀ ਦੇ ਸਾਰੇ ਜ਼ਮਾਨੇ ਜੋ ਇਨਸਾਨ ਨੇ ਇਨਸਾਨ ਨੂੰ ਲੱਭ ਲੈਣ ਦੀ ਤਪੱਸਿਆ ਵਿਚ ਗੁਜ਼ਾਰੇ, ਅੱਜ ਫੇਲ੍ਹ ਹੋ ਗਏ ਲੱਗਦੇ ਨੇ।

ਮੈਂ ਤੁਹਾਨੂੰ ਸਾਰੀ ਗੱਲ ਦੱਸ ਦਿੰਦਾ ਹਾਂ। ਉਹ ਮਰੀਜ਼, ਜਿਸ ਦਾ ਵੱਡਾ ਉਪਰੇਸ਼ਨ ਹੋਇਆ, ਦੋ ਵਰ੍ਹੇ ਪਹਿਲਾਂ ਮੇਰੇ ਕੋਲ ਆਪੇ ਆਇਆ ਸੀ। ਉਹ ਇੱਕ ਟਰੱਕ ਡਰਾਈਵਰ ਸੀ। ਪੰਝੀ ਕੁ ਸਾਲ ਦੀ ਉਮਰ ਦਾ, ਪਤਲਾ ਜਿਹਾ ਜਵਾਨ, ਐਬਟਾਬਾਦ ਦਾ ਰਹਿਣ ਵਾਲਾ, ਸੋਹਣਾ, ਸੁਨੱਖਾ ਯੂਨਾਨੀ ਬੁੱਤ ਵਰਗਾ। ਉਹ ਪੰਜ ਸਾਲ ਤੋਂ ਟਰੱਕ ਡਰਾਈਵਰੀ ਦਾ ਕੰਮ ਕਰ ਰਿਹਾ ਸੀ। ਉਸ ਦਿਨ ਉਸਦੇ ਪੇਟ ਵਿਚ ਬੜਾ ਹੀ ਦਰਦ ਹੋ ਰਿਹਾ ਸੀ। ਉਹ ਖ਼ੂਨ ਦੀ ਉਲਟੀ ਵੀ ਕਰੀ ਜਾ ਰਿਹਾ ਸੀ। ਉਹਦੇ ਨਾਲ ਆਵਣ ਵਾਲੇ ਸੰਗੀ-ਸਾਥੀ ਨੇ ਆਖਿਆ, "ਡਾਕਟਰ ਲਾਲਾ ਹਸਕੀ ਸਿਲ ਦੀ ਬੀਮਾਰੀ ਏ। ਤੁਸੀਂ ਛੇਤੀ ਇਲਾਜ ਕਰੋ। ਨਹੀਂ ਤਾਂ ਇਹ ਲਾ-ਇਲਾਜ ਹੋ ਵੈਸੀ।''

ਮੈਂ ਆਰਾਮ ਨਾਲ ਉਹਦਾ ਮੁਆਇਨਾ ਕੀਤਾ ਤਾਂ ਪਤਾ ਚੱਲਿਆ, ਉਹਦੇ ਮਿਹਦੇ ਵਿਚ ਪੁਰਾਣੇ ਅਲਸਰ ਸਨ, ਜੋ ਕਿਸੇ ਵੇਲੇ ਫਟ ਵੀ ਸਕਦੇ ਸਨ। ਏਸ ਤਰ੍ਹਾਂ ਦੀ ਹਾਲਤ ਵਿਚ ਮਰੀਜ਼ ਤੜਪ ਜਾਂਦਾ ਏ। ਪਰ ਉਹ ਤਾਂ ਦੰਦਾਂ ਥੱਲੇ ਜੀਭ ਲਈ ਖੜ੍ਹਾ ਸੀ। ਦਰਦ ਉਹਦੀਆਂ ਅੱਖਾਂ ਵਿਚੋਂ ਲਾਟ ਬਣਕੇ ਨਿਕਲ ਰਿਹਾ ਸੀ। ਉਪਰੇਸ਼ਨ ਉਸੇ ਪਲ ਚਾਹੀਦਾ ਸੀ। ਉਹਦੇ ਘਰ ਵਾਲੇ ਐਬਟਾਬਾਦ ਲਾਗੇ ਕਿਸੇ ਪਿੰਡ ਵਿਚ ਰਹਿੰਦੇ ਸਨ। ਉਹਨਾਂ ਦੇ ਆਉਂਦਿਆਂ ਬੜੀ ਦੇਰ ਲੱਗ ਸਕਦੀ ਸੀ। ਮੈਂ ਚਾਹੁੰਦਾ ਤਾਂ ਉਸਨੂੰ ਦਵਾਈ ਦੇ ਕੇ ਟਾਲ ਵੀ ਸਕਦਾ ਸੀ। ਇਸੇ ਤਰ੍ਹਾਂ ਕਰੀਦਾ ਏ। ਗਰੀਬ ਮਰੀਜ਼ਾਂ ਕੋਲੋਂ ਲੈਣਾ ਵੀ ਕੀ। ਆਪਣੀ ਮਿਹਨਤ ਤੇ ਵੇਲਾ ਬਰਬਾਦ ਕਰਨ ਦੀ ਲੋੜ ਵੀ ਕੀ। ਪਰ ਨਹੀਂ, ਉਸ ਮਰੀਜ਼ ਦਾ ਚਿਹਰਾ ਬੜਾ ਹੀ ਸੰਵੇਦਨਸ਼ੀਲ ਸੀ। ਉਹਦੀਆਂ ਗੱਲਾਂ ਵੀ ਆਮ ਟਰੱਕ ਡਰਾਈਵਰ ਕੋਲੋਂ ਫ਼ਰਕ ਤੇ ਉਹਦੀ ਅਖਲਾਕੀ ਜੁਅਰਤ ਉਹਨਾਂ ਸਾਰਿਆਂ ਕੋਲੋਂ ਉੱਚੀ ਸੀ, ਜਿਹਨਾਂ ਨੂੰ ਮੈਂ ਹੁਣ ਤਾਈਂ ਮਿਲਿਆ ਵਾਂ। ਉਹਦੀਆਂ ਗੱਲਾਂ ਮੇਰੇ ਲਈ ਤੇ ਮੇਰੇ ਪੇਸ਼ੇ ਲਈ ਇੱਕ ਵੰਗਾ ਬਣ ਗਈਆਂ। ਬੜੀ ਥੱਕੀ ਆਵਾਜ਼ ਵਿਚ ਆਖਣ ਲੱਗਾ, "ਡਾਕਟਰ ਲਾਲਾ, ਤੁਸਾਂ ਨੂੰ ਮੇਰਾ ਉਪਰੇਸ਼ਨ ਕਰਨਾ ਮਨਜ਼ੂਰ ਏ ਤਾਂ ਦੱਸੋ। ਮੈਂ ਤੁਸਾਂ ਦੀ ਫੀਸ ਜ਼ਰੂਰ ਦੇਸਾਂ। ਇਸ ਵੇਲੇ ਮੇਰੇ ਕੋਲ ਇਹਾ ਕੁਝ ਏ।''

ਉਹਨੇ ਜੇਬ ਵਿਚੋਂ ਕੁਝ ਮੁੜੇ ਤੁੜੇ ਜਿਹੇ ਨੋਟ ਕੱਢੇ। ਵਿਚ ਸੁਰਖ਼ ਰੰਗ ਦੇ ਦੋ ਵੱਡੇ ਨੋਟ ਸਨ। ਬਾਕੀ ਨਿੱਕੇ ਮੋਟੇ। ਫਿਰ ਆਖਣ ਲੱਗਾ, "ਸ਼ਾਮ ਤੋੜੀ ਮੇਰਾ ਦੋਸਤ ਮਾਂ ਨੂੰ ਲੈ ਕੇ ਆ ਜਾਸੀ। ਪਰ ਵਾਅਦਾ ਕਰੋ ਤੁਸੀਂ ਉਹਦੇ ਕੋਲੋਂ ਫੀਸ ਨਹੀਂ ਮੰਗੋਗੇ, ਕਿਉਂ ਜੋ ਉਹਦੇ ਕੋਲ ਪੈਸਾ ਨਾ ਹੋਸੀ। ਉਹ ਕਰਜ਼ਾ ਚੁੱਕਣ ਦੀ ਕੋਸ਼ਿਸ਼ ਕਰਸੀ। ਇਸੇ ਕਰਜ਼ੇ ਸਾਨੂੰ ਬਰਬਾਦ ਕਰ ਛੱਡੇ ਨੇ। ਪਹਿਲੋਂ ਬਾਪ ਦੀ ਬੀਮਾਰੀ ਉੱਤੇ ਚੁੱਕੇ ਕਰਜ਼ੇ ਬਦਲੇ ਮੈਂ ਆਪਣਾ ਸਾਰਾ ਬਚਪਨ ਤੇ ਜਵਾਨੀ ਦੇ ਪੰਜ ਸੱਤ ਵਰ੍ਹੇ ਦੇ ਚੁੱਕਾ ਹਾਂ। ਪਰ ਕਰਜ਼ੇ ਅਜੇ ਵੀ ਪੂਰੇ ਨਹੀਂ ਉਤਰੇ।''

ਤਾਹੀਓਂ ਮੈਨੂੰ ਪਤਾ ਲੱਗਾ ਪਈ ਉਹ ਦਸਾਂ ਸਾਲਾਂ ਤੋਂ ਗਿਰਵੀ ਪਿਆ ਹੋਇਆ ਏ, ਉਹ ਜੀਹਦਾ ਨਾਂ ਰੌਸ਼ਨ ਖਾਂ ਟਰੱਕ ਡਰਾਈਵਰ ਸੀ। ਉਹਦਾ ਬਾਪ ਦੀ ਟਰੱਕ ਡਰਾਈਵਰ ਸੀ। ਉਸੇ ਮਾਲਕ ਦਾ ਜਿਸ ਕੋਲੋਂ ਕਰਜ਼ਾ ਚੁੱਕ ਕੇ ਇਕਰਾਰਨਾਮੇ ਉੱਤੇ ਉਹਨੇ ਆਪਣਾ ਅੰਗੂਠਾ ਲਾਇਆ ਸੀ, ਪਈ ਜੇ ਕਿਸੇ ਵਜ੍ਹਾ ਨਾਲ ਉਹ ਆਪ ਕਰਜ਼ਾ ਨਾ ਤਾਰ ਸਕਿਆ ਤਾਂ ਉਹਦਾ ਪੁੱਤਰ ਤਾਰੇਗਾ। ਪੁੱਤਰ ਜਦੋਂ ਤੋੜੀ ਕਮਾਵਣ ਜੋਗਾ ਨਹੀਂ ਹੁੰਦਾ, ਕਰਜ਼-ਖਵਾਹ ਕੋਲ ਗਿਰਵੀ ਪਿਆ ਰਹੇਗਾ। ਬਾਪ ਜੋ ਉਸ ਬੀਮਾਰੀ ਤੋਂ ਬਚ ਨਹੀਂ ਸਕਿਆ। ਜਾਣ ਲੱਗਿਆ ਪੁੱਤਰ ਨੂੰ ਕਰਜ਼ ਦਾ ਤੇ ਜ਼ਿੰਦਗੀ ਦਾ ਭਾਰ ਵਿਰਸੇ ਵਿਚ ਦੇ ਗਿਆ। ਰੌਸ਼ਨ ਦੀ ਉਮਰ ਉਸ ਵੇਲੇ ਦਸ ਸਾਲ ਸੀ।

ਅੱਜ ਉਹ ਪੰਝੀ ਸਾਲ ਦੀ ਉਮਰ ਵਿਚ ਅਲਸਰਾਂ ਨਾਲ ਭਰਿਆ ਹੋਇਆ ਮਿਹਦਾ ਲਈ ਮੇਰੇ ਸਾਹਮਣੇ ਖੜ੍ਹਾ ਸੀ। ਉਹਨੂੰ ਉਪਰੇਸ਼ਨ ਦੀ ਲੋੜ ਸੀ। ਮਹਿੰਗਾ ਇਲਾਜ ਚਾਹੀਦਾ ਏ। ਉਹ ਮੈਨੂੰ ਕਹਿ ਰਿਹਾ ਏ (ਮੱਖਣ-ਮਲਾਈ ਦੇ ਲਹਿਜ਼ੇ ਵਿਚ) "ਫ਼ਿਕਰ ਦੀ ਗੱਲ ਕੋਈ ਨਹੀਂ ਯਾਰਾ। ਮੈਂ ਤੁਸਾਂ ਦਾ ਕਰਜ਼ਾ ਲਾਹ ਛੋੜਸਾਂ, ਪੈਸਾ ਪੈਸਾ ਆਪਣੀ ਜਾਨ ਉੱਤੇ ਰਖਸਾਂ।''

ਉਹਦੀ ਗੱਲ ਸੁਣ ਕੇ ਮੇਰੇ ਅੰਦਰ ਦਾ ਹਰੀਸ ਬੰਦਾ ਉਸ ਘੜੀ ਗੈਰ-ਹਾਜ਼ਰ ਸੀ। ਨੋਟ ਗਿਣਨ ਵਾਲੇ ਨੂੰ ਵੀ ਸ਼ਰਮ ਆ ਗਈ। ਮੈਂ ਚੈਲਿੰਜ ਕਬੂਲ ਕੀਤਾ। ਫਿਰ ਉਪਰੇਸ਼ਨ ਥਿਏਟਰ ਵਿਚ ਕਈ ਘੰਟੇ ਲਾ ਕੇ ਉਹਦਾ ਪੇਟ ਖੋਲ੍ਹਿਆ। ਅਲਸਰ ਕੱਟੇ। ਖ਼ੂਨ ਦੀ ਬੋਤਲ ਵੀ ਲਾਈ।

ਇਸ ਉਪਰੇਸ਼ਨ ਵਿਚ ਐਨੀ ਕੁ ਇਹਤਿਆਤ ਵਰਤੀ ਜਿੰਨੀ ਇੱਕ ਡਾਕਟਰ ਨੂੰ ਇਨਸਾਨ ਦੀ ਜ਼ਿੰਦਗੀ ਤੇ ਆਪਣੇ ਪੇਸ਼ੇ ਦੀ ਆਬਰੂ-ਇੱਜ਼ਤ ਰੱਖਣ ਵਾਸਤੇ ਵਰਤਣੀ ਚਾਹੀਦੀ ਏ। ਸ਼ਾਇਦ ਕੁਝ ਖਾਸ ਤਵੱਜੋ ਮੈਂ ਰੌਸ਼ਨ ਨੂੰ ਦਿੱਤੀ, ਕਿਉਂ ਜੋ ਮੇਰੀ ਫੀਸ ਉਹਦੇ ਕੋਲ ਅਮਾਨਤ ਸੀ। ਉਪਰੇਸ਼ਨ ਦਾ ਅਮਲ ਵੀ ਕਿੱਡਾ ਵਿਸਥਾਰ ਵਾਲਾ ਹੁੰਦਾ ਏ। ਪਹਿਲਾਂ ਉਹਦੇ ਪੇਟ ਨੂੰ ਸਾਫ਼ ਕਰਕੇ ਉੱਤੋਂ ਦਵਾਈ ਸਪਰੇ ਕੀਤੀ, ਫਿਰ ਜਦੋਂ ਅਨਥੀਜੀਆ ਦਿੱਤਾ ਜਾ ਚੁੱਕਾ ਤਾਂ ਚਮੜੀ ਦੀ ਇੱਕ-ਇੱਕ ਪਰਤ ਵੱਖਰੀ-ਵੱਖਰੀ ਕੀਤੀ। ਪਤਲੀ ਤੋਂ ਪਤਲੀ ਝਿੱਲੀ ਫੁੱਲ ਵਾਂਗ ਚੁੱਕੀ। ਫਿਰ ਅਲਸਰ ਦੇ ਮੋਢੀ ਬਾਹਰ ਕੱਢ ਕੇ ਅੰਦਰ ਬਾਹਰ ਟਾਂਕੇ ਲਾਏ। ਇਸ ਕੰਮ ਵਿਚ ਕਈ ਘੰਟੇ ਮੈਨੂੰ ਤੇ ਮੇਰੀ ਮਦਦਗਾਰ ਟੀਮ ਨੂੰ ਪੈਰਾਂ ਉੱਤੇ ਖੜ੍ਹੇ ਰਹਿਣਾ ਪਿਆ। ਦੁਨੀਆਂ ਤੋਂ ਬੇਖ਼ਬਰ ਹੋ ਕੇ ਈ ਅਜਿਹੇ ਨਾਜ਼ੁਕ ਕੰਮ ਹੋ ਸਕਦੇ ਨੇ। ਤਿਆਰੀ ਦੀ ਗੱਲ ਵੱਖਰੀ ਏ। ਡਾਕਟਰ ਦੇ ਹੱਥਾਂ ਸਣੇ ਸਾਰੀਆਂ ਸ਼ੈਆਂ... ਔਜ਼ਾਰ ਸਾਰੇ ਕੀਟਾਣੂ-ਰਹਿਤ ਕੀਤੇ ਜਾਂਦੇ ਨੇ, ਖੁੱਲ੍ਹੇ ਜ਼ਖ਼ਮ ਵਿਚ ਮਾੜੀ ਜਿਹੀ ਗੰਦਗੀ ਵੀ ਨੁਕਸਾਨ ਕਰ ਸਕਦੀ ਏ। ਏਥੇ ਸਾਰੇ ਖਰਚ ਵੀ ਮੇਰੇ ਵਲੋਂ ਸਨ। ਬੱਸ ਖ਼ੂਨ ਦੀ ਇੱਕ ਬੋਤਲ ਉਹਦੇ ਆੜੀ ਨੇ ਆਪਣੀਆਂ ਰਗਾਂ ਵਿਚੋਂ ਕੱਢ ਕੇ ਦਿੱਤੀ।

ਓਸ ਵੇਲੇ ਰੌਸ਼ਨ ਦੀ ਮਾਂ ਉਪਰੇਸ਼ਨ ਥਿਏਟਰ ਤੋਂ ਬਾਹਰ ਦਰਵਾਜ਼ੇ ਨਾਲ ਲੱਗੀ ਖੜ੍ਹੀ ਦੁਆ ਮੰਗਦੀ ਰਹੀ। ਮੈਂ ਬਾਹਰ ਨਿਕਲਿਆ ਤਾਂ ਉਹਨੇ ਤੜਫ ਕੇ ਮੇਰੇ ਵੱਲ ਤੱਕਿਆ, "ਮੈਂਡੇ ਬੱਚੜੇ ਦਾ ਕੀ ਹਾਲ ਏ ਡਾਕਟਰ ਸਾਹਿਬ? ਉਹ ਠੀਕ ਹੋਵੈਸੀ?'' "ਹਾਂ, ਹਾਂ ਬਿਲਕੁਲ ਠੀਕ ਏ।'' ਮੈਂ ਉਹਨੂੰ ਤਸੱਲੀ ਦਿੱਤੀ। ਇਹ ਦਵਾਈਆਂ ਮੰਗਵਾ ਲਓ। ਮੈਂ ਉਹੋ ਰੌਸ਼ਨ ਵਾਲੇ 215 ਰੁਪਏ ਕੱਢ ਕੇ ਦਿੱਤੇ। ਇਹ ਪੈਸੇ ਰੌਸ਼ਨ ਨੇ ਅਮਾਨਤ ਰਖਵਾਏ ਸਨ। ਮੈਂ ਪੱਜ ਲਾਇਆ।

ਰੌਸ਼ਨ ਦੇ ਜਿਸਮ ਵਿਚ ਜ਼ਖ਼ਮਾਂ ਨੂੰ ਠੀਕ ਕਰਨ ਦੀ ਤਾਕਤ ਬੜੀ ਸੀ। ਪਰ ਅਸਲੀ ਤਾਕਤ ਤਾਂ ਉਹਦੇ ਇਰਾਦੇ ਦੀ ਤਾਕਤ ਸੀ। ਬੜੇ ਛੇਤੀ ਉਹਦੇ ਟਾਂਕੇ ਸੁੱਕ ਗਏ। ਬੜੀ ਛੇਤੀ ਕਮਜ਼ੋਰੀ ਦੂਰ ਹੋ ਗਈ। ਹੁਣ ਉਹ ਆਪਣੇ ਕੰਮ ਤੇ ਜਾਣ ਵਾਸਤੇ ਬੇਕਰਾਰ ਸੀ। ਮੈਂ ਉਹਨੂੰ ਮਨ੍ਹਾ ਕੀਤਾ। "ਘੱਟੋ ਘੱਟ ਇੱਕ ਮਹੀਨੇ ਦਾ ਆਰਾਮ।''

"ਇੱਕ ਮਹੀਨਾ। ਡਾਕਟਰ ਲਾਲਾ, ਮਜ਼ਦੂਰ ਵਾਸਤੇ ਇੱਕ ਮਹੀਨਾ ਬਹੂੰ ਏ। ਥੋੜੀ ਰਿਆਇਤ ਚਾ ਕਰੋ। ਮੈਂ ਗਿਰਵੀ ਵਾਲਾ ਮਜ਼ਦੂਰ ਹਾਂ।'' ਫਿਰ ਮੇਰੇ ਪੁੱਛਣ ਤੇ ਉਹਨੇ ਗਿਰਵੀ ਵਾਲੀ ਗੱਲ ਖੋਲ੍ਹ ਕੇ ਦੱਸੀ। ਠੇਕੇਦਾਰ ਦਾ ਟਰੱਕ ਜੋ ਉਹ ਸਵੇਰੇ ਲੈ ਕੇ ਨਿਕਲਦਾ, ਉਹਦੀ ਪਗਾਰ ਫੇਰੇ ਦੇ ਹਿਸਾਬ ਨਾਲ ਬਣਦੀ ਏ। ਇਸੇ ਵਿਚੋਂ ਕਰਜ਼ੇ ਦੀ ਕਿਸ਼ਤ ਕੱਟੀ ਜਾਂਦੀ ਏ। ਕਰਜ਼ਾ ਉਹਦੇ ਬਾਪ ਨੇ ਚੁੱਕਿਆ ਸੀ। ਆਪਣੀ ਮਾਂ ਅਤੇ ਬੀਵੀ ਬੱਚੇ ਵਾਸਤੇ ਉਹੇ ਰਾਤ ਦੀ ਸ਼ਿਫਟ ਵਿਚ ਟਰੱਕ ਚਲਾ ਕੇ ਕਮਾਉਂਦਾ ਸੀ। ਉਪਰੇਸ਼ਨ ਪਿੱਛੋਂ ਮੇਰੀ ਤੇ ਰੌਸ਼ਨ ਦੀ ਦੋਸਤੀ ਪੱਕੀ ਹੋ ਗਈ। ਸਿਆਲ ਵਿਚ ਜਦ ਕਦੇ ਉਹਦਾ ਚੱਕਰ ਲੱਗਦਾ ਤਾਂ ਆਪਣੇ ਪਿੰਡ ਵਲੋਂ ਨਰਗਿਸ ਦੇ ਫੁੱਲ ਮੇਰੇ ਲਈ ਲੈ ਕੇ ਆਉਂਦਾ। ਇੱਕ ਵਾਰੀ ਬੜੀ ਵਧੀਆ ਸ਼ਾਲ ਆਪਣੀ ਮਾਂ ਦੇ ਹੱਥਾਂ ਦੀ ਕੱਢੀ ਹੋਈ ਲੈ ਕੇ ਆਇਆ। ਇਸੇ ਤਰ੍ਹਾਂ ਕਸੀਦੇ ਵਾਲੀ ਟੀ-ਕੋਜ਼ੀ ਵੀ ਲਿਆਇਆ, ਪਰ ਸਭ ਤੋਂ ਬਹੁਤੀਆਂ ਖੁਸ਼ਬੂਦਾਰ ਤਾਂ ਉਹਦੀਆਂ ਗੱਲਾਂ ਹੁੰਦੀਆਂ ਸਨ। ਉਹ ਆਪਣੇ ਮਿੱਠੇ ਲਹਿਜ਼ੇ ਵਿਚ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਰਹਿੰਦਾ। ਇੱਕ ਵਾਰ ਮੈਂ ਉਹਨੂੰ ਪੁੱਛ ਹੀ ਲਿਆ, "ਰੌਸ਼ਨ ਇੱਕ ਗੱਲ ਤਾਂ ਦੱਸ ਤੂੰ ਬਚਪਨ ਤੋਂ ਗਿਰਵੀ ਪਿਆ ਇੱਕ ਮਜ਼ਦੂਰ, ਟਰੱਕ ਲੋਡ, ਅਨਲੋਡ ਕਰਨ ਦੇ ਵਰਚਪੀ ਵਚਦਕ ਅੱਡਿਆਂ ਨਾਲ ਬੰਨ੍ਹਿਆ ਹੋਇਆ। ਫੇਰ ਅੱਗੋਂ ਡਰਾਈਵਰ ਬਣਕੇ ਸੜਕਾਂ ਦਾ ਕੈਦੀ। ਐਡੀਆਂ ਸਿਆਣ-ਿਆਂ ਗੱਲਾਂ ਕਿੱਥੋਂ ਸਿੱਖੀਆਂ? ਇਹ ਲਫ਼ਜ਼, ਇਹ ਖ਼ਿਆਲ ..... ਇਸਤਿਹਾਲ ਫਿਊਡਲ, ਸਰਮਾਏਦਾਰੀ, ਚਾਈਲਡ ਲੇਬਰ ਵਰਗੇ ਨਵੀਂ ਸੋਚ, ਨਵੀਂ ਕੋਸ਼ ਦੇ ਲਫ਼ਜ਼?'' ਉਹ ਹੱਸ ਪਿਆ, "ਬੱਸ ਜੀ ਹੈਸੀ ਕੋਈ ਮਿਹਰਬਾਨ ਤੁਹਾਡੇ ਵਰਗਾ ਡਾਕਟਰ ਲਾਲਾ। ਉਹ ਕਿਤਾਬਾਂ ਦਾ ਡਾਕਟਰ ਸੀ। ਉਹਨੇ ਸਿਖਾ ਛੱਡੀਆਂ ਨਵੇਂ ਜ਼ਮਾਨੇ ਦੀਆਂ ਗੱਲਾਂ।''

"ਉਹ ਤੈਨੂੰ ਕਿੱਥੇ ਮਿਲਿਆ?''

ਸਾਡੇ ਅੱਡੇ ਉੱਤੇ ਆਉਂਦਾ ਰਹਿੰਦਾ ਸੀ। ਚਾਈਲਡ ਲੇਬਰ ਉੱਤੇ ਖੋਜ ਕਰ ਰਿਹਾ ਸੀ ਉਹ। ਉਸੇ ਦੇ ਨਾਲ ਕਦੇ-ਕਦੇ ਇੱਕ ਦਵਾਈ ਵਾਲਾ ਡਾਕਟਰ ਵੀ ਆਉਂਦਾ ਸੀ, ਮਜ਼ਦੂਰ ਬੱਚਿਆਂ ਉੱਤੇ ਬੀਮਾਰੀਆਂ ਦੀ ਖੋਜ ਕਰ ਰਿਹਾ ਸੀ।''

"ਅੱਛਾ! ਉਹਨਾਂ ਦੋਵਾਂ ਨੇ ਤੈਨੂੰ ਸਮਾਜਿਕ ਵਿਗਿਆਨ ਅਤੇ ਡਾਕਟਰੀ ਵਿਗਿਆਨ ਦੋਵੇਂ ਪੜ੍ਹਾ ਦਿੱਤੀਆਂ ਨੇ।'' ਮੈਂ ਉਹਨੂੰ ਛੇੜਿਆ ਤੇ ਉਹ ਹੱਸ ਪਿਆ। ਫਿਰ ਹੌਲੀ-ਹੌਲੀ, ਨਿੱਕੇ-ਨਿੱਕੇ ਲਫ਼ਜ਼ਾਂ ਵਿਚ ਉਹਨੇ ਇੱਕ ਬਹੁਤ ਵੱਡੀ ਗੱਲ ਕੀਤੀ, "ਜੀ ਲਾਲਾ ਜੀ, ਉਹਨਾਂ ਇੱਕ ਤਰ੍ਹਾਂ ਨਾਲ ਸਾਡਾ ਉਪਰੇਸ਼ਨ ਈ ਕੀਤਾ। ਉਸੇ ਤਰ੍ਹਾਂ ਜਿਵੇਂ ਤੁਸੀਂ ਪੇਟ ਦੀ ਬਲਾ ਨੂੰ ਬਾਹਰ ਕੱਢ ਕੇ ਸੁੱਟਿਆ ਏ। ਉਹਨਾਂ ਦਿਮਾਗ ਦੀ ਬਲਾ ਨੂੰ ਬਾਹਰ ਕੱਢ ਦਿੱਤਾ। ਜਹਾਲਤ ਵੀ ਤੇ ਇੱਕ ਬਲਾ ਈ ਹੁੰਦੀ ਏ ਨਾ। ਅਜਿਹੀ ਬਲਾ ਜੋ ਆਜ਼ਾਦੀ ਦੇ ਅਹਿਸਾਸ ਦੀ ਕਰੂੰਬਲ ਨੂੰ ਬੱਕਰੀ ਵਾਂਗ ਚਰ ਜਾਂਦੀ ਏ। ਇੰਝ ਡਾਕਟਰ ਸਾਹਿਬ ਅਸਾਂ ਕੋਈ ਮੁਫ਼ਤ ਨਹੀਂ ਪੜ੍ਹਿਆ। ਫੀਸ ਦੇ ਕੇ ਪੜ੍ਹਾਈ ਕੀਤੀ। ਉਸ ਦਿਨ ਉਹ ਗੱਪ-ਸ਼ੱਪ ਦੇ ਰੌਂਅ ਵਿਚ ਸੀ। ਮੈਂ ਵੀ ਦਿਲਚਸਪੀ ਲੈਂਦਾ ਰਿਹਾ। ਅੱਛਾ ਤੂੰ ਫੀਸ ਦੇ ਕੇ ਨਵੀਂ ਸੋਚ ਨੂੰ ਪੜ੍ਹਿਆ। ਉਹ ਕਿਸ ਤਰ੍ਹਾਂ? ਮੈਂ ਪੁੱਛਿਆ।

"ਉਹ ਜੀ ਬਦਲੇ ਵਿਚ ਅਸਾਂ ਵੀ ਉਹਨਾਂ ਨੂੰ ਬਥੇਰਾ ਕੁਝ ਪੜ੍ਹਾਉਂਦੇ ਰਹਿੰਦੇ ਸਾਂ। "ਤੁਸੀਂ?'' "ਹਾਂ ਜੀ, ਇਹ ਗੱਲ ਦੀ ਕਿਤਾਬ ਵਾਲੇ ਡਾਕਟਰ ਲਾਲੇ ਆਖੀ ਸੀ। ਮਜ਼ਦੂਰ ਬੱਚਿਆਂ ਬਾਰੇ ਖਬਰਾਂ ਤਾਂ ਅਸੀਂ ਜਮ੍ਹਾ ਕਰਦੇ ਸਾਂ। ਉਹ ਕਿੱਥੇ-ਕਿੱਥੇ ਕੀ ਕੀ ਕੰਮ ਕਰਦੇ ਨੇ। ਕਿਸ-ਕਿਸ ਮੁਸ਼ਕਿਲ ਵਿਚ ਹਨ। ਸਾਰੀਆਂ ਗੱਲਾਂ ਯਾਰ ਜੀ ਨੂੰ ਦੱਸਦੇ ਤਾਂ ਉਹ ਕਹਿੰਦੇ, ਤੁਸੀਂ ਮੈਨੂੰ ਇਲਮ ਦਿੰਦੇ ਓ। ਮੈਂ ਵੀ ਤੁਹਾਨੂੰ ਕੁਝ ਦੇਵਾਂਗਾ ਜ਼ਰੂਰ। ਬੱਸ ਫਿਰ ਕੀ ਸੀ, ਅਲਫ, ਬੇ, ਪੇ, ਏ. ਬੀ. ਸੀ., ਦੋ ਦੂਣੀ ਚਾਰ ਦੇ ਨਾਲ-ਨਾਲ ਉਹਨਾਂ ਸਾਨੂੰ ਜ਼ਿੰਦਗੀ ਦਾ ਸਬਕ ਵੀ ਪੜ੍ਹਾ ਦਿੱਤਾ। ਦੁਨੀਆਂ ਦਾ ਨਕਸ਼ਾ ਖੋਲ੍ਹ ਕੇ ਸਾਰੇ ਮੁਲਕ ਵਿਖਾਏ। ਵਿਚਕਾਰ ਮੇਰਾ ਦੇਸ਼ ਵੀ। ਫਿਰ ਮਜ਼ਦੂਰਾਂ ਦੀ ਦੁਨੀਆਂ ਵੀ। ਇਨਸਾਨ ਦੀ ਹਿਸਟਰੀ, ਸਾਰੀ ਦੁਨੀਆਂ ਵਿਚ ਖਿਲਰੀ ਹੋਈ ਇਨਸਾਨ ਦੀ ਤਾਕਤ। ਇਲਮ ਤੇ ਮਿਹਨਤ ਦੀ ਤਰੱਕੀ। ਮਿਹਨਤ ਕਰਨ ਵਾਲਿਆਂ ਦੀ ਤਾਕਤ... ਉਹਨਾਂ ਦੇ ਤਾਕਤਵਰ ਸੁਪਨੇ.....'' ਉਹਨਾਂ ਅੱਧ-ਖੁੱਲੀਆਂ ਅੱਖਾਂ ਨਾਲ ਕਿਧਰੇ ਦੂਰ ਦੇਖਦਾ ਹੋਇਆ ਉਹ ਬੋਲ ਰਿਹਾ ਸੀ। ਮੈਂ ਉਸਨੂੰ ਟੋਕਿਆ, "ਲੱਗਦਾ ਏ ਕਿਤਾਬ ਵਾਲੇ ਡਾਕਟਰ ਨੇ ਤੈਨੂੰ ਸੁਪਨੇ ਵੇਖਣੇ ਵੀ ਸਿਖਾ ਛੱਡੇ ਨੇ।''

"ਸੁਪਨੇ ਤਾਂ ਮੈਂ ਪਹਿਲਾਂ ਵੀ ਵੇਖਦਾ ਸਾਂ, ਪਰ ਉਹ ਮਾੜੇ ਸੁਪਨੇ ਸਨ। ਮੇਰੀ ਦੁਨੀਆਂ ਠੇਕੇਦਾਰ ਦੀ ਖੁਸ਼ਹਾਲਤ ਕੋਲੋਂ ਅੱਗੇ ਨਹੀਂ ਸੀ ਜਾਂਦੀ। ਹੁਣ ਤਾਂ ਮੈਨੂੰ ਸ਼ਰਮ ਆਉਂਦੀ ਹੇ। ਮੈਂ ਠੇਕੇਦਾਰੀ ਨੂੰ ਬੜੀ ਤਾਕਤ ਸਮਝਦਾ ਸੀ। ਇਨਸਾਨ ਦੀ ਅਸਲ ਤਾਕਤ ਕੋਲੋਂ ਬੇਖ਼ਬਰ ਜੋ ਸਾਂ।''

"ਚੰਗਾ ਤੇਰੇ ਉਸਤਾਦ ਨੇ ਤੈਨੂੰ ਤਾਕਤਵਰ ਬਣਾ ਦਿੱਤਾ।'' ਮੈਂ ਉਹਨਾਂ ਇੱਕ ਵਾਰ ਫਿਰ ਛੇੜਿਆ।

ਨਹੀਂ ਜੀ, ਇੰਝ ਤੇ ਜਾਨਣਾ ਵੀ ਇੱਕ ਤਾਕਤ ਏ ਪਰ ਮੈਂ ਸਮਝਦਾਂ ਉਹਨਾਂ ਮੈਨੂੰ ਅਕਲਮੰਦ ਬਣਾ ਛੱਡਿਆ। ਅੱਜ ਮੈਨੂੰ ਪਤਾ ਏ, ਮੈਂ ਇਕੱਲਾ ਨਹੀਂ। ਕੋਈ ਵੀ ਇਕੱਲਾ ਨਹੀਂ ਰਹਿ ਸਕਦਾ। ਅਸੀਂ ਸਾਰੇ ਤਾਕਤਵਰ ਹੋ ਜਾਵਾਂਗੇ, ਜਦੋਂ ਇੱਕ-ਇੱਕ ਕਾਮਾ ਇਲਮ ਦਾ ਮਾਲਕ ਹੋ ਜਾਵੇਗਾ.... ਜਦੋਂ ਤੁਹਾਡੇ ਵਰਗੇ ਲੋਕੀ.... ਹਾਂ, ਲਾਲਾ ਜੀ ਤੁਹਾਡੇ ਵਰਗੇ ਗੁਣੀ ਸਾਡੇ ਨਾਲ ਹੋਣਗੇ। ਕੀ ਕਿਤਾਬਾਂ ਦੇ ਡਾਕਟਰ, ਕੀ ਦਵਾਈਆਂ ਦੇ ਡਾਕਟਰ। ਕਿਉਂ ਜੋ ਸਰਮਾਏਦਾਰੀ ਦੇ ਨਾਲ ਤੁਹਾਡੀ ਵੀ ਕੋਈ ਇੱਜ਼ਤ ਨਹੀਂ ਬਣਦੀ। ਬੇਸ਼ੱਕ ਸਾਡੇ ਕੋਲ ਦੇਣ ਵਾਸਤੇ ਵੱਡੀਆਂ-ਵੱਡੀਆਂ ਫੀਸਾਂ ਨਹੀਂ, ਪਰ ਦੂਜੇ ਪਾਸੇ ਤੁਹਾਡੇ ਲਈ ਤੇ ਤੁਹਾਡੇ ਇਲਮ ਲਈ ਇੱਜ਼ਤ ਵੀ ਨਹੀਂ।''

ਮੈਨੂੰ ਲੱਗਾ, ਰੌਸ਼ਨ ਮੇਰੇ ਕੋਲੋਂ ਵੱਧ, ਮੇਰੇ ਲਈ ਸੋਚਦਾ ਸਮਝਦਾ ਏ। ਉਹਦਾ ਉਸਤਾਦ ਲਾਲਾ ਵੀ ਠੀਕ ਹੀ ਕਹਿੰਦਾ ਏ। ਮਿਹਨਤ ਤੇ ਸਿਆਣਪ ਦੋਵੇਂ ਸਕੀਆਂ ਭੈਣਾਂ ਨੇ। ਤਾਕਤ ਤੇ ਹੁਸਨ ਮਿਲ ਜਾਵਣ ਤਾਂ ਜ਼ਿੰਦਗੀ ਦਾ ਭਰਮ ਧਰਮ ਵੱਧ ਜਾਂਦਾ ਏ। ਪਰ ਦੂਜੇ ਪਾਸੇ ਜੋ ਹੁੰਦਾ ਰਿਹਾ ਏ, ਸਦੀਆਂ ਤੋਂ ਜਾਗੀਰਦਾਰੀ ਪ੍ਰਬੰਧ ਦੀ ਆਚਰਨ-ਪ੍ਰਣਾਲੀ ਨੇ ਸੂਝ ਨੂੰ ਸਰਮਾਏ ਦੀ ਸੇਵਕ ਬਣਾ ਕੇ ਰੱਖਿਆ। ਕਿੰਨਾ ਵੱਡਾ ਸ਼ੋਸ਼ਣ ਹੁੰਦਾ ਰਿਹਾ ਮੇਰਾ, ਰੌਸ਼ਨ ਦਾ ਤੇ ਹੋਰ ਸਾਰਿਆਂ ਦਾ। ਮੈਨੂੰ ਆਪਣਾ ਜ਼ਮਾਨਾ ਯਾਦ ਆਉਂਦਾ। ਮੈਂ ਵੀ ਤੇ ਇੱਕ ਕਿਸਾਨ ਦਾ ਪੁੱਤਰ ਸਾਂ। ਭਾਵੇਂ ਮੇਰਾ ਬਾਪ ਕਿਸੇ ਦਾ ਮੁਜ਼ਾਰਾ ਨਹੀਂ ਸੀ, ਪਰ ਥੋੜ੍ਹੀ ਜ਼ਮੀਨ ਤੇ ਬਹੁਤ ਸਾਰੀ ਜ਼ਮੀਨ ਦਾ ਫ਼ਰਕ ਉਹੋ ਜਾਣ ਸਕਦੇ ਨੇ, ਜੋ ਏਸ ਫ਼ਰਕ ਦੀ ਆਰੀ ਨਾਲ ਚੀਰੇ ਜਾਂਦੇ ਰਹੇ ਹੋਣ। ਉਹ ਦਿਨ ਜਦੋਂ ਮੈਂ ਆਪਣੇ ਪਿੰਡ ਤੋਂ ਤਿੰਨ ਮੀਲ ਦੂਰ ਟੁਰ ਕੇ ਸਕੂਲ ਜਾਂਦਾ ਸਾਂ। ਕਿਉਂ ਜੋ ਚੌਧਰੀ ਨੇ ਪਿੰਡ ਵਿਚ ਸਕੂਲ ਖੁੱਲ੍ਹਣ ਨਹੀਂ ਸੀ ਦਿੱਤਾ। ਆਪਣੇ ਪੁੱਤਰਾਂ ਨੂੰ ਤਾਂ ਉਹ ਵੱਡੇ ਸ਼ਹਿਰ ਦੇ ਸ਼ਾਨਦਾਰ ਸਕੂਲਾਂ ਵਿਚ ਪੜ੍ਹਾ ਰਿਹਾ ਸੀ। ਫਿਰ ਜਦੋਂ ਮੈਂ ਚੰਗੇ ਨੰਬਰਾਂ ਵਿਚ ਮੈਟ੍ਰਿਕ ਕਰ ਲਈ ਤਾਂ ਚੌਧਰੀ ਸਾਹਿਬ ਨੇ ਮੈਨੂੰ ਆਪਣਾ ਮੁਨਸ਼ੀ ਰੱਖ ਲੈਣ ਦੀ ਗੱਲ ਕੀਤੀ ਜਾਂ ਫਿਰ ਕਿਧਰੇ ਛੋਟਾ ਕਲਰਕ ਰਖਵਾ ਦੇਣ ਦਾ ਅਹਿਸਾਨ ਕਰਨਾ ਚਾਹਿਆ। ਮਤਲਬ ਸਾਫ਼ ਸੀ। ਉਹ ਨਹੀਂ ਸੀ ਚਾਹੁੰਦਾ ਕਿ ਮੈਂ ਕਿਧਰੇ ਸ਼ਹਿਰ ਦੇ ਕਾਲਜ ਪੜ੍ਹਨ ਜਾਵਾਂ, ਬਹੁਤਾ ਪੜ੍ਹ ਜਾਵਾਂ। ਉਹਦੇ ਪੁੱਤਰਾਂ ਦੇ ਬਰਾਬਰ ਆ ਜਾਵਾਂ। ਮੇਰੇ ਗਰੀਬ ਬਾਪ ਨੇ ਆਪਣੇ ਸੁਪਨਿਆਂ ਕੋਲੋਂ ਜੁਰਅਤ ਲਈ। ਉਧਾਰ ਪੈਸਾ ਚੁੱਕ ਕੇ ਮੈਨੂੰ ਸ਼ਹਿਰ ਦੇ ਚੰਗੇ ਕਾਲਜ ਵਿਚ ਦਾਖਲ ਕਰਾਇਆ। ਫਿਰ ਅੱਗੋਂ ਅੱਧੀ ਜ਼ਮੀਨ ਗਹਿਣੇ ਪਾ ਕੇ ਮੈਡੀਕਲ ਕਾਲਜ ਵਿਚ ਡਾਕਟਰ ਬਣਨ ਲਈ ਭੇਜਿਆ। ਉਥੇ ਮੈਨੂੰ ਅਜਿਹੇ ਵਿਦਿਆਰਥੀ ਵੀ ਮਿਲੇ ਜਿਹਨਾਂ ਉੱਤੇ ਦੌਲਤ ਦਾ ਮੀਂਹ ਵਰ੍ਹਦਾ ਸੀ। ਵੱਡੀਆਂ-ਵੱਡੀਆਂ ਕਾਰਾਂ ਭਜਾਈ ਫਿਰਦੇ ਸਨ, ਪਰ ਪੜ੍ਹਾਈ ਵਿਚ ਮੈਂ ਉਹਨਾਂ ਕੋਲੋਂ ਅੱਗੇ ਹੀ ਰਿਹਾ ਮੇਰੀ ਇੱਜ਼ਤ ਬਣ ਗਈ।

ਫਿਰ ਉਹ ਦਿਨ ਵੀ ਆਇਆ ਜਦੋਂ ਮੇਰੇ ਪਿੰਡ ਦੇ ਚੌਧਰੀ ਸਾਹਿਬ ਆਪ ਮੈਨੂੰ ਮਿਲਣ ਵਾਸਤੇ ਆਏ। ਪਰ ਪ੍ਰਿੰਸੀਪਲ ਦੇ ਸਾਹਮਣੇ ਮੈਨੂੰ ਸੱਦਕੇ ਐਲਾਨ ਕਰ ਗਏ, ਪਈ ਮੈਂ ਉਹਨਾਂ ਦੇ ਪਿੰਡ ਦੇ ਇੱਕ ਗ਼ਰੀਬ ਹੱਲ-ਵਾਹਕ ਦਾ ਪੁੱਤਰ ਹਾਂ। ਉਸੇ ਦਿਨ ਮੈਨੂੰ ਆਪਣੇ ਪਿੰਡ ਕੋਲੋਂ ਨਫ਼ਰਤ ਜਿਹੀ ਹੋ ਗਈ। ਆਪਣੀ ਸਾਰੀ ਪਿਛੋਕੜ ਕੋਲੋਂ ਨਿਖੜ ਗਿਆ। ਮੈਂ ਵੀ ਦੌਲਤ ਨਾਲ ਪਿਆਰ ਕਰਨ ਲੱਗ ਪਿਆ।

ਦੌਲਤ ਸਾਰੇ ਐਬ ਜੋ ਢੱਕ ਲੈਂਦੀ ਏ। ਗਰੀਬੀ ਸਾਰੇ ਹੁਨਰ ਬਰਬਾਦ ਕਰ ਛੱਡਦੀ ਏ। ਇਸੇ ਕਰਕੇ ਵੱਡੀਆਂ-ਵੱਡੀਆਂ ਫੀਸਾਂ ਲੈ ਕੇ ਅਮੀਰਾਂ ਦਾ ਇਲਾਜ ਕਰਨਾ ਮੇਰਾ ਮਕਸਦ ਬਣ ਗਿਆ। ਬੜੀ ਤੇਜ਼ੀ ਨਾਲ ਮੈਂ ਆਪਣੀ ਜਾਤ ਨੂੰ ਦੌਲਤ ਦੇ ਗੁੰਬਦ ਵਿਚ ਲੁਕਾਵਣ ਲੱਗ ਪਿਆ। ਗਰੀਬ ਲੋਕੀ ਮੈਨੂੰ ਮੇਰਾ ਅਸਲਾ ਯਾਦ ਕਰਾਉਂਦੇ ਹੋ। ਇਸੇ ਕਰਕੇ ਗਰੀਬ ਮਰੀਜ਼ਾਂ ਨੂੰ ਵੇਖਦੇ ਮੈਨੂੰ ਪੀੜ ਘਟਾਉਣ ਵਾਲੀ ਗੋਲੀ ਯਾਦ ਆ ਜਾਂਦੀ ਏ। ਮੈਂ ਉਸੇ ਨਾਲ ਜਾਨ ਛੁਡਾ ਲੈਂਦਾ।

ਕੀ ਫਾਇਦਾ ਅਜਿਹੀ ਖ਼ਲਕਤ ਉੱਤੇ ਮਿਹਨਤ ਕਰਨ ਦਾ, ਜਿਹਦੇ ਪੱਲੇ ਪੈਸਾ ਨਹੀਂ। ਐਨੇ ਚਿਰ ਵਿਚ ਮੈਨੂੰ ਭੁੱਲ ਗਿਆ ਸੀ, ਪਈ ਸਰਜਰੀ ਵਿਚ ਮੁਹਾਰਤ ਹਾਸਲ ਕਰਨ ਲਈ ਸਾਡੇ ਤਜਰਬੇ (ਡੱਡੂਆਂ ਨੂੰ ਛੱਡ ਕੇ) ਗਰੀਬਾਂ ਉੱਤੇ ਈ ਕੀਤੇ ਸਨ। ਉਹਨਾਂ ਦੀਆਂ ਲਾਸ਼ਾਂ ਹੁੰਦੀਆਂ ਸਨ। ਉਹਨਾਂ ਦੇ ਬੀਮਾਰ ਜਿਸਮ ਦੇ ਅੰਗ, ਜਿਹਨਾਂ ਉੱਤੇ ਸਿੱਖਣ ਵਾਲੇ ਤਜਰਬੇ ਕੀਤੇ। ਕੋਈ ਅਮੀਰ ਆਪਣਾ ਆਪ ਸਿੱਖਣ ਵਾਲੇ ਡਾਕਟਰ ਦੇ ਹਵਾਲੇ ਨਹੀਂ ਕਰਦਾ। **(ਚਲਦਾ)**

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆ.ਫ ਨਿਊਯਾਰਕ

## 61-01 Broadway, Woodside NY 11377

**ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗਿਆਨੀ ਦਿੱਤ ਸਿੰਘ ਜੀ ਦੇ ਜਨਮ ਦਿਨ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਰਾਮਜੀ ਅੰਬੇਦਕਰ ਜੀ ਦੇ ਜਨਮ ਦਿਨ ਦੀਆਂ ਲੱਖ ਲੱਖ ਵਧਾਈਆਂ**



ਆਪ ਜੀ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ 26 ਅਪ੍ਰੈਲ ਦਿਨ ਐਤਵਾਰ ਨੂੰ ਦੂਜੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਅਤੇ ਮਹਾਨ ਸਿੱਖ ਵਿਦਵਾਨ ਗਿਆਨੀ ਦਿੱਤ ਸਿੰਘ ਜੀ ਦਾ ਜਨਮ ਦਿਨ ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਜਨਮ ਦਿਨ 3 ਮਈ ਨੂੰ ਮਨਾਉਣ ਜਾ ਰਹੀ ਹੈ।





## ਪ੍ਰੋਗਰਾਮਾਂ ਦਾ ਵੇਰਵਾ

26 ਅਪ੍ਰੈਲ ਦਿਨ ਐਤਵਾਰ ਨੂੰ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਅਤੇ ਗਿਆਨੀ ਦਿੱਤ ਸਿੰਘ ਦਾ ਜਨਮ ਦਿਨ ਮਨਾਇਆ ਜਾਵੇਗਾ
ਆਰੰਭ ਸ੍ਰੀ ਆਖੰਡ ਪਾਠ ਸਾਹਿਬ 24 ਅਪ੍ਰੈਲ ਸਵੇਰੇ 10 ਵਜੇ
ਭੋਗ ਸ੍ਰੀ ਆਖੰਡ ਪਾਠ ਸਾਹਿਬ 26 ਅਪ੍ਰੈਲ ਸਵੇਰੇ 10 ਵਜ

3 ਮਈ ਦਿਨ ਐਤਵਾਰ ਨੂੰ ਭਾਰਤ ਰਤਨ ਡਾ.ਅੰਬੇਦਕਰ ਜੀ ਦਾ ਜਨਮ ਦਿਨ ਮਨਾਇਆ ਜਾਵੇਗਾ।

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਸ਼ੁਭ ਅਵਸਰ ਤੇ ਗੁਰੂ ਘਰ ਆਪਣੀ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਪੰਥ ਦੇ ਮਹਾਨ ਕੀਰਤਨੀਏ, ਕਥਾਵਾਚਕ, ਢਾਡੀ ਸਾਹਿਬਾਨ ਹਾਜ਼ਰੀ ਭਰਨਗੇ ਅਤੇ ਸੰਗਤਾਂ ਨੂੰ ਗੁਰੂ ਵਿਚਾਰਾਂ ਨਾਲ ਜੋੜਨਗੇ। ਬੁਲਾਰੇ ਆਪਣੇ ਵਿਚਾਰਾਂ ਨਾਲ ਸਾਂਝ ਪਾਉਣਗੇ। ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

**ਗੁਰੂ ਘਰ ਦਾ ਸੰਪਰਕ ਨੰਬਰ**

## 718- 898- 8150 ਫੈਕਸ- 718-898-0932

## Shri Guru Ravidass Temple New York

# ਬੱਚਿਆਂ ਦੇ ਵਿਕਾਸ 'ਚ ਜ਼ਰੂਰੀ ਸਾਵਧਾਨੀਆਂ



ਐਚ.ਐਲ.ਕਪੂਰ
916- 587-4002

ਜਦੋਂ ਬੱਚਾ ਘਰ 'ਚ ਸ਼ੈਤਾਨੀਆਂ/ ਸ਼ਰਾਰਤਾਂ ਜਾਂ ਖਰੂਦ ਕਰਦਾ ਹੈ ਤਾਂ ਮਾਵਾਂ ਅਕਸਰ ਕਹਿੰਦੀਆਂ ਹਨ- "ਅੱਜ ਕੱਲ੍ਹ ਮਾਸਟਰ ਲੋਕ ਸਕੂਲ 'ਚ ਪੜ੍ਹਾਉਂਦੇ ਤਾਂ ਹੈ ਨਹੀਂ, ਐਵੇਂ ਵਿਹਲੇ ਬੈਠੇ ਰਹਿੰਦੇ ਹਨ ਅਤੇ ਵਿਦਿਆਰਥੀਆਂ ਵੱਲ ਕੋਈ ਧਿਆਨ ਨਹੀਂ ਦਿੰਦੇ। ਇਸ ਲਈ ਤਾਂ ਦੇਖੋ ਨਾ, ਲੜਕਾ ਕਿਸ ਤਰ੍ਹਾਂ ਦੀਆਂ ਸ਼ੈਤਾਨੀਆਂ/ ਸ਼ਰਾਰਤਾਂ ਤੇ ਗੱਲਾਂ ਸਿੱਖ ਗਿਆ ਹੈ।" ਇਹ ਦੂਸਰਿਆਂ ਤੇ ਦੋਸ਼ ਲਾ ਕੇ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਦੀ ਪ੍ਰਵਿਰਤੀ ਹੈ, ਜਿਸ ਨੂੰ ਹਰ ਜਗ੍ਹਾ ਦੇਖਿਆ ਜਾ ਸਕਦਾ ਹੈ। ਕਈ ਮਾਮਲਿਆਂ 'ਚ ਦੂਸਰੇ ਦੋਸ਼ੀ ਹੋ ਵੀ ਸਕਦੇ ਹਨ ਪਰ ਬੱਚਿਆਂ ਦੇ ਮਾਮਲੇ 'ਚ ਇਸ ਤਰ੍ਹਾਂ ਕਹਿਣਾ ਇਕਦਮ ਆਪਣੀ ਲਾਪਰਵਾਹੀ ਦਾ ਬੜਾ ਸ਼ਰਮਨਾਕ ਪ੍ਰਗਟਾ ਕਰਨਾ ਹੈ ਕਿਉਂਕਿ ਬੱਚਾ ਜੋ ਕੁਝ ਵੀ ਸਿੱਖਦਾ ਹੈ, ਉਸ ਦਾ 80 ਪ੍ਰਤੀਸ਼ਤ ਦੇ ਕਰੀਬ ਉਸ ਨੇ ਘਰ 'ਚੋਂ ਹੀ ਸਿੱਖਿਆ ਹੁੰਦਾ ਹੈ। ਵੈਸੇ ਵੀ ਬੱਚਾ ਪੰਜ-ਛੇ ਘੰਟੇ ਤੋਂ ਜ਼ਿਆਦਾ ਸਕੂਲ 'ਚ ਨਹੀਂ ਰਹਿੰਦਾ ਤੇ ਬਾਕੀ ਦਾ ਸਾਰਾ ਸਮਾਂ ਘਰ 'ਚ ਹੀ ਆਪਣੇ ਮਾਤਾ-ਪਿਤਾ ਦੀ ਦੇਖ-ਰੇਖ 'ਚ ਹੀ ਬਤੀਤ ਕਰਦਾ ਹੈ। ਪਿਤਾ ਜ਼ਿਆਦਾ ਸਮਾਂ ਆਪਣੇ ਰੁਜ਼ਗਾਰ ਕਾਰਨ ਘਰੋਂ ਬਾਹਰ ਹੀ ਗੁਜ਼ਾਰਦਾ ਹੈ। ਇਸ ਲਈ ਜ਼ਿਆਦਾ ਜ਼ਿੰਮੇਵਾਰੀ ਉਸ ਦੀ ਮਾਤਾ 'ਤੇ ਹੀ ਆਉਂਦੀ ਹੈ।

ਆਪਣੇ ਬੱਚੇ ਨੂੰ ਚੰਗਾ, ਸੱਚਾ-ਸੁੱਚਾ ਤੇ ਵਧੀਆ ਇਨਸਾਨ ਬਣਾਉਣ ਲਈ ਮਾਤਾ ਦਾ ਸਮਝਦਾਰ ਤੇ ਸਿੱਖਿਅਤ ਹੋਣਾ ਜ਼ਰੂਰੀ ਹੈ, ਲੇਕਿਨ ਇਸ ਦਾ ਅਰਥ ਇਹ ਨਹੀਂ ਹੈ ਕਿ ਮਾਤਾ ਤੋਂ ਬਿਨਾਂ ਘਰ ਦੇ ਦੂਸਰੇ ਆਦਮੀਆਂ ਨੂੰ, ਜਿਸ ਢੰਗ ਨਾਲ ਵੀ ਮਰਜੀ ਘਰ 'ਚ ਰਹਿਣਾ ਚਾਹੀਦਾ ਹੈ? ਬੱਚੇ ਦੇ ਵਧੀਆ ਵਿਕਾਸ 'ਚ ਮਾਤਾ ਦੀ ਪ੍ਰਮੁੱਖ ਭੂਮਿਕਾ ਬੜੀ ਜ਼ਰੂਰੀ ਹੈ ਪਰ ਪਰਿਵਾਰ 'ਚ ਦੂਸਰੇ ਵਿਅਕਤੀ ਵੀ ਹੁੰਦੇ ਹਨ, ਜਿਹਨਾਂ ਨਾਲ ਵੀ ਘਰ ਦਾ ਵਾਤਾਵਰਣ ਬਣਦਾ ਹੈ। ਉਹਨਾਂ ਦੇ ਰਹਿਣ-ਸਹਿਣ, ਵਿਵਹਾਰ ਤੇ ਬੋਲਚਾਲ ਦਾ ਵੀ ਬੱਚਿਆਂ ਤੇ ਜ਼ਰੂਰ ਪ੍ਰਭਾਵ ਪੈਂਦਾ ਹੈ। ਇਸ ਲਈ ਮਾਂ ਦਾ ਸਿੱਖਿਅਤ, ਸਮਝਦਾਰ ਤੇ ਸੰਸਕਾਰੀ ਹੋਣ ਦੇ ਨਾਲ ਨਾਲ ਪਰਿਵਾਰ ਦੇ ਦੂਸਰੇ ਵਿਅਕਤੀਆਂ ਨੂੰ ਵੀ ਆਪਣਾ ਰਹਿਣ-ਸਹਿਣ ਤੇ ਆਪਣੀਆਂ ਬੁਰੀਆਂ ਆਦਤਾਂ ਭਾਵ ਆਪਣੀ ਭੈੜੀ ਪ੍ਰਵਿਰਤੀਆਂ ਨੂੰ ਚੰਗੇ ਅਨੁਸ਼ਾਸਨ 'ਚ ਰੱਖਣਾ ਚਾਹੀਦਾ ਹੈ।

ਬੱਚੇ ਦਾ ਮਨ ਜਦੋਂ ਘਰ ਦੇ ਵਾਤਾਵਰਣ ਤੋਂ ਦੁਖੀ ਹੋ ਜਾਂਦਾ ਹੈ ਤਾਂ ਇਸ ਦਾ ਸਮਾਧਾਨ ਉਹ ਬਾਹਰਲੇ ਵਾਤਾਵਰਣ ਵਿਚ ਲੱਭਦਾ ਹੈ। ਇਸ ਦਾ ਮੁੱਖ ਕਾਰਨ ਘਰ ਦੇ ਵਾਤਾਵਰਣ ਦਾ ਖਰਾਬ ਹੋਣਾ ਹੀ ਹੈ। ਘਰ ਦੇ ਵਿਅਕਤੀ ਆਪਸ 'ਚ ਮਨਮੁਟਾਵ ਰੱਖਦੇ ਹੋਣ ਜਾਂ ਮਾਤਾ-ਪਿਤਾ 'ਚ ਰੋਜ਼ ਝਗੜਾ ਹੁੰਦਾ ਹੋਵੇ, ਇਸ ਨਾਲ ਘਰ 'ਚ ਕੁਹਰਾਮ ਮੱਚ ਜਾਂਦਾ ਹੈ ਤੇ ਘਰ 'ਚ ਪੈਦਾ ਹੋਏ ਸੁੰਨੇਪਣ ਤੋਂ ਬੱਚੇ ਭੈਅ-ਭੀਤ ਹੋ ਜਾਂਦੇ ਹਨ ਤੇ ਅਜਿਹੇ ਘਰ ਦੇ ਗੰਦੇ ਵਾਤਾਵਰਣ ਤੋਂ ਉਹ ਅਲੱਗ ਰਹਿਣ ਦੀ ਕੋਸ਼ਿਸ਼ ਕਰਦੇ ਹਨ। ਇਸ ਤਰ੍ਹਾਂ ਬੱਚਿਆਂ ਦਾ ਅਲੱਗ-ਅਲੱਗ ਰਹਿਣਾ ਤੇ ਘਰ ਦਾ ਗੰਦਾ ਵਾਤਾਵਰਣ ਉਹਨਾਂ ਨੂੰ ਅਵਾਰਾ ਤੇ ਉਜੱਡ ਬਣਾ ਦਿੰਦਾ ਹੈ।

ਬੱਚੇ 'ਚ ਇਸ ਪ੍ਰਕਾਰ ਦੀਆਂ ਪ੍ਰਵਿਰਤੀਆਂ ਬਣਨ ਦੀ ਪ੍ਰਸਥਿਤੀ ਮਾਤਾ-ਪਿਤਾ ਦੇ ਸੁਭਾਅ 'ਚ ਤਰੁੱਟੀਆਂ ਦੇ ਹੋਣ ਕਾਰਨ ਹੀ ਬਣਦੀ ਹੈ। ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਬੱਚੇ ਨਕਲ ਦੁਆਰਾ ਹੀ ਸਭ ਕੁਝ ਸਿੱਖਦੇ ਹਨ। ਬਾਪ 'ਚ ਸਿਗਰਟ ਜਾਂ ਸ਼ਰਾਬ ਪੀਣ ਦੀ ਆਦਤ ਹੁੰਦੀ ਹੈ ਤਾਂ ਬੱਚੇ ਵੀ ਸੁਭਾਵਿਕ ਹੀ ਇਸ ਬੁਰਾਈ ਨੂੰ ਗ੍ਰਹਿਣ ਕਰ ਲੈਂਦੇ ਹਨ। ਮਾਂ ਝੂਠ ਬੋਲਦੀ ਹੋਵੇ ਜਾਂ ਉਹ ਘਰ ਦੇ ਬਜ਼ੁਰਗ ਬੰਦਿਆਂ ਦਾ ਨਿਰਾਦਰ ਕਰਦੀ ਹੋਵੇ ਤਾਂ ਇਹ ਜ਼ਰੂਰੀ ਹੈ ਕਿ ਬੱਚਿਆਂ 'ਚ ਵੀ ਇਸ ਤਰ੍ਹਾਂ ਦੀ ਮੰਦੀ ਪ੍ਰਵਿਰਤੀ ਪੈਦਾ ਹੋਵੇਗੀ।

ਮਾਤਾ-ਪਿਤਾ ਦੀ ਹਰ ਪ੍ਰਵਿਰਤੀ ਦਾ ਬੱਚੇ ਤੇ ਬੜਾ ਗਹਿਰਾ ਪ੍ਰਭਾਵ ਪੈਂਦਾ ਹੈ ਤੇ ਉਹ ਬਿਨਾਂ ਕਿਸੇ ਰੋਕ-ਟੋਕ ਦੇ ਆਪਣੇ ਮਾਤਾ-ਪਿਤਾ ਵਰਗੇ ਹੀ ਬਣ ਜਾਂਦੇ ਹਨ।

ਚੰਗੇ ਤੇ ਸਿੱਖਿਅਤ ਮਾਤਾ-ਪਿਤਾ ਬੱਚੇ 'ਚ ਚੰਗੀਆਂ ਆਦਤਾਂ ਤੇ ਉਸ ਦਾ ਵਧੀਆ ਵਿਕਾਸ ਕਰਨ ਲਈ, ਹਮੇਸ਼ਾ ਤੇ ਲਗਾਤਾਰ ਮਿਹਨਤ ਕਰਦੇ ਰਹਿੰਦੇ ਹਨ ਤੇ ਉਸ ਦੀਆਂ ਚੰਗੀਆਂ ਪ੍ਰਵਿਰਤੀਆਂ ਉਜਾਗਰ ਕਰਨ ਲਈ ਹਮੇਸ਼ਾ ਉਸ ਨੂੰ ਪ੍ਰੇਰਿਤ ਕਰਦੇ ਰਹਿੰਦੇ ਹਨ, ਪਰ ਜਦੋਂ ਇਸ ਦੇ ਉਲਟ ਮਾਤਾ-ਪਿਤਾ ਵਿਵਹਾਰ ਕਰਦੇ ਹੋਣ ਤਾਂ ਇਹਨਾਂ ਸਾਰੇ ਕੀਤੇ ਗਏ ਯਤਨਾਂ ਤੇ ਮਿੱਟੀ ਪੈ ਜਾਂਦੀ ਹੈ। ਸੁਭਾਵਿਕ ਹੀ ਨਕਲ ਕਰਨ ਵਾਲਾ ਬੱਚਾ ਜਦੋਂ ਆਪਣੇ ਪਿਤਾ ਨੂੰ ਸਿਗਰਟ ਜਾਂ ਸ਼ਰਾਬ ਪੀਂਦਿਆਂ ਦੇਖਦਾ ਹੈ ਤਾਂ ਉਹ ਸਮਝਦਾ ਹੈ ਇਹ ਚੰਗਾ ਕੰਮ ਹੈ, ਕਿਉਂਕਿ ਉਸ ਲਈ ਤਾਂ ਘਰ ਦੇ ਵਿਅਕਤੀ ਹੀ ਆਦਰਸ਼ ਹਨ ਤੇ ਉਹ ਵੀ ਸਿਗਰਟ ਪੀਣ ਤੇ ਮਾਤਾ-ਪਿਤਾ ਦੀਆਂ ਦੂਸਰੀਆਂ ਗੰਦੀਆਂ ਆਦਤਾਂ ਦੀ ਨਕਲ ਕਰਨ ਲੱਗ ਜਾਂਦਾ ਹੈ। ਮਾਤਾ-ਪਿਤਾ ਉਸਨੂੰ ਜੇਕਰ ਡਾਂਟ ਫਿਟਕਾਰ ਲਗਾ ਕੇ ਹਟਾਅ ਵੀ ਲੈਣ ਤਾਂ ਉਹ ਚੋਰੀ-ਛਿਪੇ ਪੀਣ ਲੱਗ ਜਾਂਦਾ ਹੈ ਤੇ ਜਦੋਂ ਉਸ ਨੂੰ ਬਹੁਤ ਜ਼ਿਆਦਾ ਸਮਝਾਇਆ ਜਾਂਦਾ ਹੈ ਤਾਂ ਉਸ ਦੇ ਮਨ 'ਚ ਇਹ ਸਵਾਲ ਪੈਦਾ ਹੁੰਦਾ ਹੈ ਕਿ ਜਦ ਇਹ ਕੰਮ ਖਰਾਬ ਹੈ ਤਾਂ, ਇਹ ਘਰ ਦੇ ਸਭ ਬੰਦੇ ਇਸ ਤਰ੍ਹਾਂ ਕਿਉਂ ਕਰਦੇ ਹਨ? ਕਈ ਬੱਚੇ ਪੁੱਛ ਵੀ ਲੈਂਦੇ ਹਨ ਤੇ ਮਾਤਾ-ਪਿਤਾ ਗੁੱਸੇ 'ਚ ਆ ਜਾਂਦੇ ਹਨ।



ਗਲਤੀਆਂ ਕਰਨ 'ਤੇ ਬੱਚੇ ਦੀ ਪਿਟਾਈ ਵੀ ਕੀਤੀ ਜਾਂਦੀ ਹੈ। ਵੈਸੇ ਤਾਂ ਬੱਚੇ ਦੀ ਪਿਟਾਈ ਕਰਨ ਨਾਲ ਉਸ ਦੇ ਮਨ 'ਚ ਹੀਣ ਭਾਵਨਾ ਤੇ ਢੀਠ ਹੋਣ ਦੀ ਪ੍ਰਵਿਰਤੀ ਪੈਦਾ ਹੁੰਦੀ ਹੈ। ਜਦੋਂ ਬੱਚੇ ਨੂੰ ਬਿਨਾਂ ਕਿਸੇ ਕਾਰਨ ਮਾਰਿਆ ਜਾਂਦਾ ਹੈ ਤਾਂ ਇਹ ਹੋਰ ਵੀ ਹਾਨੀਕਾਰਕ ਹੁੰਦਾ ਹੈ। ਇੱਥੇ ਉਹਨਾਂ ਨੂੰ ਇਹ ਸਮਝਾਉਣਾ ਕਿ ਅਸੀਂ ਵੱਡੇ ਹਾਂ, ਇਸ ਲਈ ਤੇਰੀ ਪਿਟਾਈ ਕਰ ਸਕਦੇ ਹਾਂ। ਉਹਨਾਂ ਨੂੰ ਦੂਸਰੇ ਬੱਚਿਆਂ ਦੀ ਮਾਰ-ਕੁਟਾਈ ਕਰਨ ਲਈ ਉਕਸਾਹਟ ਪੈਦਾ ਕਰਨਾ ਹੈ। ਜਦੋਂ ਉਹ ਦੂਸਰੇ ਛੋਟੇ ਬੱਚਿਆਂ ਦੇ ਨਾਲ ਮਾਰ-ਪੀਟ ਕਰਦਾ ਹੈ ਤਾਂ ਵੀ ਉਹਨਾਂ ਨੂੰ ਡਾਂਟਿਆ-ਫਟਕਾਰਿਆ ਜਾਂਦਾ ਹੈ। ਇਸ ਤਰ੍ਹਾਂ ਹਰ ਗੱਲ ਲਈ ਉਹਨਾਂ ਨੂੰ ਡਰਾਉਣਾ ਤੇ ਦਬਾਅ ਕੇ ਰੱਖਣ ਦਾ ਅਰਥ ਸਮਝ ਨਹੀਂ ਆਉਂਦਾ। ਇਹ ਤਾਂ ਇਸ ਤਰ੍ਹਾਂ ਹੈ ਕਿ ਜਾਂ ਤਾਂ ਅਸੀਂ ਉਸ ਨੂੰ ਕੋਈ ਨਿਰਜੀਵ ਖਿਡਾਉਣਾ ਸਮਝ ਕੇ ਉਸ ਨਾਲ ਇਸ ਤਰ੍ਹਾਂ ਦਾ ਵਿਵਹਾਰ ਕਰ ਰਹੇ ਹੁੰਦੇ ਹਾਂ ਜਾਂ ਫਿਰ ਉਸ ਨੂੰ ਕਮਜ਼ੋਰ ਜਾਂ ਦੁਰਬਲ ਸਮਝ ਕੇ ਉਸ ਨੂੰ ਦਬਾਉਣ ਦੀ ਨੀਤੀ ਤੇ ਚੱਲ ਰਹੇ ਹੁੰਦੇ ਹਾਂ।

ਇਸ ਲਈ ਆਪਣੇ ਬੱਚਿਆਂ ਲਈ ਜਾਇਦਾਦ ਬਣਾ ਕੇ ਤੇ ਬਹੁਤ ਪੈਸਾ ਕਮਾਅ ਕੇ ਛੱਡ ਜਾਣ ਦੀ ਬਜਾਏ, ਉਹਨਾਂ ਨੂੰ ਗੁਣਵਾਨ ਤੇ ਚਰਿਤਰਵਾਨ ਬਣਾਉਣਾ ਜ਼ਿਆਦਾ ਮਹੱਤਵਪੂਰਨ ਸਮਝਿਆ ਗਿਆ ਹੈ। ਬੱਚਿਆਂ ਦਾ ਵਧੀਆ ਵਿਕਾਸ ਅਨੁਸ਼ਾਸਨ 'ਤੇ ਨਿਰਭਰ ਕਰਦਾ ਹੈ। ਅਨੁਸ਼ਾਸਨ ਵੀ ਉਹ ਹੋਵੇ ਜੋ ਉਹਨਾਂ 'ਤੇ ਜਬਰਦਸਤੀ ਠੋਸਿਆ ਨਾ ਗਿਆ ਹੋਵੇ ਜਾਂ ਉਹ ਜਬਰਦਸਤੀ ਮਹਿਸੂਸ ਕਰੇ। ਇਹ ਗੱਲ ਬੜੀ ਦਰੁੱਸਤ ਹੈ ਕਿ ਇਹ ਸਵੈ-ਇੱਛਾ ਦੀ ਮਰਿਆਦਾ ਨਾ ਤਾਂ ਬੱਚਿਆਂ 'ਤੇ ਸਖਤੀ ਨਾਲ ਸੰਭਵ ਹੋ ਸਕਦੀ ਹੈ ਤੇ ਨਾ ਹੀ ਕਿਸੇ ਕਰੂਰ ਤਰੀਕੇ ਨਾਲ, ਸਗੋਂ ਇਹ ਤਾਂ ਬੱਚਿਆਂ ਨਾਲ ਪ੍ਰੇਮ ਕਰਕੇ ਤੇ ਉਹਨਾਂ 'ਚ ਉਤਸ਼ਾਹ ਭਰ ਕੇ ਹੀ ਪੈਦਾ ਕੀਤੀ ਜਾ ਸਕਦੀ ਹੈ।

ਬਹੁਤ ਸਾਰੇ ਮਾਤਾ-ਪਿਤਾ ਬੱਚਿਆਂ 'ਚ ਫਜ਼ੂਲ ਖਰਚੀ ਦੀ ਪ੍ਰਵਿਰਤੀ ਪੈਦਾ ਨਾ ਹੋਵੇ, ਨੂੰ ਚੰਗਾ ਨਹੀਂ ਸਮਝਦੇ, ਅਗਰ ਖਰਚਾ ਮੰਗਦੇ ਵੀ ਹਨ ਤਾਂ ਮਾਤਾ-ਪਿਤਾ ਉਸ ਨੂੰ ਡਾਂਟ ਦਿੰਦੇ ਹਨ। ਲਾਡ-ਪਿਆਰ ਜ਼ਿਆਦਾ ਕਰਨ ਕਰਕੇ ਬੱਚੇ ਨੂੰ ਐਵੇਂ ਜ਼ਿਆਦਾ ਪੈਸਾ ਖਰਚ ਕਰਨ ਲਈ ਦੇਣਾ ਜਿੰਨਾ ਬੁਰਾ ਹੈ, ਉਤਨਾ ਹੀ ਬੁਰਾ ਉਸ ਨੂੰ ਖਰਚ ਕਰਨ ਲਈ ਕੁਝ ਵੀ ਨਾ ਦੇਣਾ ਹੈ। ਬੱਚੇ ਆਪਣੇ ਦੂਸਰੇ ਸਾਥੀਆਂ ਨੂੰ ਬਾਜ਼ਾਰ 'ਚ ਖਰਚ ਕਰਦੇ ਦੇਖ ਕੇ ਉਹਨਾਂ 'ਚ ਇਸ ਤਰ੍ਹਾਂ ਦੀ ਲਲਕ ਪੈਦਾ ਹੋਣਾ, ਇਕ ਸੁਭਾਵਿਕ ਪ੍ਰਕਿਰਆ ਹੈ।

ਜੇਕਰ ਉਸ ਨੂੰ ਸਖਤੀ ਨਾਲ ਦਬਾਅ ਦਿੱਤਾ ਜਾਵੇ ਤਾਂ ਇਸ ਨਾਲ ਬੱਚੇ 'ਚ ਅਸੰਤੁਸ਼ਟੀ ਦੀ ਭਾਵਨਾ ਆ ਜਾਂਦੀ ਹੈ। ਇਸ ਤੋਂ ਬਚਣ ਲਈ ਇਹ ਹੋਣਾ ਚਾਹੀਦਾ ਹੈ ਕਿ ਉਸ ਨੂੰ ਨਿਸ਼ਚਿਤ ਜੇਬ ਖਰਚ ਦੇਣ ਦੇ ਨਾਲ ਨਾਲ ਖਰਚ ਕਰਨ ਦੀ ਸਿੱਖਿਆ ਵੀ ਦਿੱਤੀ ਜਾਵੇ, ਜੇਕਰ ਉਹ ਗਲਤੀ ਨਾਲ ਜ਼ਿਆਦਾ ਖਰਚਾ ਕਰਦਾ ਵੀ ਹੈ ਤਾਂ ਉਸ ਨੂੰ ਸਮਝਾਇਆ ਜਾ ਸਕਦਾ ਹੈ।

ਕਈ ਬੱਚੇ ਚਿੜਚਿੜੇ ਤੇ ਅੜਬ ਸੁਭਾਅ ਦੇ ਹੁੰਦੇ ਹਨ। ਉਹ ਛੋਟੀ-ਛੋਟੀ ਗੱਲ 'ਤੇ ਮਚਲਦੇ ਹਨ, ਜਿੱਦ ਕਰਦੇ ਹਨ ਜਾਂ ਉਹਨਾਂ ਦੀ ਰੋਣ ਦੀ ਆਦਤ ਬਣ ਜਾਂਦੀ ਹੈ। ਇਸ ਤਰ੍ਹਾਂ ਤਾਂ ਹੀ ਹੁੰਦਾ ਹੈ ਜਦੋਂ ਉਹ ਇਸ ਨੂੰ ਆਪਣਾ ਅਧਿਕਾਰ ਜਾਂ ਹਥਿਆਰ ਸਮਝਦਾ ਹੈ ਜਾਂ ਉਸ ਸਮੇਂ ਹੁੰਦਾ ਹੈ ਜਦੋਂ ਮਾਤਾ-ਪਿਤਾ ਜਾਂ ਪਰਿਵਾਰ ਦੇ ਦੂਸਰੇ ਵਿਅਕਤੀ ਉਸ ਵੱਲ ਧਿਆਨ ਨਾ ਦਿੰਦੇ ਹੋਣ। ਅਕਸਰ ਬੱਚਿਆਂ ਨੂੰ ਖਾਣਾ ਖੁਆ ਦੇਣਾ, ਨਲਾਹ ਦੇਣਾ, ਕੱਪੜੇ ਬਦਲਣਾ ਤੇ ਸਕੂਲ ਭੇਜ ਦੇਣਾ ਹੀ ਅਸੀਂ ਉਹਨਾਂ ਲਈ ਕਾਫੀ ਸਮਝਦੇ ਹਾਂ ਪਰ ਘਰ ਦੇ ਹੋਰ ਕੰਮਾਂ ਤੋਂ ਫੁਰਸਤ ਕੱਢ ਕੇ ਬੱਚੇ ਨਾਲ ਗੱਲ ਕਰਨੀ, ਉਹਨਾਂ ਦੇ ਮਨੋਰੰਜਨ ਦਾ ਧਿਆਨ ਰੱਖਣਾ ਆਦਿ ਦੀ ਅਸੀਂ ਜ਼ਰੂਰਤ ਹੀ ਨਹੀਂ ਸਮਝਦੇ। ਇਸ ਤਰ੍ਹਾਂ ਦੀਆਂ ਘਰੇਲੂ ਪ੍ਰਸਥਿਤੀਆਂ 'ਚ ਬੱਚਾ ਆਪਣੇ ਆਪ ਨੂੰ ਘਰ ਦਾ ਮਹੱਤਵਹੀਣ ਵਿਅਕਤੀ ਸਮਝਣ ਲੱਗ ਪੈਂਦਾ ਹੈ ਤੇ ਆਪਣੇ ਵੱਲ ਧਿਆਨ ਖਿੱਚਣ ਲਈ ਜਿੱਦ ਕਰਨ ਲੱਗ ਪੈਂਦਾ ਹੈ।

ਬੱਚੇ ਲਈ ਘਰ ਮਹੱਤਵਪੂਰਨ ਸਥਾਨ ਹੈ। ਉਸ ਨਾਲ ਗੱਲ ਕਰਨ, ਹੱਸਣ-ਖੇਡਣ ਦੇ ਲਈ ਸਮਾਂ ਕੱਢ ਕੇ ਕਹਾਣੀਆਂ ਸੁਣਾਉਣਾ, ਚੰਗੀਆਂ-ਚੰਗੀਆਂ ਆਲੇ-ਦੁਆਲੇ ਤੇ ਸਮਾਜ ਦੀਆਂ ਗੱਲਾਂ ਕਰਨਾ, ਚੰਗੀ ਸਿੱਖਿਆ ਦੇ ਨਾਲ-ਨਾਲ, ਉਹਨਾਂ ਲਈ ਉਪਲਬਧ ਬਾਲ-ਸਾਹਿਤ ਪੜ੍ਹਨ ਦਾ ਪ੍ਰਬੰਧ ਵੀ ਮਾਤਾ-ਪਿਤਾ ਨੂੰ ਕਰਨਾ ਚਾਹੀਦਾ ਹੈ। ਇਸ ਸਮੇਂ ਸਾਨੂੰ ਬੱਚਿਆਂ ਦੀ ਹਰ ਗਤੀਵਿਧੀ ਤੇ ਧਿਆਨ ਰੱਖਣ ਦੀ ਜ਼ਰੂਰਤ ਹੈ ਕਿ ਉਹ ਬਾਹਰ ਕੀ ਕਰਦਾ ਹੈ?

ਸਕੂਲ 'ਚ ਉਸ ਦੀ ਕੀ ਪ੍ਰਗਤੀ ਹੈ? ਉਹ ਕਿਸ ਤਰ੍ਹਾਂ ਦੇ ਬੱਚਿਆਂ 'ਚ ਰਹਿੰਦਾ ਹੈ? ਦੂਸਰੇ ਬੱਚਿਆਂ ਦੇ ਨਾਲ ਉਹ ਕਿਸ ਤਰ੍ਹਾਂ ਦਾ ਵਿਵਹਾਰ ਕਰਦਾ ਹੈ? ਅਗਰ ਮਾਤਾ-ਪਿਤਾ ਇਹਨਾਂ ਗੱਲਾਂ ਦਾ ਧਿਆਨ ਰੱਖਦੇ ਹਨ ਤਾਂ ਬੱਚਿਆਂ 'ਚ ਪੈਦਾ ਹੋਣ ਵਾਲੀਆਂ ਕਾਫੀ ਬੁਰਾਈਆਂ ਦਾ ਨਿਪਟਾਰਾ ਕੀਤਾ ਜਾ ਸਕਦਾ ਹੈ। ਇਹ ਨਿਗਰਾਨੀ ਇਕ ਜਾਸੂਸ ਦੀ ਤਰ੍ਹਾਂ ਨਹੀਂ ਸਗੋਂ ਬੱਚੇ ਦੇ ਇਕ ਚੰਗੇ ਮਿੱਤਰ ਬਣ ਕੇ ਕਰਨੀ ਚਾਹੀਦੀ ਹੈ ਤੇ ਇਕ ਮਿੱਤਰ ਦੀ ਤਰ੍ਹਾਂ ਹੀ ਉਸਨੂੰ ਪ੍ਰੇਰਨਾ ਦੇ ਕੇ, ਸਿੱਧੇ ਰਸਤੇ ਤੇ ਪਾਉਣਾ ਚਾਹੀਦਾ ਹੈ।

ਇਸ ਤਰ੍ਹਾਂ ਬੜੀ ਸਹਿਜਤਾ ਤੇ ਸਾਵਧਾਨੀ ਨਾਲ ਬੱਚਿਆਂ 'ਚ ਚੰਗੇ ਸੰਸਕਾਰ ਪੈਦਾ ਕੀਤੇ ਜਾਣ ਤੇ ਉਹਨਾਂ ਨੂੰ ਸਹੀ ਦਿਸ਼ਾ 'ਚ ਸਿੱਖਿਆ ਦਿੱਤੀ ਜਾਵੇ ਤਾਂ ਬੱਚੇ ਦਾ ਚਰਿੱਤਰ ਤੇ ਉਸ ਦੇ ਭਵਿੱਖ ਦੇ ਨਿਰਮਾਣ ਦੀ ਜ਼ਰੂਰਤ, ਇਕ ਵੱਡੀ ਸੀਮਾ ਤੱਕ ਪੂਰੀ ਕੀਤੀ ਜਾ ਸਕਦੀ ਹੈ ਤੇ ਉਸ ਨੂੰ ਇਕ ਚੰਗਾ ਨਾਗਰਿਕ ਤੇ ਇਕ ਚੰਗਾ ਚਰਿੱਤਰਵਾਨ ਵਿਅਕਤੀ ਬਣਾਇਆ ਜਾ ਸਕਦਾ ਹੈ। (ਚਲਦਾ)

# ਜਗਤਪੁਰ ਵਿੱਚ ਰੋਕੋ ਕੈਂਸਰ ਮੁਹਿੰਮ ਤਹਿਤ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ



ਪਿੰਡ ਜਗਤਪੁਰ ਵਿੱਚ ਕੈਂਸਰ ਕੇਅਰ ਚੈਰੀਟੇਬਲ ਸੋਸਾਇਟੀ ਜਲੰਧਰ ਵਲੋਂ ਕੈਂਸਰ ਜਾਗਰੂਕਤਾ ਅਭਿਆਨ ਦੀ ਲੜੀ 'ਚ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਦਾ ਆਯੋਜਨ ਸਰਕਾਰੀ ਹਾਈ ਸਕੂਲ ਵਿਖੇ ਕੀਤਾ ਗਿਆ। ਇਸ ਮੈਡੀਕਲ ਕੈਂਪ ਦਾ ਉਦਘਾਟਨ ਸਰਬਜੀਤ ਸਿੰਘ ਬਾਹੀਆ ਉੱਪ ਪੁਲਿਸ ਕਪਤਾਨ ਬੰਗਾ ਨੇ ਕੀਤਾ। ਇਸ ਕੈਂਪ ਦਾ ਆਯੋਜਨ ਸਵਰਗੀ ਮਾਸਟਰ ਗਿਆਨੀ ਚੈਨ ਸਿੰਘ ਦੇ ਪੋਤਰੇ ਮਨਪ੍ਰੀਤ ਸਿੰਘ ਸ਼ੇਰਗਿੱਲ ਇੰਗਲੈਂਡ ਨਿਵਾਸੀ ਅਤੇ ਪਰਿਵਾਰ ਵਲੋਂ ਦਸ਼ਮੇਸ਼ ਗ੍ਰਾਮ ਸਭਾ ਜਗਤਪੁਰ ਅਤੇ ਯੂਥ ਡਿਵੈਲਪਮੈਂਟ ਐਂਡ ਸਪੋਰਟਸ ਕਲੱਬ ਦੇ ਸਹਿਯੋਗ ਨਾ.ਲ ਕਰਵਾਇਆ ਗਿਆ। ਉੱਪ ਪੁਲਿਸ ਕਪਤਾਨ ਸਰਬਜੀਤ ਸਿੰਘ ਬਾਹੀਆ ਨੇ ਕਿਹਾ ਕਿ ਇਸ ਬਿਮਾਰੀ ਸਬੰਧੀ ਜੋ ਧਾਰਨਾ ਬਣੀ ਹੋਈ ਹੈ ਕਿ ਕੈਂਸਰ ਦਾ ਕੋਈ ਇਲਾਜ ਨਹੀਂ ਹੈ ਇਸ ਨੂੰ ਛੱਡ ਕੇ ਇਸ ਦੇ ਮੁੱਢਲੀ ਸਟੇਜ ਤੇ ਹੀ ਇਲਾਜ ਸ਼ੁਰੂ ਹੋ ਜਾਵੇ ਤਾਂ ਇਸ ਤੇ ਅਸਾਨੀ ਨਾ.ਲ ਕਾਬੂ ਪਾਇਆ ਜਾ ਸਕਦਾ ਹੈ।

ਡਾਕਟਰੀ ਉਪਕਰਨਾਂ ਨਾ.ਲ ਲੈਸ ਡਾਕਟਰਾਂ ਅਤੇ ਸਹਿਯੋਗੀਆਂ ਦੀ ਟੀਮ ਨੇ ਪਹੁੰਚੇ ਮਰੀਜ਼ਾਂ ਨੂੰ ਕੈਂਸਰ ਪ੍ਰਤੀ ਜਾਗਰੂਕ ਕਰਨ ਲਈ ਇਸ ਸਬੰਧੀ ਜਾਣਕਾਰੀ ਦਿੱਤੀ ਅਤੇ ਕਰੀਬ 300 ਵਿਅਕਤੀਆਂ ਦੀ ਚੈੱਕਅਪ ਕੀਤੀ ਅਤੇ ਲੋੜੀਂਦੇ ਟੈਸਟ ਕੀਤੇ ਗਏ। ਇਸ ਕੈਂਪ ਨੂੰ ਸਫ਼ਲ ਕਰਨ ਵਿੱਚ ਮਹਿੰਦਰ ਸਿੰਘ ਦੁਸਾਂਝ, ਮਾਸਟਰ ਬਖ਼ਤਾਵਰ ਸਿੰਘ ਗਿੱਲ, ਹਰਬਖ਼ਸ਼ ਸਿੰਘ ਗਿੱਲ, ਅਵਤਾਰ ਸਿੰਘ ਗਿੱਲ, ਅਵਤਾਰ ਸਿੰਘ ਤਾਰਾ, ਮਨਜਿੰਦਰ ਸਿੰਘ ਅਤੇ ਹੋਰ ਸਹਿਯੋਗੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਸ਼ਮਸ਼ੇਰ ਸਿੰਘ ਚਾਹਲ, ਸੋਨੂੰ ਜਾਫ਼ਰਪੁਰ, ਐੱਸ. ਐੱਚ. ਓ. ਰਾਜ ਕੁਮਾਰ, ਹੈੱਡ ਮਾਸਟਰ ਹਰਯੋਗ ਸਿੰਘ, ਬਲਕਾਰ ਸਿੰਘ ਲਾਖਾ, ਰਾਜਵੀਰ ਸਿੰਘ, ਸਾਬਕਾ ਸਰਪੰਚ ਸੋਢੀ ਰਾਮ, ਜੋਗਿੰਦਰ ਰਾਮ ਸਰਪੰਚ ਬਘੌਰਾ, ਮੈਂਬਰ ਬਲਾਕ ਸੰਮਤੀ ਮੱਖਣ ਸਿੰਘ, ਕੇਵਲ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।

(ਰਿਪੋਰਟ- ਰੇਸ਼ਮ ਕਰਨਾਣਵੀ)



# ਪੂਰਨ ਸਿੰਘ ਪਾਂਧੀ ਦੀ 'ਸੰਗੀਤ ਦੀ ਦੂਨੀਆਂ'



ਉਜਾਗਰ ਸਿੰਘ
94178-13072

'ਸੰਗੀਤ ਦੀ ਦੁਨੀਆਂ' ਪੂਰਨ ਸਿੰਘ ਪਾਂਧੀ ਦੇ ਜੀਵਨ ਦੇ ਅਥਾਹ ਤਜ਼ਰਬੇ ਦੀ ਪ੍ਰਤੀਕ ਪੁਸਤਕ ਜਾਪਦੀ ਹੈ। ਉਹ ਆਪਣੀ ਉਮਰ ਦੇ 36 ਸਾਲ ਪੰਜਾਬੀ ਦਾ ਅਧਿਆਪਕ ਰਿਹਾ ਪ੍ਰੰਤੂ ਉਸ ਨੇ ਕਾਲਾਸੀਕਲ ਗਾਇਕੀ ਦਾ ਡਿਪਲੋਮਾ ਕੀਤਾ ਹੋਇਆ ਸੀ। ਉਹ ਆਪਣੇ ਕਿੱਤੇ ਦੇ ਨਾਲ ਵਾਇਲਨ, ਦਿਲਰੁਬਾ ਅਤੇ ਹੋਰ ਬਹੁਤ ਸਾਰੇ ਸਾਜਾਂ ਦਾ ਮਾਹਿਰ ਰਿਹਾ ਹੈ। ਨੌਕਰੀ ਤੋਂ ਸੇਵਾ ਮੁਕਤੀ ਤੋਂ ਬਾਅਦ ਉਹ ਕੈਨੇਡਾ ਪ੍ਰਵਾਸ ਕਰ ਗਿਆ ਪ੍ਰੰਤੂ ਆਪਣੇ ਵਿਰਸੇ ਨਾਲ ਉਹ ਪੂਰੀ ਤਰ੍ਹਾਂ ਗੜੁਚ ਰਿਹਾ ਹੈ, ਇਸ ਕਰਕੇ ਹੁਣ ਤੱਕ ਉਸ ਨੇ ਪੰਜਾਬੀ ਭਾਸ਼ਾ ਵਿਚ 9 ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ, ਸੰਗੀਤ ਦੀ ਦੁਨੀਆਂ ਉਸਦੀ 10ਵੀਂ ਪੁਸਤਕ ਹੈ। ਇਸ ਪੁਸਤਕ ਵਿਚ 25 ਚੈਪਟਰ ਹਨ। ਭਾਰਤ ਦੀ ਸੰਸਕ੍ਰਿਤੀ ਵਿਚ ਜਦੋਂ ਤੋਂ ਸੰਗੀਤ ਸ਼ੁਰੂ ਹੋਇਆ ਹੈ ਉਦੋਂ ਤੋ ਦੇ ਹੀ ਇਸ ਦੇ ਵਿਕਾਸ ਨੂੰ ਵੱਖ ਵੱਖ ਚੈਪਟਰਾਂ ਵਿਚ ਦਰਸਾਇਆ ਗਿਆ ਹੈ। ਸੰਗੀਤ ਕੀ ਹੁੰਦਾ ਹੈ? ਇਹ ਕਿਵੇਂ ਪੈਦਾ ਹੁੰਦਾ ਹੈ, ਆਦਿ ਦਾ ਵਰਨਣ ਕੀਤਾ ਗਿਆ ਹੈ। ਪੂਰਨ ਸਿੰਘ ਪਾਂਧੀ ਨੇ ਸੰਗੀਤ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਕਿਹਾ ਹੈ। ਪ੍ਰਮਾਤਮਾ ਤੱਕ ਪਹੁੰਚਣ ਦਾ ਵਸੀਲਾ ਬਣਾਇਆ ਹੈ। ਸੰਗੀਤ ਦੀਆਂ ਸੁਰੀਲੀਆਂ ਰੂਹਾਂ ਦੇ ਕਰਤਵ ਵੀ ਸੁਰੀਲੇ ਹੀ ਹੁੰਦੇ ਹਨ। ਸੰਗੀਤ ਦੀ ਧੁਨੀ ਆਨੰਦ ਦੀ ਪ੍ਰਾਪਤੀ ਦਾ ਸਾਧਨ ਹੈ। ਸੰਗੀਤਮਈ ਆਵਾਜ਼ ਨਾਦ ਹੁੰਦੀ ਹੈ। ਜਦੋਂ ਇਨਸਾਨ ਇਕਾਗਰ ਚਿਤ ਹੋ ਕੇ ਸਵਰਗ ਤੇ ਨਰਕ, ਖ਼ੁਸ਼ੀ ਤੇ ਗ਼ਮੀ, ਆਨੰਦ ਤੇ ਕਰੁਣਤਾ, ਦਿਨ ਤੇ ਰਾਤ, ਗਰਮੀ ਤੇ ਸਰਦੀ, ਤਰਲ ਤੇ ਠੋਸ, ਅੱਗ ਤੇ ਪਾਣੀ, ਸਵੇਰ ਤੇ ਸ਼ਾਮ, ਚੰਗੇ ਤੇ ਬੁਰੇ, ਪਵਿਤਰ ਅਤੇ ਅਪਵਿਤਰ, ਦੁਸ਼ਮਣ ਤੇ ਦੋਸਤ, ਜ਼ਿੰਦਗੀ ਤੇ ਮੌਤ ਦੇ ਅੰਤਰ ਬਾਰੇ ਸੋਚਦਾ ਹੈ ਤਾਂ ਉਸਦੇ ਮਨ ਵਿਚ ਸੰਗੀਤ ਦੀ ਧੁਨ ਸਰਸਰਾਹਟ ਪੈਦਾ ਕਰਦੀ ਹੈ। ਸੰਗੀਤ ਦੀ ਕਿਸਮ ਭਾਵੇਂ ਕੋਈ ਹੋਵੇ ਪ੍ਰੰਤੂ ਉਹ ਸਭ ਨੂੰ ਬਰਾਬਰ ਅਨੰਦ ਦਿੰਦਾ ਹੈ। ਸੰਗੀਤ ਕਿਸੇ ਵੀ ਹਰਕਤ, ਰਗੜ, ਚੋਟ ਜਾਂ ਫੂਕ ਤੋਂ ਪੈਦਾ ਹੁੰਦਾ ਹੈ। ਪ੍ਰਕ੍ਰਿਤੀ ਦੀ ਹਰ ਰਚਨਾ ਵਿਚ ਸੰਗੀਤ ਦੇ ਸੂਖ਼ਮ ਤੱਤ ਹੁੰਦੇ ਹਨ। ਟੱਲ, ਢੋਲ, ਚਿਮਟਾ, ਖੜਤਾਲ, ਬੰਸਰੀ, ਢੱਡ-ਸਾਰੰਗੀ, ਰਬਾਬ, ਵਾਜਾ, ਇਕਤਾਰਾ, ਡਮਰੂ, ਸੰਖ਼, ਝਾਂਜਰਾਂ, ਚੂੜੀਆਂ, ਗਿੱਧਾ, ਭੰਗੜਾ, ਇਹ ਸਾਰੀਆਂ ਵਸਤਾਂ ਸੰਗੀਤ ਦੀਆਂ ਰਸੀਲੀਆਂ ਧੁਨਾ ਪੈਦਾ ਕਰਦੀਆਂ ਹਨ। ਇਨ੍ਹਾਂ ਦੇ ਅਨੰਦ ਵਿਚ ਹੀ ਪਰਮਾਤਮਾ ਮਿਲਦਾ ਹੈ। ਪਾਂਧੀ ਅਨੁਸਾਰ ਮਨੁੱਖੀ ਗਿਆਨ ਇੰਦਰੀਆਂ ਦਾ ਸੰਗੀਤ ਨਾਲ ਗੂੜ੍ਹਾ ਸੰਬੰਧ ਹੈ। ਹਰ ਆਵਾਜ਼, ਆਹਟ, ਰੰਗ ਅਤੇ ਸ਼ਬਦ ਸੰਗੀਤ ਪੈਦਾ ਕਰਦੇ ਹਨ। ਜਦੋਂ ਮਨੁੱਖੀ ਰੂਹ ਰੱਜੀ ਹੁੰਦੀ ਹੈ ਤਾਂ ਸੁਰੀਲਾ ਸੰਗੀਤ ਪੈਦਾ ਹੁੰਦਾ ਹੈ। ਕਲਾ ਅਤੇ ਕੋਮਲ ਕਲਾਵਾਂ ਮਨੁੱਖੀ ਮਨਾਂ ਦੇ ਸਾਹਾਂ ਵਿਚ ਸਮੋਈਆਂ ਹੋਈਆਂ ਹੁੰਦੀਆਂ ਹਨ। ਕਲਾ ਦੇ ਕਈ ਰੂਪ ਹਨ, ਜਿਵੇਂ ਕਵਿਤਾ, ਬੁਤ ਤਰਾਸ਼ੀ, ਸ਼ਿਲਪ ਕਲਾ, ਨ੍ਰਿਤ, ਸੰਗੀਤ, ਹੱਥ ਕਰਘਾ ਜਿਸ ਵਿਚ ਦਰੀਆਂ, ਘੇਸ, ਸਿਲਾਈ ਅਤੇ ਕਢਾਈ ਆਦਿ ਸ਼ਾਮਲ ਹਨ। ਲਲਿਤ ਕਲਾ ਇਸ ਤੋਂ ਵੀ ਸੂਖ਼ਮ ਹੁੰਦੀ ਹੈ। ਇਨ੍ਹਾਂ ਸਾਰੀਆਂ ਕਲਾਵਾਂ ਦਾ ਸੰਬੰਧ ਸੰਗੀਤ ਨਾਲ ਹੈ। ਸੰਗੀਤ ਨੂੰ ਸੁਰੀਲਾ ਬਣਾਉਣ ਲਈ ਰਿਆਜ਼ ਅਤਿਅੰਤ ਜ਼ਰੂਰੀ ਹੈ। ਰਿਆਜ਼ ਤੋਂ ਬਿਨਾ ਸੰਗੀਤ ਸੁਰੀਲਾ ਹੋ ਹੀ ਨਹੀਂ ਸਕਦਾ। ਜਿਵੇਂ ਸਖਤ ਲਕੜ ਨੂੰ ਪਹਿਲਾਂ ਕੁਹਾੜੇ ਨਾਲ ਫਿਰ ਖਰਾਦਣ ਨਾਲ ਅੰਤ ਵਿਚ ਰੰਦੇ ਨਾਲ ਤਰਾਸ਼ਣ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਸੰਗੀਤ ਨੂੰ ਸੁਰੀਲਾ ਬਣਾਉਣ ਲਈ ਵਾਰ ਵਾਰ ਰਿਆਜ਼ ਕਰਨਾ ਜ਼ਰੂਰੀ ਹੈ। ਪੂਰਨ ਸਿੰਘ ਪਾਂਧੀ ਅਨੁਸਾਰ ਕਈ ਲੋਕ ਕਿਸੇ ਕੰਮ ਨੂੰ ਵਾਰ ਵਾਰ ਕਰਨ ਨੂੰ ਹੀ ਰਿਆਜ਼ ਕਹਿੰਦੇ ਹਨ। ਅਸਲ ਵਿਚ ਰਿਆਜ਼ ਤਾਂ ਇਕਾਗਰ ਚਿਤ ਹੋ ਕੇ ਰੂਹ ਨਾਲ ਕਿਸੇ ਸਥਾਪਤ ਪੈਮਾਨੇ ਨਾਲ ਕੀਤਾ ਜਾਂਦਾ ਹੈ,ਨਾ ਕਿ ਵਾਰ ਵਾਰ ਕਰਨ ਨਾਲ। ਕਈ ਰਾਗੀ, ਢਾਡੀ ਜਾਂ ਕੀਰਤਨੀਏ ਕਹਿੰਦੇ ਹਨ ਕਿ ਅਸੀਂ ਤਾਂ ਹਰ ਰੋਜ ਆਪਣੇ ਪ੍ਰੋਗਰਾਮ, ਕੀਰਤਨ ਕਰਦੇ ਰਹਿੰਦੇ ਹਾਂ, ਇਸ ਨਾਲ ਸਾਡਾ ਰਿਆਜ਼ ਹੋ ਜਾਂਦਾ ਹੈ। ਇਹ ਬਿਲਕੁਲ ਗ਼ਲਤ ਹੈ। ਰਿਆਜ਼ ਵਿਓਪਾਰ ਨਾਲ ਨਹੀਂ ਹੁੰਦਾ। ਜਿਵੇਂ ਸਿਹਤਮੰਦ ਸਰੀਰ ਬਣਾਉਣ ਲਈ ਸੱਚੇ ਦਿਲੋਂ ਕਿਸੇ ਪ੍ਰਣਾਲੀ ਅਧੀਨ ਵਰਜਿਸ ਕਰਨੀ ਜ਼ਰੂਰੀ ਹੁੰਦੀ ਹੈ ਉਸੇ ਤਰ੍ਹਾਂ ਸੰਗੀਤ ਲਈ ਰਿਆਜ਼ ਬਹੁਤ ਹੀ ਜ਼ਰੂਰੀ ਹੈ। ਰਿਆਜ਼ ਸਾਧਨਾ ਨਾਲ ਕੀਤਾ ਜਾਂਦਾ ਹੈ।




ਗੁਰੂ ਕਾਲ ਤੋਂ ਹੀ ਸੰਗੀਤ ਦੀ ਪਰੰਪਰਾ ਚਲਦੀ ਆ ਰਹੀ ਹੈ। ਗੁਰਬਾਣੀ ਵਿਚ ਵੀ 31 ਰਾਗ ਹਨ ਅਤੇ 29 ਮਿਸ਼ਰਤ ਰਾਗ ਹਨ। ਇਸ ਪ੍ਰਕਾਰ ਕੁਲ 60 ਰਾਗਾਂ ਵਿਚ ਗੁਰਬਾਣੀ ਹੈ। ਗੁਰੂ ਨਾਨਕ ਦੇਵ ਜੀ ਨਾਲ ਭਾਈ ਮਰਦਾਨਾ ਰਬਾਬ ਵਜਾਉਂਦੇ ਸਨ। ਉਨ੍ਹਾਂ ਇਹ ਵੀ ਲਿਖਿਆ ਹੈ ਕਿ ਇਨ੍ਹਾਂ ਰਾਗਾਂ ਵਿਚ 9 ਰਸ ਹੁੰਦੇ ਹਨ, ਜਿਹੜੇ ਸੰਗੀਤ ਨੂੰ ਹੋਰ ਸੁਰੀਲਾ ਬਣਾਉਂਦੇ ਹਨ। ਅਸਲ ਵਿਚ ਅਨੰਦ ਅਤੇ ਵਿਸਮਾਦੀ ਅਵਸਥਾ ਹੀ ਸੰਗੀਤ ਹੈ। ਸੁਰ, ਲੈਅ ਅਤੇ ਤਾਲ ਦੀ ਮਨਮੋਹਕ ਧੁਨੀ ਹੀ ਸੰਗੀਤ ਪੈਦਾ ਕਰਦੀ ਹੈ। ਇਹ ਕੁਦਰਤ ਦਾ ਕਲਾਤਮਕ ਚਿੰਨ ਹੈ, ਜਿਹੜਾ ਇਨਸਾਨ ਨੂੰ ਹਸਾ ਅਤੇ ਰੁਆ ਸਕਦਾ ਹੈ। ਸੰਗੀਤ ਨੂੰ ਆਤਮਾ ਅਤੇ ਪਰਮਾਤਮਾ ਦਾ ਸੁਮੇਲ ਵੀ ਕਿਹਾ ਜਾ ਸਕਦਾ ਹੈ। ਹਰ ਦੇਸ਼, ਕੌਮ ਅਤੇ ਉਨ੍ਹਾਂ ਦੇ ਧਰਮਾ ਦਾ ਆਪੋ ਆਪਣਾ ਸੰਗੀਤ ਹੁੰਦਾ ਹੈ ਪ੍ਰੰਤੂ ਇਹ ਸੰਗੀਤ ਅਧਿਆਤਮਕ ਅਤੇ ਰੋਮਾਂਟਿਕ ਦੋ ਤਰ੍ਹਾਂ ਦਾ ਹੁੰਦਾ ਹੈ। ਪੂਰਨ ਸਿੰਘ ਪਾਂਧੀ ਕੀਰਤਨੀਆਂ ਅਤੇ ਰਾਗੀਆਂ ਦਾ ਜ਼ਿਕਰ ਕਰਦਾ ਹੋਇਆ ਕਹਿੰਦਾ ਹੈ ਕਿ ਸਾਡੇ ਬਹੁਤੇ ਕੀਰਤਨੀਆਂ ਅਤੇ ਰਾਗੀਆਂ ਨੂੰ ਰਾਗਾਂ ਬਾਰੇ ਡੂੰਘੀ ਜਾਣਕਾਰੀ ਨਹੀਂ, ਜਦੋਂ ਕਿ ਰਾਗ ਸੰਗੀਤ ਦੀ ਬੁਨਿਆਦ ਹਨ ਕਿਉਂਕਿ ਹਰ ਚੀਜ਼ ਦਾ ਕੋਈ ਵਿਧੀ ਵਿਧਾਨ ਹੁੰਦਾ ਹੈ। ਕਿਸੇ ਦੇ ਮੁਖ਼ਾਰਬਿੰਦ ਚੋਂ ਨਿਕਲੀ ਮਨਾ ਨੂੰ ਮੋਹਿਤ ਕਰਨ ਵਾਲੀ ਸੁਰੀਲੀ ਆਵਾਜ਼ ਨੂੰ ਅਲਾਪ ਕਿਹਾ ਜਾਂਦਾ ਹੈ, ਪ੍ਰੰਤੂ ਦੁਖ ਦੀ ਗੱਲ ਹੈ ਕਿ ਅੱਜ ਕਲ੍ਹ ਅਲਾਪ ਅਰਥਾਤ ਆਵਾਜ਼ ਨਾਲੋਂ ਸਾਜ਼ ਅੱਗੇ ਹਨ। ਆਵਾਜ਼ ਨਹੀਂ ਸੁਣਦੀ ਸਾਜ ਜ਼ਿਆਦਾ ਰੌਲਾ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਸੰਗੀਤ ਦੀਆਂ ਵੀ ਗਾਇਨ ਸ਼ੈਲੀਆਂ ਹੁੰਦੀਆਂ ਹਨ। ਕਲਾਸੀਕਲ ਗਾਇਕੀ ਦੀਆਂ ਵੀ ਆਪਣੀਆਂ ਸ਼ੈਲੀਆਂ ਹੁੰਦੀਆਂ ਹਨ। ਪਾਂਧੀ ਨੇ ਆਪਣੀ ਪੁਸਤਕ ਵਿਚ ਪੁਰਾਤਨ ਚੋਟੀ ਦੇ ਗਾਇਕਾਂ ਦੀ ਸੂਚੀ ਵੀ ਦਿੱਤੀ ਹੈ। ਉਨ੍ਹਾਂ ਗਾਇਕੀ ਦੇ ਸਫਰ ਨੂੰ ਵੀ ਦਰਸਾਇਆ ਹੈ, ਜਿਸ ਵਿਚ ਪ੍ਰਾਚੀਨ ਕਾਲ, ਮੱਧ ਕਾਲ, ਆਧੁਨਿਕ ਕਾਲ, ਭਗਤੀ ਅੰਦੋਲਨ ਅਤੇ ਭਾਰਤੀ ਸੰਗੀਤ ਦੇ ਘਰਾਣਿਆਂ ਦਾ ਵੀ ਜ਼ਿਕਰ ਕੀਤਾ ਹੈ। ਇਹ ਪੁਸਤਕ ਸੰਗੀਤ ਦੇ ਸ਼ਰਧਾਲੂਆਂ ਅਤੇ ਸੰਗੀਤਕਾਰਾਂ ਲਈ ਵੀ ਲਾਭਦਾਇਕ ਹੋ ਸਕਦੀ ਹੈ। ਖ਼ਾਸ ਤੌਰ ਤੇ ਸੰਗੀਤ ਦੇ ਵਿਦਿਆਰਥੀਆਂ ਲਈ ਭਰਪੂਰ ਜਾਣਕਾਰੀ ਪ੍ਰਦਾਨ ਕਰੇਗੀ। ਆਮ ਤੌਰ ਤੇ ਰਾਗੀਆਂ ਅਤੇ ਕੀਰਤਨੀਆਂ ਬਾਰੇ ਕਿੰਤੂ ਪ੍ਰੰਤੂ ਨਹੀਂ ਕੀਤਾ ਜਾਂਦਾ ਪ੍ਰੰਤੂ ਪੂਰਨ ਸਿੰਘ ਪਾਂਧੀ ਨੇ ਕਚਘਰੜ ਕੀਰਤਨੀਆਂ ਅਤੇ ਰਾਗੀਆਂ ਨੂੰ ਚੇਤਾਵਨੀ ਦਿੰਦਿਆਂ ਲਿਖਿਆ ਹੈ ਕਿ ਉਹ ਗੁਰਬਾਣੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਦੀ ਥਾਂ ਤੇ ਸਾਖੀਆਂ ਦਾ ਵਧੇਰੇ ਵਿਖਿਆਨ ਕਰਦੇ ਹਨ,ਸਾਖੀਆਂ ਵਿਚ ਤਾਂ ਕਰਾਮਾਤਾਂ ਦਾ ਪ੍ਰਗਟਾਵਾ ਹੁੰਦਾ ਹੈ ਜਦੋਂ ਕਿ ਸਿਖ ਗੁਰੂ ਤਾਂ ਕਰਾਮਾਤਾਂ ਦੇ ਵਿਰੁਧ ਸਨ। ਉਹ ਤਾਂ ਕੀਰਤਨ ਦੀ ਥਾਂ ਜ਼ਿਆਦਾ ਸਮਾ ਸਾਖੀਆਂ ਸੁਣਾਉਣ ਤੇ ਹੀ ਲਾ ਦਿੰਦੇ ਹਨ। ਜਿਵੇਂ ਗੁਰਬਾਣੀ ਵਿਚ ਅੰਕਿਤ ਹੈ ਕਿ ਕਲਯੁਗ ਵਿਚ ਕੀਰਤਨ ਪ੍ਰਧਾਨਾ। ਜੇ ਸਾਡੇ ਕੀਰਤਨੀਏਂ ਅਤੇ ਰਾਗੀ ਇਸੇ ਤਰ੍ਹਾਂ ਕੀਰਤਨ ਕਰਨਗੇ ਤਾਂ ਉਹ ਸਿਖ ਧਰਮ ਦਾ ਗ਼ਲਤ ਪ੍ਰਚਾਰ ਕਰਕੇ ਸਿਖ ਧਰਮ ਨੂੰ ਨੁਕਸਾਨ ਪਹੁੰਚਾ ਰਹੇ ਹਨ। ਉਨ੍ਹਾਂ ਅੱਗੋਂ ਲਿਖਿਆ ਕਿ ਕੀਰਤਨ ਵਿਚ ਕੀਰਤਨੀਆਂ ਦੀ ਸ਼ਰਧਾ ਭਾਵਨਾ ਦੀ ਥਾਂ ਤੇ ਵਿਓਪਾਰ ਪ੍ਰਧਾਨ ਹੋ ਗਿਆ ਹੈ। ਉਹ ਸੌਦੇਬਾਜ਼ੀ ਕਰਦੇ ਹਨ ਜਿਵੇਂ ਵਿਓਪਾਰ ਵਿਚ ਕੀਤੀ ਜਾਂਦੀ ਹੈ। ਉਹ ਘੜੀ ਵੇਖਕੇ ਕੀਰਤਨ ਕਰਦੇ ਹਨ। ਉਨ੍ਹਾਂ ਦੇ ਕੀਰਤਨ ਵਿਚ ਮਿਠਾਸ ਨਹੀਂ ਹੁੰਦੀ। ਪੂਰਨ ਸਿੰਘ ਪਾਂਧੀ ਦੀ ਪੁਸਤਕ ਵਿਚ ਚੋਟੀ ਦੇ ਰਾਗੀਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ ਜਿਹੜੇ ਕੀਰਤਨ ਕਰਨ ਲਈ ਮਿਹਨਤਾਨਾ ਨਹੀਂ ਲੈਂਦੇ ਸਨ। ਉਨ੍ਹਾਂ ਦੀ ਆਵਾਜ਼ ਸੁਰੀਲੀ ਹੁੰਦੀ ਸੀ ।ਉਨ੍ਹਾਂ ਦਾ ਕੀਰਤਨ ਸੁਣਨ ਵਾਲਿਆਂ ਨੂੰ ਮੰਤਰ ਮੁਗਧ ਕਰ ਦਿੰਦਾ ਸੀ। ਉਨ੍ਹਾਂ ਭਾਈ ਮਨਸ਼ਾ ਸਿੰਘ ਰਾਗੀ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਭਾਈ ਮਨਸ਼ਾ ਸਿੰਘ ਦੇ ਕੀਰਤਨ ਤੋਂ ਖ਼ੁਸ਼ ਹੋ ਕੇ ਉਸ ਨੂੰ ਜਾਗੀਰ ਦੇਣ ਲਈ ਕਿਹਾ ਤਾਂ ਭਾਈ ਮਨਸ਼ਾ ਸਿੰਘ ਨੇ ਜਾਗੀਰ ਲੈਣ ਤੋਂ ਇਨਕਾਰ ਕਰ ਦਿੱਤਾ। ਅੱਜ ਕਲ੍ਹ ਦੇ ਰਾਗੀ ਅਜਿਹਾ ਨਹੀਂ ਕਰਦੇ ਸਗੋਂ ਉਹ ਤਾਂ ਕੀਰਤਨ ਨੂੰ ਵਿਓਪਾਰ ਦੇ ਤੌਰ ਤੇ ਲੈਂਦੇ ਹਨ। ਉਹ ਵਿਸ਼ੇਸ਼ ਤੌਰ ਤੇ ਲਿਖਦੇ ਹਨ ਕਿ 1947 ਤੋਂ ਬਾਅਦ ਕੀਰਤਨੀਆਂ ਵਿਚ ਗਿਰਾਵਟ ਆ ਗਈ। ਸ਼ਰਧਾ ਘੱਟ ਗਈ। ਕਲਾ ਵਿਹੁਣ ਲੋਕ ਇਸ ਖੇਤਰ ਵਿਚ ਸ਼ਾਮਲ ਹੋ ਗਏ ਹਨ। ਇਸ ਦਾ ਜ਼ਿੰਮੇਵਾਰ ਉਹ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਮੰਨਦੇ ਹਨ। ਪੂਰਨ ਸਿੰਘ ਇਸ ਗਿਰਾਵਟ ਦਾ ਇੱਕ ਹੋਰ ਮੁਖ ਕਾਰਨ ਸੰਤ ਬਾਬਿਆਂ ਦਾ ਠਾਠ ਬਾਠ ਨਾਲ ਸ਼ਾਮ ਹੋ ਜਾਣਾ ਵੀ ਮੰਨਦੇ ਹਨ। ਸੰਤ ਬਾਬਿਆਂ ਦਾ ਮੁਖ ਜ਼ੋਰ ਵਧੀਆ ਕਾਰਾਂ ਅਤੇ ਸੁੰਦਰ ਪੁਸ਼ਾਕਾਂ ਹਨ।

ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਕਿ ਪੂਰਨ ਸਿੰਘ ਪਾਂਧੀ ਦੀ ਇਹ ਪੁਸਤਕ ਸੰਗੀਤ ਵਿਚ ਆ ਰਹੀ ਗਿਰਾਵਟ ਨੂੰ ਰੋਕਣ ਲਈ ਦਿੱਤੀ ਗਈ ਚੇਤਾਵਨੀ ਹੈ। ਜੇਕਰ ਸਿਖਾਂ ਨੇ ਇਸ ਪਾਸੇ ਧਿਆਨ ਨਾ ਦਿੱਤਾ ਤਾਂ ਭਵਿਖ ਵਿਚ ਸਾਡਾ ਸੰਗੀਤ ਨੀਰਸ ਰਹਿ ਜਾਵੇਗਾ। ਗੁਰੂ ਸਾਹਿਬਾਨ ਵੱਲੋਂ ਦੱਸੇ ਮਾਰਗ ਤੋਂ ਅਸੀਂ ਭੱਟਕ ਜਾਵਾਂਗੇ। ਪੂਰਨ ਸਿੰਘ ਪਾਂਧੀ ਦੀ ਪੁਸਤਕ ਇੱਕ ਸ਼ਲਾਘਾਯੋਗ ਉਦਮ ਹੈ।

# ਗੁਰਦੁਆਰਾ ਫਰੀਮਾਂਟ ਵਿਖੇ ਖਾਲਸਾ ਦੀ ਸਿਰਜਣਾ ਸਬੰਧੀ ਸਫਲ ਸੈਮੀਨਾਰ ਹੋਇਆ

ਫਰੀਮਾਂਟ- ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਖਾਲਸੇ ਦੇ ਸਾਜਨਾ ਦਿਵਸ ਸਬੰਧੀ ''ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ'' ਦੇ ਵਿਸ਼ੇ 'ਤੇ ਇਕ ਸਫਲ ਸੈਮੀਨਾਰ ਦਾ ਪ੍ਰਬੰਧ ਕੀਤਾ ਗਿਆ। ਪੂਰੇ ਹਫਤੇ ਦੇ ਸਮਾਗਮਾਂ ਵਿਚ ਵਿਚਾਰ ਗੋਸ਼ਟੀ ਦਾ ਇਹ ਇਕ ਅਹਿਮ ਸਮਾਗਮ ਹੋ ਨਿ-ਬੜਿਆ, ਜਿਸ ਵਿਚ ਵੱਖ ਵੱਖ ਬੁਲਾਰਿਆਂ ਨੇ ਖਾਲਸੇ ਦੇ ਪ੍ਰਗਟ ਹੋਣ ਦੇ ਇਲਾਹੀ ਰੂਪ ਨੂੰ ਆਪਣੀ ਆਪਣੀ ਸਮਝ ਅਨੁਸਾਰ ਖੋਜ ਕੇ ਸੰਗਤਾਂ ਦੇ ਰੂਬਰੂ ਪੇਸ਼ ਕੀਤਾ। ਵਿਚਾਰ ਗੋਸ਼ਟੀ ਵਿਚ ਹਿੱਸਾ ਲੈਣ ਵਾਲੇ ਖੋਜੀਆਂ ਨੇ ਗੁਰੂ ਨਾਨਕ ਸੱਚ ਤੋਂ ਸ਼ੁਰੂ ਕਰਦਿਆਂ ਹੁਣ ਤੱਕ ਦੇ ਸਿੱਖ ਇਤਿਹਾਸ ਦਾ ਮੁਲਾਂਕਣ ਕਰਦਿਆਂ ਲੱਗਭੱਗ ਹਰ ਵੱਡੀ ਘਟਨਾ ਦੇ ਇਲਾਹੀ, ਸਮਾਜਿਕ, ਮਾਨਸਿਕ, ਰਾਜਨੀਤਿਕ ਤੇ ਧਾਰਮਿਕ ਕਾਰਨਾਂ ਤੇ ਅਸਰਾਂ ਬਾਰੇ ਸੰਕੇਤਕ ਤੇ ਸਪੱਸ਼ਟ ਚਰਚਾ ਕੀਤੀ ਤੇ ਕਿਹਾ ਕਿ ਖਾਲਸੇ ਦੀ ਰਚਨਾ ਤੇ ਇਸਦੇ ਪ੍ਰਗਟ ਹੋਣ ਦਾ ਰਾਜ ਗੁਰਬਾਣੀ ਤੇ ਸਮੁੱਚੇ ਸਿੱਖ ਇਤਿਹਾਸ ਵਿਚੋਂ ਲੱਭਿਆ ਤੇ ਖੋਜਿਆ ਜਾ ਸਕਦਾ ਹੈ।



ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲਿਆਂ ਨੇ ਵਿਚਾਰ ਗੋਸ਼ਟੀ ਦੇ ਸ਼ੁਰੂ ਵਿਚ ਆਪਣੇ ਵਿਚਾਰ ਰੱਖਦਿਆਂ ਖਾਲਸੇ ਦੀ ਉਤਪੱਤੀ ਦੇ ਕੁੱਲ ਇਤਿਹਾਸ ਨੂੰ ਚੰਦ ਲਫਜ਼ਾਂ 'ਚ ਬੜੇ ਸੁਚੱਜੇ ਢੰਗ ਨਾਲ ਸਮਝਾਇਆ ਤੇ ਦੱਸਿਆ ਕਿ ਖਾਲਸੇ ਦੀ ਯਾਦ, ਖਾਲਸੇ ਦੇ ਪ੍ਰਗਟ ਹੋਣ ਨੂੰ ਉਸ ਰੂਪ ਵਿਚ ਹੀ ਵੇਖਣਾ ਬਣਦਾ ਹੈ, ਜਿਸ ਰੂਪ ਵਿਚ ਗੁਰੂ ਸਾਹਿਬ ਨੇ ਇਸਨੂੰ ਰਚਿਆ। ਉਪਰੰਤ ਡਾਕਟਰ ਸੰਦੀਪ ਸਿੰਘ, ਫਰਿਜ਼ਨੋ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਭਾਈ ਮਨਵਿੰਦਰ ਸਿੰਘ, ਭਾਈ ਬਲਵਿੰਦਰਪਾਲ ਸਿੰਘ ਖਾਲਸਾ, ਸੁਪਰੀਮ ਕੌਂਸਲ ਦੇ ਸਾਬਕਾ ਸੀਨੀਅਰ ਮੈਂਬਰ ਭਾਈ ਰਾਮ ਸਿੰਘ ਹੁਰਾਂ ਖਾਲਸੇ ਦੀ ਰਚਨਾ, ਉਦੇਸ਼ ਤੇ ਪੰਜਾਂ ਕਕਾਰਾਂ ਬਾਰੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ।

ਸੁਪਰੀਮ ਕੌਂਸਲ ਮੈਂਬਰ ਭਾਈ ਜਸਦੇਵ ਸਿੰਘ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸੰਗਤਾਂ ਤੇ ਬੁਲਾਰਿਆਂ ਦਾ ਧੰਨਵਾਦ ਕਰਦਿਆਂ ਖਾਲਸੇ ਦੇ ਸਾਜਨਾ ਦਿਵਸ ਦੇ ਸਮਾਗਮਾਂ ਬਾਰੇ ਤਸੱਲੀ ਦਾ ਪ੍ਰਗਟਾਵਾ ਕੀਤਾ।

**ਵੈਬਸਾਈਟ ਤੇ ਤਾਜ਼ੀਆਂ ਖਬਰਾਂ ਪੜ੍ਹਨ ਲਈ ਕਲਿਕ ਕਰੋ**
**www.deshdoaba.com**
**www.ambedkartimes.org**

## ਇਸ਼ਕ ਖੁਮਾਰੀ



'ਚਰਨ ਆਨੰਦ' (916-587-4002)

ਤੇਰੇ ਰੰਗ ਵਿਚ ਰੰਗੀ ਸੱਜਨਾ, ਮੈਨੂੰ ਨੀਂਦ ਨਾ ਆਵੇ।
ਰਾਤ ਦਿਨੇ ਰਹਾਂ ਮੈਂ ਤੱਕਦੀ, ਕਦ ਦਰ ਆਣ ਵਜਾਵੇ।
ਦੂਰ ਦੁਰਾਡੇ ਇਕ ਦੀਵਾ ਬਲਦਾ, ਦਿਲ ਨੂੰ ਢਾਰਸ ਲਾਵੇ।
ਦੇਖ ਪਤੰਗਾਂ ਜਲਦਾ ਉਸ 'ਤੇ, ਦਿਲ ਨੂੰ ਲਾਂਬੂ ਲਾਵੇ।
ਵਿਛੜਿਆਂ ਦੀ ਇਹ ਲੰਬੀ ਜਿੰਦੜੀ, ਹੁਣ ਕੰਢੇ ਕੌਣ ਲਿਜਾਵੇ।
ਲਹਿਰਾਂ ਵਿਚੋਂ ਉਠਦੇ ਭੰਵਰ, ਕਿਸੇ ਖੌਫ਼ ਦਾ ਰਾਗ ਸੁਣਾਵੇ।
ਕੰਨਾਂ 'ਤੇ ਜੇ ਹੱਥ ਮੈਂ ਧਰਦੀ, ਮੁੜ ਅੱਖਾਂ ਅੱਗੇ ਆਵੇ।
ਦਿਲ ਦਾ ਦਰਵਾਜਾ ਬੰਦ ਕਰ ਥੱਕੀ, ਪੇਸ਼ ਨਾ ਹੁਣ ਮੇਰੀ ਜਾਵੇ।
ਧੱਕ-ਧੱਕ ਕਰਦਾ ਦਿਲ ਜੋ ਕਹਿੰਦਾ, ਮੈਨੂੰ ਸਮਝ ਨਾ ਆਵੇ।
ਸੈਂਕੜੇਵਾਰ ਪੁੱਛ ਮੈਂ ਥੱਕੀ, ਤੂੰ ਕਿਸ ਦਾ ਰਾਗ ਸੁਣਾਵੇ।
ਕਦੇ ਇਹ ਹੱਸਦਾ ਫਿਰ ਰੋ-ਰੋ ਕਹਿੰਦਾ ਉਹਈਓ ਰਾਗ ਪੁਰਾਣਾ।
ਥਲਾਂ ਦੇ ਵਿਚ ਸੱਸੀ ਸੜ ਗਈ, ਬਦਲਿਆ ਨਹੀਂ ਜ਼ਮਾਨਾ।
ਤੂੰ ਚਾਹੁੰਨੀ ਏ ਮੈਂ ਹੋਵਾਂ, ਫਿਰ ਤੋਂ ਰਾਂਝਾ ਤੂੰ ਹੋਵੇ ਹੀਰ ਸਿਆਲੀ।

ਬੀਨ ਵਜਾ ਕੇ ਫੜਾ ਮੈਂ ਵੰਝਲੀ ਕੋਈ ਛੇੜਾ ਨਵੀ ਕਹਾਣੀ।
ਇਹ ਜੱਗ ਵਾਲੇ ਬੜੇ ਨੇ ਚਾਤਰ, ਫੜ ਲੈਂਦੇ ਨੇ ਨਸ ਨਾੜੀ।
ਨਹੀਂ ਇਹ ਬਖਸ਼ਦੇ ਰੱਬ ਨੂੰ ਇੱਥੇ, ਇਹ ਉਸ ਤੋਂ ਵੱਡੇ ਖਿਡਾਰੀ।
ਮਰਨਾ ਜੀਣਾ ਬੱਸ ਕਰ ਲੈਂਦੇ, ਜੇ ਲੱਗ ਜਾਏ ਪਿਆਰ ਬਿਮਾਰੀ।
ਇਹਨਾਂ ਨੂੰ ਕਿਸੇ 'ਤੇ ਤਰਸ ਨਾ ਆਵੇ, ਭਾਵੇਂ ਛੱਡ ਜਾਣ ਦੁਨੀਆਂ ਸਾਰੀ।
ਇਸ ਤੋਂ ਚੰਗਾ ਕਰੀਏ ਇਸ਼ਕ ਹਕੀਕੀ, ਕਰੇ ਸਦਾ ਜੋ ਮਿਲਨ ਤਿਆਰੀ।
ਚੌਹੁ ਦਰਵਾਜੇ ਖੁਲ੍ਹ ਜਾਂਦੇ ਨੇ, ਫੁੱਲਾਂ ਵਾਂਗ ਕਿਆਰੀ।
ਮਹਿਕੀ ਖੁਸ਼ਬੂ ਜੱਗ ਨੂੰ ਭਾਵੇ, ਖਿੜੀ ਰਹੇ ਗੁਲਜ਼ਾਰੀ।
ਇਹ ਬੂਟਾ ਜੋ ਕਦੇ ਨਾ ਸੁਕਦਾ, ਰਹੇ ਸਦਾ ਜੱਗ ਤਾਰੀ।
ਰੁੱਤ ਆਵੇ ਰੁਤ ਜਾਵੇ ਭਾਵੇਂ, ਸੁੱਕੇ ਨਾ ਇਕ ਵੀ ਵਾਰੀ।
ਜੱਗ ਨੂੰ ਚਾਨਣ ਦੇ ਜਾਂਦੇ ਨੇ, ਜੋ ਲਾਂਦੇ ਇਸ਼ਕ ਮਿਜਾਜ਼ੀ।
ਆਓ ਸੱਜਦਾ ਕਰੀਏ ਇਨ੍ਹਾਂ ਨੂੰ, ਜੋ ਚੁੱਕਦੇ ਪੰਡ ਇਹ ਭਾਰੀ।
'ਚਰਨ' ਕਹੇ ਕਰ ਵੇਖੋ ਇਸ ਨੂੰ ਤਾਂ ਫਿਰ ਚੜੀ ਰਹੇ ਖੁਮਾਰੀ।

## ਬਿਰਹਨ

ਹੰਝੂਆਂ ਭਰੀ ਨਿਮਾਣੀ ਜ਼ਿੰਦੜੀ, ਕਿਸ ਕੰਢੇ ਜਾ ਲਾਵਾਂ ਮੈਂ।
ਇਕ ਤੇਰਾ ਹੀ ਭਰੋਸਾ ਮੈਨੂੰ, ਜਿਸ ਦਿਲ ਦਾ ਹਾਲ ਸੁਣਾਵਾਂ ਮੈਂ।
ਜੇ ਇੰਝ ਹੀ ਛੱਡ ਜਾਣਾ ਸੀ ਤਾਂ ਪਿਆਰ ਦਾ ਸੰਖ ਵਜਾਇਆ ਕਿਉਂ?
ਮੈਂ ਪਗਲੀ ਨੂੰ ਸਮਝ ਨਾ ਆਈ, ਕਿਸ ਦਰ ਵੱਲ ਹੁਣ ਜਾਵਾਂ ਮੈਂ।
ਇਕ ਪਾਸੇ ਸੀ ਨੂੰਰੀ ਚਾਨਣ, ਦੂਜਾ ਦਰ ਸੀ ਤੇਰਾ
ਦੋਵਾਂ 'ਚੋਂ ਪਿਆਰ ਸੀ ਡੁੱਲਦਾ, ਕਿਸ ਵੱਲ ਪੈਰ ਵਧਾਵਾਂ ਮੈਂ।
ਭੁੱਲ ਗਿਆ ਸਭ ਤੇਰਾ ਮੇਰਾ, ਰਹੀ ਨਾ ਹੋਸ਼ ਜ਼ਮਾਨੇ ਦੀ।
ਇਸ਼ਕ ਦੀ ਬੰਸੀ ਮਨ ਨੂੰ ਛੂ ਗਈ, ਲੱਗ ਗਈ ਲਗਨ ਤਰਾਨੇ ਦੀ।
ਤੇਰੇ ਦਰ ਦੀ ਭਿਖ਼ਸ਼ਣ ਬਣ ਰਹੀ, ਭੁੱਲ ਕੇ ਖੇਡ ਘਰਾਣੇ ਦੀ।
ਯਾਦਾਂ ਦੇ ਵਿਚ ਰਾਤ ਗੁਜ਼ਾਰਾਂ ਸੁਪਨੇ ਲੈ-ਲੈ ਮਨ ਨੂੰ ਢਾਰਾਂ।

ਆ ਜਾ ਸੱਜਣਾ ਹੁਣ ਵੱਸ ਨਹੀਂ ਮੇਰੇ, ਛਿੱਕਵੇ ਗਿਲੇ ਜੋ ਹੋਣਗੇ ਤੇਰੇ।
ਕਰ ਲਵਾਂਗੇ ਫਿਰ ਮਿਲ ਕੇ ਦੂਹਰੇ।
ਆ ਰਲ ਬੈਠ ਇਕ ਰਾਤ ਲੰਘਾਈਏ, ਇਸ ਜਿੰਦੜੀ ਦਾ ਰਾਗ ਸੁਣਾਈਏ।
ਇਹ ਜਿੰਦੜੀ ਨਹੀਂ ਇਤਨੀ ਲੰਬੀ, ਕੱਟ ਦਈਏ ਜੋ ਵਾਂਗ ਦੁਬੰਗੀ।
ਜੋ ਮਿਲਿਆ ਹੈ ਉਸ 'ਚ ਰਾਜੀ, ਕੀ ਕਰਨੇ ਨੇ ਮੁੱਲਾਂ ਕਾਜ਼ੀ।

ਪਿਆਰ ਦੀ ਦੌਲਤ ਜਿਸ ਨੂੰ ਮਿਲਦੀ, ਪਿਆਰ ਹੋਵੇ ਜਾਂ ਹੋਏ ਸ਼ਿਵਜੀ।
ਦੋਵੇਂ ਨਾਮ ਨੇ ਉਸ ਦੀ ਨਿਹਮਤ, ਨਹੀਂ ਵਿਤਕਰਾ ਵਿਚ ਉਸ ਦੀ ਰਹਿਮਤ।
ਆਓ ਕਰੀਏ ਅਸੀਂ ਉਸ ਨਾਲ ਪਿਆਰ, ਵਧੇ ਫੁੱਲੇ ਸਾਡਾ ਸੰਸਾਰ।
ਜਿਸਨੇ ਵੀ ਉਸ ਨਾਲ ਪਿਆਰ ਨਿਭਾਇਆ, 'ਚਰਨ' ਕਹੇ ਉਸ ਰੱਬ ਨੂੰ ਪਾਇਆ।

# ਡਾ. ਅੰਬੇਡਕਰ ਅਤੇ ਦਲਿਤ ਮੁਕਤੀ ਅੰਦੋਲਨ



ਇਹ ਅੰਦੋਲਨ ਆਪਣੇ ਖਿਲਾਫ਼ ਹੋ ਰਹੇ ਭੇਦ-ਭਾਵ ਨੂੰ ਖਤਮ ਕਰਨ ਦੇ ਲਈ ਹੀ ਨਹੀਂ, ਇਹ ਇਕ ਸਮਾਜਿਕ ਕ੍ਰਾਂਤੀ ਲਿਆਉਣ ਦੇ ਲਈ ਵੀ ਹੈ। ਇਹ ਕ੍ਰਾਂਤੀ ਇਨਸਾਨ ਦੁਆਰਾ ਜਾਤ-ਪਾਤ ਦੇ ਬੰਧਨਾਂ ਨੂੰ ਖਤਮ ਕਰਨ ਦੇ ਲਈ ਵੀ ਹੈ। ਇਹ ਕ੍ਰਾਂਤੀ ਸਭ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਦੇ ਲਈ ਵੀ ਹੈ। ਵਰਤਮਾਨ ਜਾਤ-ਪਾਤ ਵਿਵਸਥਾ ਸਾਡੇ ਰਾਸ਼ਟਰ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਸਾਡਾ ਅੰਦੋਲਨ ਸ਼ਕਤੀ ਅਤੇ ਭਾਈਚਾਰੇ ਦੇ ਲਈ ਹੈ। ਅਸੀਂ ਉਨ੍ਹਾਂ ਸ਼ਾਸਤਰਾਂ ਅਤੇ ਸਿਮਰਤੀਆਂ ਦੁਆਰਾ ਨਿਯੰਤਰਿਤ (ਕੰਟਰੋਲ) ਹੋਣ ਅਤੇ ਬੰਨ੍ਹੇ ਜਾਣ ਤੋਂ ਇਨਕਾਰ ਕਰਦੇ ਹਾਂ ਜੋ ਕਾਲੇ ਕਾਨੂੰਨ ਅੰਧਕਾਰਮਈ ਅਤੇ ਅਗਿਆਨੀ ਯੁੱਗਾਂ ਵਿੱਚ ਤਿਆਰ ਕੀਤੇ ਗਏ ਸਨ। ਸਾਡੀ ਸਫਲਤਾ ਦੇਸ਼ ਦੀ ਮਹਾਨ ਸੇਵਾ ਹੋਵੇਗੀ।

**– ਡਾ. ਅੰਬੇਡਕਰ**



ਡਾ. ਰੌਣਕੀ ਰਾਮ
ਡੀਨ, ਆਰਟਸ ਫੈਕਲਟੀ
ਆਨਰੇਰੀ ਡਾਇਰੈਕਟਰ, ਆਈ. ਸੀ. ਐਸ. ਐਸ. ਆਰ
ਸ਼ਹੀਦ ਭਗਤ ਸਿੰਘ ਪ੍ਰੋਫੈਸਰ ਆਫ ਪੋਲੀਟੀਕਲ ਸਾਇੰਸ
ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ (91-977-914-2308)

**(ਆਖਰੀ ਕਿਸਤ)**

ਭਾਵੇਂ ਇਹ ਪਾਰਟੀਆਂ ਇਸ ਉਦੇਸ਼ ਨੂੰ ਪੂਰਾ ਕਰਨ ਵਿੱਚ ਸਫ਼ਲ ਨਹੀਂ ਹੋ ਸਕੀਆਂ ਪਰੰਤੂ ਇਨ੍ਹਾਂ ਨੇ ਦਲਿਤ ਵਰਗ ਨੂੰ ਇੱਕ ਸਦੀਵੀ ਉਦੇਸ਼ ਜ਼ਰੂਰ ਦਿੱਤਾ ਹੈ ਜਿਸਨੇ ਉਨ੍ਹਾਂ ਦੇ ਮਨਾਂ ਅੰਦਰ ਭਾਰਤ ਦੇ ਹੁਕਮਰਾਨ ਬਣਨ ਦੀ ਉਮੰਗ ਨੂੰ ਜਨਮ ਦਿੱਤਾ। ਇਸ ਸੰਦਰਭ ਵਿੱਚ ਇੱਕ ਵਾਰ ਡਾ. ਅੰਬੇਡਕਰ ਨੇ 1944 ਵਿੱਚ ਕਿਹਾ ਸੀ ਕਿ "ਸਾਡਾ ਉਦੇਸ਼ ਅਤੇ ਇੱਛਾ ਹੋਣੀ ਚਾਹੀਦੀ ਹੈ ਕਿ ਅਸੀਂ ਵੀ ਰਾਜ ਕਰੀਏ। ਤੁਹਾਨੂੰ ਸਾਰਿਆਂ ਨੂੰ ਇਸ ਗੱਲ ਨੂੰ ਆਪਣੇ ਮਨਾਂ ਵਿੱਚ ਵਸਾਉਣਾ ਚਾਹੀਦਾ ਹੈ ਅਤੇ ਤੁਹਾਨੂੰ ਸਾਰਿਆਂ ਨੂੰ ਇਸਨੂੰ ਆਪਣੇ ਘਰਾਂ ਦੀਆਂ ਕੰਧਾਂ 'ਤੇ ਲਿਖ ਲੈਣਾ ਚਾਹੀਦਾ ਹੈ"। ਜੇਲੀਅਟ ਦਾ ਇਹ ਕਹਿਣਾ ਹੈ ਕਿ ਉਸਨੇ ਇਹ ਸ਼ਬਦ ਇੱਕ ਮਹਾਰ ਵਲੋਂ ਆਪਣੀ ਬਰਾਦਰੀ ਦੇ ਬੱਚਿਆਂ ਵਾਸਤੇ ਖੋਲ੍ਹੀ ਗਈ ਲਾਇਬਰੇਰੀ ਦੀਆਂ ਕੰਧਾਂ ਉੱਤੇ ਮਰਾਠੀ ਵਿੱਚ ਲਿਖੇ ਹੋਏ ਖ਼ੁਦ ਦੇਖੇ। ਬਾਬੂ ਕਾਂਸ਼ੀ ਰਾਮ ਨੇ ਇਸ ਉਦੇਸ਼ ਨੂੰ ਪੂਰਾ ਕਰਨ ਲਈ ਬਾਮਸੇਫ, ਡੀ. ਐਸ. ਫੋਰ ਅਤੇ ਬਹੁਜਨ ਸਮਾਜ ਪਾਰਟੀ ਦਾ ਕ੍ਰਮਵਾਰ ਸੰਗਠਨ ਕਰਕੇ ਇਸ ਕਾਰਜ ਨੂੰ ਅਮਲੀ ਜਾਮਾ ਪਹਿਨਾਉਣ ਦਾ ਸਾਰਥਕ ਯਤਨ ਕੀਤਾ। ਉਨ੍ਹਾਂ ਦੇ ਯੋਗ ਜਥੇਬੰਧਕ ਯਤਨਾਂ ਦੇ ਰਾਹੀਂ ਭਾਰਤ ਦੇ ਉੱਤਰ ਪ੍ਰਦੇਸ਼ ਦੇ ਸੂਬੇ ਵਿੱਚ ਬਹੁਜਨ ਸਮਾਜ ਪਾਰਟੀ ਸ਼੍ਰੀਮਤੀ ਮਾਇਆ ਵਤੀ ਦੀ ਅਗਵਾਈ ਹੇਠ ਚਾਰ ਵਾਰ ਸਰਕਾਰ ਸਥਾਪਿਤ ਕਰਨ ਵਿੱਚ ਸਫ਼ਲ ਹੋਈ ਹੈ, ਜਿਸਨੇ ਦਲਿਤ ਵਰਗ ਦੇ ਭਾਰਤ ਦੇ ਹੁਕਮਰਾਨ ਬਣਨ ਦੇ ਸੁਪਨੇ ਨੂੰ ਹੋਰ ਗੂੜ੍ਹਾ ਕੀਤਾ ਹੈ। ਬਹੁਜਨ ਸਮਾਜ ਪਰਟੀ ਨੇ ਡਾ. ਅੰਬੇਡਕਰ ਦੇ ਹੀ ਪਦ ਚਿੰਨ੍ਹਾਂ ਤੇ ਚਲਦੇ ਹੋਏ ਜਿੱਥੇ ਦਲਿਤ ਮੁਕਤੀ ਅੰਦੋਲਨ ਨੂੰ ਘਰ-ਘਰ ਪਹੁੰਚਾਉਂਦੇ ਹੋਏ ਰਾਜਨੀਤਿਕ ਸ਼ਕਤੀ ਦੀ ਕੁੰਜੀ ਨੂੰ ਇਸਤੇਮਾਲ ਕਰਨਾ ਸਿੱਖਿਆ ਹੈ ਉੱਥੇ ਡਾ. ਅੰਬੇਡਕਰ ਦੀ ਯਾਦ ਵਿੱਚ ਪੈਰ-ਪੈਰ ਤੇ ਉੱਤਰ ਪ੍ਰਦੇਸ਼ ਦੀ ਧਰਤੀ 'ਤੇ ਉਨ੍ਹਾਂ ਦੇ ਬੁੱਤ ਸਜਾ ਕੇ ਦਲਿਤ ਮੁਕਤੀ ਅੰਦੋਲਨ ਨੂੰ ਭਾਰਤ ਦੀ ਰਾਜਨੀਤਿਕ ਰਣਭੂਮੀ ਦੇ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ। ਅੱਜ ਦੇ ਭਾਰਤ ਦੀ ਸਿਆਸੀ ਸ਼ਤਰੰਜ ਵਿੱਚ ਦਲਿਤ ਮੁਕਤੀ ਅੰਦੋਲਨ ਵਿਸ਼ੇਸ਼ ਭੂਮਿਕਾ ਨਿਭਾ ਰਿਹਾ ਹੈ, ਜਿਸਦੇ ਨਾਂ 'ਤੇ ਭਾਰਤ ਦੀਆਂ ਰਾਸ਼ਟਰੀ ਅਤੇ ਸਥਾਨਕ ਰਾਜਨੀਤਿਕ ਪਾਰਟੀਆਂ ਸਿਆਸਤ ਕਰਦੀਆਂ ਸਹਿਜੇ ਹੀ ਦੇਖੀਆਂ ਜਾ ਸਕਦੀਆਂ ਹਨ। ਦਲਿਤ ਮੁਕਤੀ ਅੰਦੋਲਨ ਦੇ ਨਜ਼ਰੀਏ ਤੋਂ ਬਹੁਜਨ ਸਮਾਜ ਪਾਰਟੀ ਆਪਣੇ-ਆਪ ਨੂੰ ਦਲਿਤ ਵਰਗ ਦਾ ਉੱਚਿਤ ਪ੍ਰਤੀਨਿਧੀ ਸਮਝਦੇ ਹੋਏ ਉਸਨੂੰ ਗੈਰ-ਦਲਿਤ ਰਾਜਨੀਤਿਕ ਪਾਰਟੀਆਂ ਦੀਆਂ ਲੂੰਬੜੀ ਚਾਲਾਂ ਤੋਂ ਬਚਣ ਦੀ ਵੀ ਅਕਸਰ ਗੱਲ ਕਰਦੀ ਸੁਣੀ ਜਾ ਸਕਦੀ ਹੈ।

ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਦਾ ਇੱਕ ਹੋਰ ਪਹਿਲੂ ਜਿਸ ਬਾਰੇ ਵਿਸਥਾਰਪੂਰਵਕ ਚਰਚਾ ਕਰਨਾ ਜ਼ਰੂਰੀ ਬਣਦਾ ਹੈ ਉਹ ਹੈ ਉਨ੍ਹਾਂ ਦਾ ਸਮਾਜਿਕ ਲੋਕਤੰਤਰ ਦਾ ਸਿਧਾਂਤ। ਡਾ. ਅੰਬੇਡਕਰ ਭਾਰਤੀ ਪੁਨਰ ਜਾਗਰਣ ਦੇ ਸਹੀ ਮਾਇਨਿਆਂ ਵਿਚ ਅਜਿਹੇ ਅਗਰਦੂਤ ਸਨ ਜਿਨ੍ਹਾਂ ਨੇ ਦੋਹਰੇ ਗੁਲਾਮ ਭਾਰਤ ਨੂੰ ਮੁਕੰਮਲ ਆਜ਼ਾਦ ਕਰਾਉਣ ਦਾ ਸੁਪਨਾ ਹੀ ਨਹੀ ਲਿਆ ਬਲਕਿ ਆਪਣਾ ਸਾਰਾ ਜੀਵਨ ਸਮਾਜਕ ਲੋਕਤੰਤਰਤਾ ਨੂੰ ਸਥਾਪਿਤ ਕਰਨ ਲਈ ਸੰਘਰਸ਼ ਦੇ ਰੂਪ ਵਿਚ ਨਿਛਾਵਰ ਕਰ ਦਿੱਤਾ। ਉਨ੍ਹਾਂ ਦਾ ਇਹ ਦ੍ਰਿੜ ਵਿਸ਼ਵਾਸ਼ ਸੀ ਕਿ ਰਾਜਨੀਤਕ ਲੋਕਤੰਤਰ ਭਾਰਤ ਨੂੰ ਬਦੇਸ਼ੀ ਸ਼ਾਸਕਾਂ ਤੋ ਨਿਜਾਤ ਤਾਂ ਦਵਾ ਸਕਦਾ ਹੈ ਪਰ ਸਮਾਜਕ ਬਰਾਬਰਤਾ ਹਾਸਲ ਕਰਨ ਤੋ ਬਿਨਾਂ ਅਜਿਹਾ ਲੋਕਤੰਤਰ ਬਹੁਤਾ ਚਿਰ ਟਿਕ ਨਹੀ ਸਕਦਾ। ਦੂਸਰੇ ਸ਼ਬਦਾਂ ਵਿਚ ਰਾਜਨੀਤਕ ਲੋਕਤੰਤਰ ਮੁਕੰਮਲ ਤੌਰ ਉਤੇ ਬਣਾਏ ਰੱਖਣ ਲਈ ਇਹ ਅਤਿ ਜ਼ਰੂਰੀ ਹੈ ਕਿ ਇਸ ਦੀ ਉਸਾਰੀ ਸਮਾਜਕ ਸਮਾਨਤਾ ਦੀਆਂ ਨੀਹਾਂ ਉਤੇ ਹੀ ਹੋਵੇ।

ਸਮਾਜਕ ਲੋਕਤੰਤਰ, ਬਾਬਾ ਸਾਹਿਬ ਅੰਬੇਦਕਰ ਅਨੁਸਾਰ, ਇਕ ਅਜਿਹੀ ਵਿਵਸਥਾ ਹੈ ਜਿੱਥੇ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀਭਾਵ ਨੂੰ ਜੀਵਨ ਨਿਰਵਾਹ ਵਜੋਂ ਮਾਨਤਾ ਪ੍ਰਾਪਤ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀਭਾਵ ਦੀ ਤ੍ਰਿਵੈਣੀ ਦੇ ਇਹ ਤਿੰਨੋ ਸਿਧਾਂਤ ਆਪਸ ਵਿਚ ਮਿਲਕੇ ਲੋਕਤੰਤਰ ਵਿਧਾਨ ਦਾ ਨਿਰਮਾਣ ਕਰਦੇ ਹਨ। ਇਨ੍ਹਾਂ ਵਿਚੋਂ ਜੇ ਇਕ ਨੂੰ ਵੀ ਮਨਫ਼ੀ ਕਰ ਦਿੱਤਾ ਜਾਵੇ ਤਾਂ ਲੋਕਤੰਤਰ ਦੇ ਵਿਧਾਨ ਦਾ ਸਤੁੰਲਨ ਖੋਹ ਜਾਂਦਾ ਹੈ। ਸੁਤੰਤਰਤਾ ਤੇ ਸਮਾਨਤਾ ਨੂੰ ਇਕ ਦੂਸਰੇ ਤੋਂ ਅਲੱਗ ਰੱਖ ਕੇ ਨਹੀਂ ਮਾਣਿਆ ਜਾ ਸਕਦਾ। ਜੇ ਕਿਸੇ ਸਮਾਜ ਵਿਚ ਸਮਾਨਤਾ ਦੇ ਸਿਧਾਂਤ ਨੂੰ ਅਣਗੋਲਿਆ ਰੱਖਿਆ ਜਾਂਦਾ ਹੈ, ਤਾਂ ਉਥੇ ਸੁਤੰਤਰਤਾ ਦਾ ਸਿਧਾਂਤ ਕੁਝ ਚੰਦ ਲੋਕਾਂ ਦੁਆਰਾ ਬਹੁਤਿਆਂ ਉਤੇ ਦਬ-ਦਬਾ ਜਮਾਉਣ ਲਈ ਵਰਤਿਆ ਜਾਵੇਗਾ। ਲੇਕਿਨ ਸੁਤੰਤਰਤਾ ਤੋਂ ਬਿਨਾਂ ਇਕੱਲੀ ਸਮਾਨਤਾ ਦਾ ਸਿਧਾਂਤ ਵਿਅਕਤੀਗਤ ਉਤਸ਼ਾਹ ਨੂੰ ਖੁੰਢਾ ਕਰ ਦੇਵੇਗਾ। ਸੁਤੰਤਰਤਾ ਤੇ ਸਮਾਨਤਾ ਅਗਾਊਂ ਭਰਾਤਰੀਭਾਵ ਦੇ ਸਿਧਾਂਤ ਨਾਲ ਜੁੜੇ ਬੈਠੇ ਹਨ। ਭਰਾਤਰੀਭਾਵ ਤੋਂ ਬਿਨਾਂ ਸੁਤੰਤਰਤਾ ਤੇ ਸਮਾਨਤਾ ਲੋਕਤੰਤਰ ਦੇ ਪੂਰਨ ਨਿਰਮਾਣ ਲਈ ਅਧੂਰੀਆਂ ਸਾਬਤ ਹੁੰਦੀਆਂ ਹਨ। ਅਸਲ ਵਿਚ ਇਹ ਭਰਾਤਰੀਭਾਵ ਦਾ ਹੀ ਸਿਧਾਂਤ ਹੈ ਜੋ ਸੁਤੰਤਰਤਾ ਅਤੇ ਸਮਾਨਤਾ ਦੇ ਸਿਧਾਂਤਾਂ ਨੂੰ ਯੋਗ ਵਰਤੋਂ ਵਿਚ ਲਿਆ ਕੇ ਲੋਕਤੰਤਰਕ ਰਾਜ ਦੀ ਸਹੀ ਅਰਥਾਂ ਵਿਚ ਉਸਾਰੀ ਕਰਦਾ ਹੈ।

ਬਾਬਾ ਸਾਹਿਬ ਅੰਬੇਦਕਰ ਨੇ 25 ਨਵੰਬਰ, 1949 ਨੂੰ ਸੰਬਿਧਾਨ ਦੇ ਖਰੜੇ ਦੇ ਮੁਕੰਮਲ ਹੋਣ ਤੇ ਆਪਣੇ ਭਾਸ਼ਣ ਵਿਚ ਸਾਫ਼ ਸਾਫ਼ ਕਿਹਾ ਸੀ ਕਿ ਭਾਰਤੀ ਸਮਾਜ ਵਿਚ ਸਮਾਨਤਾ ਅਤੇ ਭਰਾਤਰੀਭਾਵ ਦੇ ਸਿਧਾਂਤ ਦੀ ਪੂਰਨ ਤੌਰ ਉਤੇ ਅਣਹੋਂਦ ਹੈ। ਭਾਰਤੀ ਸਮਾਜ ਦਰਜਾਬੰਦੀ ਦੇ ਵਿਕਾਰ ਵਾਲੇ ਸਿਧਾਂਤ ਨਾਲ ਬੱਝੀ ਬੈਠਾ ਹੈ, ਜਿੱਥੇ ਕੁਝ ਕੁ ਨੂੰ ਮਹਾਨਤਾ ਵਾਲੇ ਰੁਤਬੇ ਅਤੇ ਬਾਕੀ ਸਾਰਿਆਂ ਨੂੰ ਪੁਸ਼ਤ-ਦਰ-ਪੁਸ਼ਤ ਠੋਕਰਾਂ ਖਾਣੀਆਂ ਪੈ ਰਹੀਆਂ ਹਨ। ਬਹੁਲਤਾ ਦੇ ਹਿੱਸੇ ਤਾਂ ਗ਼ੁਰਬਤ, ਗੰਦਗੀ ਅਤੇ ਦੁਰਕਾਰਾਂ ਹੀ ਆਉਂਦੀਆਂ ਹਨ। ਚੌਧਰ, ਅਮੀਰੀ ਅਤੇ ਰਾਜ ਭਾਗ ਵਿਚ ਪੁੱਛ ਗਿੱਛ ਤਾਂ ਇਸ ਕੁਝ ਕੁ ਨੂੰ ਜਨਮ ਤੋਂ ਹੀ ਮਿਲ ਜਾਂਦੀ ਹੈ। ਗ਼ਰੀਬੀ-ਅਮੀਰੀ, ਭੁੱਖ ਮਰੀ-ਖੁਸ਼ਹਾਲੀ, ਗੁਲਾਮੀ-ਰਾਜ ਆਦਿ ਸਭ ਦਰਜਾਬੰਦੀ ਨਾਲ ਜੁੜੇ ਹੋਏ ਹਨ। ਦਰਜਾਬੰਦੀ ਅੱਗੋਂ ਜਾਤੀ ਆਧਾਰ ਉਤੇ ਇਸ ਕਦਰ ਸਮਾਜ ਵਿਚ ਖੁੱਭੀ ਹੋਈ ਹੈ ਕਿ ਇਸ ਵਿਚੋਂ ਬਚ ਨਿਕਲਣ ਦਾ ਕੋਈ ਵੀ ਰਾਹ ਨਹੀਂ ਛੱਡਿਆ ਗਿਆ। ਜੋ ਜਾਤੀ ਪੱਧਰ ਉਤੇ ਨੀਚ ਹੈ ਉਹ ਸਮਾਜਕ ਪੱਧਰ ਉਤੇ ਵੀ ਥੱਲੇ ਹੈ, ਆਰਥਿਕ ਤੌਰ ਉਤੇ ਵੀ ਗ਼ਰੀਬ ਹੈ ਅਤੇ ਰਾਜ-ਭਾਗ ਦੀ ਸ਼ਮੂਲੀਅਤ ਤੋਂ ਵੀ ਸੱਖਣਾ ਹੈ।

ਭਾਰਤੀ ਹਿੰਦੂ ਸਮਾਜ ਵਿਚ ਮਨੁੱਖ ਸਿਰਫ਼ ਜਨਮ ਹੀ ਨਹੀਂ ਲੈਂਦਾ ਸਗੋਂ ਜਨਮ ਦੇ ਨਾਲ ਨਾਲ ਉਹ ਜਾਤ ਵੀ ਹਾਸਲ ਕਰ ਲੈਂਦਾ ਹੈ। ਉਹ ਜਾਤ ਨੂੰ ਖ਼ੁਦ ਚੁਣਦਾ ਨਹੀਂ ਬਲਕਿ ਜਾਤ ਵਿਚ ਪੈਦਾ ਹੁੰਦਾ ਹੈ। ਜਿਸ ਜਾਤ ਵਿਚ ਉਹ ਪੈਦਾ ਹੁੰਦਾ ਹੈ ਉਸ ਵਿਚੋਂ ਉਸਦੇ ਬਾਹਰ ਨਿਕਲਣ ਦੀ ਸੰਭਾਵਨਾ ਨਹੀਂ ਰਹਿ ਜਾਂਦੀ। ਹੋਰ ਤਾਂ ਹੋਰ ਉਸਦੀ ਆਉਣ ਵਾਲੀ ਸੰਤਾਨ ਨੂੰ ਵੀ ਉਹੀ ਜਾਤ ਹਾਸਲ ਹੁੰਦੀ ਹੈ ਜੋ ਉਸਨੂੰ ਹੋਈ ਸੀ। ਜਾਤ ਦੇ ਸਿਧਾਂਤ ਦੀ ਹੋਂਦ ਸਮਾਜਕ ਅਸਮਾਨਤਾ ਦੇ ਸਿਧਾਂਤ ਉਤੇ ਨਿਰਭਰ ਕਰਦੀ ਹੈ। ਇਸ ਲਈ ਜਿਹੜਾ ਨੀਵੀਂ ਜਾਤ ਵਿਚ ਜਨਮ ਲੈਂਦਾ ਹੈ ਉਸਨੂੰ ਜਨਮ ਤੋਂ ਹੀ ਨੀਚ ਕਰਾਰ ਕਰ ਦਿੱਤਾ ਜਾਂਦਾ ਹੈ। ਉਸ ਵਾਸਤੇ ਸਮਾਜਕ ਸਮਾਨਤਾ ਦਾ ਬੂਹਾ ਤਾਂ ਜਨਮ ਤੋਂ ਹੀ ਬੰਦ ਹੋ ਜਾਂਦਾ ਹੈ। ਅਜਿਹੇ ਸਮਾਜ ਵਿਚ ਭਰਾਤਰੀਭਾਵ ਦੇ ਹੋਣ ਦਾ ਤਾਂ ਸਵਾਲ ਹੀ ਨਹੀ ਉੱਠਦਾ। ਭਰਾਤਰੀਭਾਵ ਦਾ ਮਤਲਬ ਹੈ: ਸਾਂਝੀਵਾਲਤਾ, ਸਾਰੇ ਭਾਰਤੀਆਂ ਦਾ ਇਕ ਹੋਣਾ, ਊਚ-ਨੀਚ ਦਾ ਨਾ ਹੋਣਾ। ਇਸਦੇ ਉਲਟ ਜੋ ਭਾਰਤੀ ਹਿੰਦੂ ਸਮਾਜ ਵਿਚ ਹੈ, ਉਹ ਹੈ: ਜਾਤੀ ਪ੍ਰਥਾ। ਜਾਤ ਤਾਂ ਸਮਾਜ ਨੂੰ ਆਪਸ ਵਿਚ ਵੰਡਦੀ ਹੈ। ਜਾਤ ਭਰਤਾਰੀਭਾਵ ਦੀ ਵੈਰੀ ਹੈ। ਜਿੱਥੇ ਜਾਤ ਹੈ ਉਥੇ ਭਰਾਤਰੀਭਾਵ ਦਾ ਹੋਣਾ ਅਸੰਭਵ ਹੈ। ਅਤੇ ਬਿਨਾਂ ਭਰਾਤਰੀਭਾਵ ਦੇ ਲੋਕਤੰਤਰ ਦਾ ਹੋਣਾ ਅਸੰਭਵ ਹੈ। ਜਾਤ ਈਰਖਾ ਅਤੇ ਦੁਸ਼ਮਣੀ ਦੇ ਬੀਜ ਬੀਜ ਕੇ ਲੋਕਾਂ ਵਿਚ ਆਪਸੀ ਪਾੜਾ ਪਾਉਂਦੀ ਹੈ। ਜਾਤ ਲੋਕਾਂ ਨੂੰ ਸਮਾਜਕ ਤੌਰ ਤੇ ਵੰਡਦੀ ਹੀ ਨਹੀਂ ਬਲਕਿ ਇਹ ਰਾਸ਼ਟਰ ਵਿਰੋਧੀ ਵੀ ਬਣਦੀ ਹੈ। ਭਰਾਤਰੀਭਾਵ ਤਾਂ ਉਥੇ ਹੋਵੇਗਾ ਜਿੱਥੇ ਸਮਾਜਕ ਸਮਾਨਤਾ ਹੋਵੇਗੀ, ਲੋਕਾਂ ਵਿਚ ਊਚ-ਨੀਚ ਦੀ ਧਾਰਨਾ ਨਹੀਂ ਹੋਵੇਗੀ। ਜਿੱਥੇ ਸਮਾਨਤਾ ਹੋਵੇਗੀ ਉਸੇ ਸਮਾਜ ਵਿਚੋਂ ਹੀ ਰਾਸ਼ਟਰ ਦਾ ਉਦੈ ਹੋਵੇਗਾ। ਭਾਰਤੀ ਸਮਾਜ ਵਿਚ ਨਾ ਤਾਂ ਸਮਾਜਕ ਸਮਾਨਤਾ ਹੈ ਅਤੇ ਨਾ ਹੀ ਭਰਾਤਰੀਭਾਵ ਹੈ।

ਬਾਬਾ ਸਾਹਿਬ ਨੇ ਕਿਹਾ ਸੀ ਅਸੀਂ 26 ਜਨਵਰੀ 1950 ਨੂੰ ਵਿਰੋਧਾਭਾਸ ਦੇ ਜੀਵਨ ਵਿਚ ਦਾਖ਼ਲ ਹੋ ਰਹੇ ਹੋਵਾਂਗਾ। ਅਸੀਂ ਰਾਜਨੀਤਕ ਤੌਰ ਉਤੇ ਬਰਾਬਰ ਅਤੇ ਸਮਾਜਕ ਤੇ ਆਰਥਿਕ ਤੌਰ ਉਤੇ ਨਾ-ਬਰਾਬਰ ਹੋਵਾਂਗੇ। ਰਾਜਨੀਤਕ ਤੌਰ ਉਤੇ ਅਸੀਂ ਇਕ ਜਣੇ ਦੀ ਇਕ ਵੋਟ ਅਤੇ ਇਕ ਵੋਟ ਦੀ ਇਕ ਕੀਮਤ ਵਾਲੇ ਸਿਧਾਂਤ ਨੂੰ ਮਾਨਤਾ ਦੇ ਰਹੇ ਹੋਵਾਂਗੇ। ਪ੍ਰੰਤੂ ਸਮਾਜਕ ਅਤੇ ਆਰਥਿਕ ਜੀਵਨ ਵਿਚ ਅਸੀਂ ਆਪਣੀਆਂ ਨਾ-ਬਰਾਬਰ ਸਮਾਜਕ ਅਤੇ ਆਰਥਿਕ ਧਾਰਨਾਵਾਂ ਸਦਕਾ ਇਕ ਜਣੇ ਦੀ ਇਕ ਕੀਮਤ ਵਾਲੇ ਅਸੂਲ ਤੋਂ ਇਨਕਾਰੀ ਹੋਵਾਂਗੇ। ਉਨ੍ਹਾਂ ਕਿਹਾ ਅਸੀਂ ਕਿੰਨਾ ਚਿਰ ਅਜਿਹੀ ਵਿਰੋਧਾਭਾਸ ਵਾਲੀ ਜ਼ਿੰਦਗੀ ਜਿਉਂਦੇ ਰਹਾਂਗੇ। ਅਸੀਂ ਕਿੰਨਾ ਚਿਰ ਆਪਣੇ ਸਮਾਜਕ ਤੇ ਆਰਥਿਕ ਜੀਵਨ ਵਿਚ ਸਮਾਨਤਾ ਦੇ ਸਿਧਾਂਤ ਤੋਂ ਮੁਨਕਰ ਹੁੰਦੇ ਰਹਾਂਗੇ। ਜੇ ਅਸੀਂ ਅਜਿਹਾ ਹੀ ਕਰਦੇ ਰਹੇ ਤਾਂ ਇਸ ਤਰ੍ਹਾਂ ਅਸੀਂ ਆਪਣੇ ਰਾਜਨੀਤਕ ਲੋਕਤੰਤਰ ਨੂੰ ਖਤਰੇ ਵਿਚ ਪਾ ਦੇਵਾਂਗੇ। ਜਿੰਨਾ ਜਲਦੀ ਹੋ ਸਕਦਾ ਹੈ ਸਾਨੂੰ ਇਸ ਵਿਰੋਦਾਭਾਸ ਅਤੇ ਵਿਤਕਰੇ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਨਹੀਂ ਤਾਂ ਅਜਿਹੇ ਵਿਤਕਰੇ ਦੇ ਸਤਾਏ ਹੋਏ ਲੋਕ ਰਾਜਨੀਤਕ ਲੋਕਤੰਤਰ ਦੇ ਢਾਂਚੇ ਦਾ ਮਲੀਆ-ਮੇਟ ਕਰ ਦੇਣਗੇ ਜਿਹੜਾ ਬੜੀਆਂ ਮੁਸ਼ਕਿਲਾਂ ਨਾਲ ਉਸਾਰਿਆ ਗਿਆ ਹੈ।

ਬਾਬਾ ਸਾਹਿਬ ਦੀ ਉਪਰੋਕਤ ਭਵਿੱਖਬਾਣੀ ਜੋ ਤਕਰੀਬਨ ਸੱਠ ਸਾਲ ਪਹਿਲਾਂ ਕੀਤੀ ਗਈ ਸੀ। ਸਾਨੂੰ ਹੁਣ ਹੋਰ ਤੀਬਰਤਾ ਨਾਲ ਸੋਚਣ ਲਈ ਮਜਬੂਰ ਕਰਦੀ ਹੈ। ਬਾਬਾ ਸਾਹਿਬ ਦੀ ਇਹ ਭਵਿੱਖਬਾਣੀ ਜਿੱਥੇ ਦਲਿਤ ਸਮਾਜ ਦੀ ਮੁਕਤੀ ਅਤੇ ਸ਼ਕਤੀਕਰਨ ਵੱਲ ਸਿੱਧਾ ਇਸ਼ਾਰਾ ਕਰਦੀ ਹੈ ਉਥੇ ਭਾਰਤ ਵਿਚ ਲੋਕਤੰਤਰਕ ਪ੍ਰਣਾਲੀ ਦੀਆਂ ਜੜ੍ਹਾਂ ਡੂੰਘਈਆਂ ਕਰਨ ਪ੍ਰਤੀ ਉਨ੍ਹਾਂ ਦੀ ਚਿੰਤਾ, ਦੂਰ-ਦਰਿਸ਼ਟਤਾ ਅਤੇ ਸੁਹਿਰਦਤਾ ਦੀ ਗਵਾਹੀ ਵੀ ਭਰਦੀ ਹੈ। ਇਸ ਵਿਚਾਰ ਵਿਚੋਂ ਇਹ ਧਾਰਨਾ ਸਪੱਸ਼ਟ ਹੋ ਜਾਂਦੀ ਹੈ ਕਿ ਬਾਬਾ ਸਾਹਿਬ ਦਾ ਦਲਿਤ ਮੁਕਤੀ ਦਾ ਸਵਾਲ ਭਾਰਤ ਦੇ ਸਹੀ ਮਾਇਨਿਆਂ ਵਿਚ ਲੋਕਤੰਤਰਕ ਰਾਸ਼ਟਰ ਬਣਨ ਦੇ ਵੱਡੇ ਸਵਾਲ ਨਾਲ ਜੁੜਿਆ ਹੋਇਆ ਹੈ। ਇਥੇ ਇਹ ਕਹਿਣਾ ਉਚਿਤ ਹੋਵੇਗਾ ਕਿ ਬਾਬਾ ਸਾਹਿਬ ਸਿਰਫ਼ ਦਲਿਤ ਨੇਤਾ ਹੀ ਨਹੀਂ ਸਗੋਂ ਉਹ ਪੂਰੇ ਲੋਕਤੰਤਰੀ ਭਾਰਤੀ ਸਮਾਜ ਦੀ ਅਗਵਾਈ ਕਰਨ ਵਾਲੇ ਨੇਤਾ ਸਨ। ਬਾਬਾ ਬਾਹਿਬ ਦਲਿਤ ਮੁਕਤੀ ਦੇ ਸਵਾਲ ਨੂੰ ਭਾਰਤੀ ਸਮਾਜ ਦੀ ਬ੍ਰਾਹਮਣਵਾਦੀ ਵਰਣ-ਵਿਵਸਥਾ ਦੀ ਗ਼ੁਲਾਮੀ ਤੋਂ ਮੁਕਤੀ ਨਾਲ ਜੋੜਦੇ ਸਨ। ਉਹਨਾਂ ਅਨੁਸਾਰ ਭਾਰਤ ਦੇ ਲੋਕਤੰਤਰ ਹੋਣ ਦਾ ਸਵਾਲ ਤਦ ਤਕ ਪੂਰਨ ਤੌਰ ਉਤੇ ਹੱਲ ਨਹੀਂ ਹੋ ਸਕਦਾ ਜਦ ਤਕ ਭਾਰਤੀ ਸਮਾਜ ਬ੍ਰਾਹਮਣਵਾਦੀ ਵਰਣ-ਵਿਵਸਥਾ ਤੋਂ ਛੁਟਕਾਰਾ ਨਹੀਂ ਪਾ ਲੈਂਦਾ ਹੈ। ਅਜਿਹੀ ਵਿਵਸਥਾ ਤੋਂ ਨਿਜਾਤ ਤਦ ਤਕ ਹਾਸਲ ਨਹੀਂ ਹੋ ਸਕਦੀ ਜਦ ਤਕ ਭਾਰਤੀ ਸਮਾਜ ਮੱਨੁਖ ਨੂੰ ਦਲਿਤ ਵਿਚ ਬਦਲਣ ਵਾਲੀਆਂ ਓਹਨਾਂ ਸਾਰੀਆਂ ਧਾਰਨਾਵਾ ਅਤੇ ਪਰਿਸਥਿਤੀਆਂ ਦਾ ਖਾਤਮਾ ਨਹੀਂ ਕਰ ਦਿੰਦਾ ਜੋ ਆਜ਼ਾਦੀ ਮਿਲਣ ਤੋਂ ਛੇ ਦਹਾਕਿਆਂ ਬਾਅਦ ਵੀ ਸਿਰ ਚੁੱਕੀ ਫਿਰਦੀਆਂ ਹਨ।

ਹਰ ਨਵੇਂ ਦਿਨ ਭਾਰਤ ਦੇ ਵੱਖ ਵੱਖ ਰਾਜਾਂ ਵਿਚ ਹੋ ਰਹੇ ਦਲਿਤ ਸ਼ੋਸ਼ਣ ਅਤੇ ਦਮਨ ਦੀਆਂ ਖ਼ਬਰਾਂ ਦੀ ਭਰਮਾਰ ਜਾਤ-ਪਾਤ ਅਤੇ ਛੂਤ-ਛਾਤ ਦੇ ਕੋਹੜ ਦੀ ਇੱਕੀਵੀਂ ਸਦੀ ਵਿਚ ਹੋਂਦ ਬਰਕਰਾਰ ਹੋਣ ਦੀ ਮੂਹੋਂ ਬੋਲਦੀ ਤਸਵੀਰ ਹਨ। ਸ਼ਾਇਦ ਹੀ ਕੋਈ ਅਜਿਹਾ ਦਿਨ ਖਾਲੀ ਨਿਕਲਦਾ ਹੋਵੇ ਜਦੋਂ ਤਤਕਾਲੀਨ ਭਾਰਤੀ ਸਮਾਜ ਅੰਦਰ ਅਜਿਹੀਆਂ ਘਿਨਾਉਣੀਆਂ ਵਾਰਦਾਤਾਂ ਨਾ ਵਾਪਰਦੀਆਂ ਹੋਣ ਜਿਵੇਂ : ਕਿਸੇ ਦਲਿਤ ਲੜਕੀ ਨੂੰ ਸਾਇਕਲ ਚਲਾਉਣ ਤੋਂ ਰੋਕਣਾ, ਦਲਿਤ ਬਸਤੀ ਨੂੰ ਅੱਗ ਲਾਉਣਾ, ਗਾਵਾਂ ਨੂੰ ਮਾਰਨ ਦਾ ਬਹਾਨਾ ਬਣਾਕੇ ਦਲਿਤਾਂ ਨੂੰ ਮੌਤ ਦੇ ਘਾਟ ਉਤਾਰਨਾ, ਦਲਿਤ ਕੈਦੀ ਦੀ ਪਿੱਠ ਉਤੇ ਗਰਮ ਚਾਕੂ ਦੀ ਨੋਕ ਨਾਲ ਉਸਦੀ ਜਾਤ ਉੱਕਰਨਾ, ਦਲਿਤ ਸਰਪੰਚ ਔਰਤਾਂ ਨਾਲ ਬਦਸਲੂਕੀ ਕਰਨਾ, ਦਲਿਤਾਂ ਦੀ ਗੁਰਦੁਆਰਾ ਪ੍ਰਬੰਧਕੀ ਸੰਸਥਾਵਾਂ ਵਿਚ ਸ਼ਮੂਲੀਅਤ ਨੂੰ ਰੋਕਣਾ, ਦਲਿਤਾਂ ਨੂੰ ਜੁੱਤੀ ਵਿਚ ਪਿਸ਼ਾਬ ਕਰਕੇ ਪਿਲਾਉਣਾ, ਦਲਿਤ ਦਾ ਆਪਣੀ ਧੀ ਦਾ ਬਲਾਤਕਾਰ ਕਰਨ ਵਾਲੇ ਦੋਸ਼ੀਆਂ ਹੱਥੋਂ ਲੱਤਾਂ ਬਾਹਾਂ ਕਟਾਉਣਾ ਇਤਿਆਦਿ।

ਇਹੋ ਜਿਹਾ ਹੈਵਾਨੀ ਸਲੂਕ ਦਲਿਤ ਭਾਈਚਾਰੇ ਨਾਲ ਇਸ ਕਰਕੇ ਕੀਤਾ ਜਾ ਰਿਹਾ ਹੈ ਕਿਉਂਕਿ ਉਹ ਬ੍ਰਾਹਮਣਵਾਦੀ ਵਰਣ-ਵਿਵਸਥਾ ਤੋਂ ਬਾਗ਼ੀ ਹੋ ਕੇ ਆਪਣੇ ਮਨੁੱਖੀ ਅਧਿਕਾਰਾਂ ਨੂੰ ਪ੍ਰਾਪਤ ਕਰਨ ਦੀ ਮੰਗ ਕਰਦਾ ਹੈ। ਉਹ ਭਾਰਤੀ ਰਾਜਨੀਤਕ ਲੋਕਤੰਤਰ ਨੂੰ ਸਮਾਜਕ ਸਮਾਨਤਾ ਦੀਆਂ ਲੀਹਾਂ ਉਤੇ ਲਿਆਉਣ ਦੀ ਗੱਲ ਕਰਨ ਕਾਰਣ ਹੀ ਦਮਨਗ੍ਰਸਤ ਹੁੰਦਾ ਹੈ। ਪਰ ਜਿਹੜੇ ਹਾਲਾਤ ਅੱਜ ਦੇ ਭਾਰਤੀ ਸਮਾਜ ਵਿਚ ਬਾਬਾ ਸਾਹਿਬ ਦੀ ਉਪਰੋਕਤ ਭਵਿੱਖਬਾਣੀ ਨੂੰ ਸੱਚਾ ਸਿੱਧ ਹੋਣ ਵੱਲ ਇਸ਼ਾਰਾ ਕਰ ਰਹੇ ਹਨ ਉਹ ਇਹ ਹਨ ਕਿ ਅੱਜੋਕੇ ਦਲਿਤ ਭਾਈਚਾਰੇ ਨੇ ਦਲਿਤ ਦਮਨ ਨੂੰ ਚੁੱਪ ਕਰਕੇ ਸਹਿਣ ਦੀ ਮਾਨਸਿਕਤਾ ਨੂੰ ਛੱਡ ਦਿੱਤਾ ਹੈ। ਜਿਸ ਦਾ ਇਸ਼ਾਰਾ ਬਾਬਾ ਸਾਹਿਬ ਨੇ ਆਪਣੇ 25 ਨਵੰਬਰ, 1949 ਵਾਲੇ ਭਾਸ਼ਣ ਵਿਚ ਕੀਤਾ ਸੀ। ਤੱਲਣ ਮਸਲਾ, ਗੋਹਾਣਾ ਅਤੇ ਵਿਆਨਾ ਕਾਂਡ ਦਲਿਤ ਭਾਈਚਾਰੇ ਦੇ ਦਲਿਤ ਦਮਨ ਵਿਰੁੱਧ ਭੜਕੇ ਗੁੱਸੇ ਦੀਆਂ ਲਾਟਾਂ ਦੀਆਂ ਦੋ ਤਾਜ਼ਾ ਮਿਸਾਲਾਂ ਹਨ। ਹੋਰ ਤਾਂ ਹੋਰ, ਗੋਹਾਣਾ ਕਾਂਡ ਦਾ ਪ੍ਰਤੀਕਰਮ ਹਰਿਆਣਾ ਰਾਜ ਤਕ ਹੀ ਸੀਮਤ ਨਹੀਂ ਰਿਹਾ ਇਸਦਾ ਜ਼ਿਆਦਾ ਸੇਕ ਤਾਂ ਪੰਜਾਬ ਦੇ ਫਗਵਾੜਾ, ਜਲੰਧਰ ਅਤੇ ਅੰਮ੍ਰਿਤਸਰ ਸ਼ਹਿਰਾਂ ਵਿਚ ਲੱਗਾ। ਤੱਲਣ ਮਸਲੇ ਨੂੰ ਲੈ ਕੇ ਤਾਂ ਪਹਿਲੀ ਵਾਰ ਪੰਜਾਬੀ ਦਲਿਤ ਪਰਵਾਸੀਆਂ ਨੇ ਇੰਗਲੈਂਡ ਦੀਆਂ ਸੜਕਾਂ ਵਿਚ ਵੀ ਮੁਜ਼ਾਹਰੇ ਕੀਤੇ। ਅਜਿਹੇ ਵਰਤਾਰੇ ਦਲਿਤ ਸਵਾਲ ਦੇ ਗੰਭੀਰ ਹੋਣ ਦਾ ਸਪੱਸ਼ਟ ਸੰਕੇਤ ਹਨ। ਅਸਲ ਵਿਚ ਇਸ ਤਰ੍ਹਾਂ ਦੇ ਜੋ ਹਾਲਾਤ ਬਣਦੇ ਜਾ ਰਹੇ ਹਨ ਉਹ ਭਾਰਤ ਵਿਚ ਲੋਕਤੰਤਰ ਵਿਧਾਨ ਦੇ ਬਹੁਤਾ ਹੀ ਪਤਲਾ ਪੈ ਜਾਣ ਦੀ ਨਿਸ਼ਾਨਦੇਹੀ ਕਰਦੇ ਹਨ। ਰਾਜਨੀਤੀ ਸ਼ਾਸਤਰ ਦੇ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਪ੍ਰੋਫ਼ੈਸਰ ਰਜਨੀ ਕੁਠਾਰੀ ਦੀ ਭਾਰਤੀ ਲੋਕਤੰਤਰ ਉਤੇ ਲਿਖੀ ਕਿਤਾਬ ਇਸ ਧਾਰਨਾ ਦੀ ਪੁਸ਼ਟੀ ਕਰਦੀ ਹੈ ਕਿ ਜਿੱਥੋਂ ਤਕ ਦਲਿਤ ਵਰਗ ਦੇ ਹਿੱਤਾਂ ਦਾ ਸਵਾਲ ਹੈ ਭਾਰਤ ਲੋਕਤੰਤਰ ਫੇਲ੍ਹ ਹੋ ਰਿਹਾ ਹੈ। ਅਜਿਹੇ ਹਾਲਾਤ ਵਿਚ ਲੋੜ ਹੈ, ਇਸ ਲੋਕਤੰਤਰ ਨੂੰ ਬਚਾਉਣ ਦੀ ਅਤੇ ਇਸ ਨੂੰ ਬਰਕਰਾਰ ਰਖਣ ਦੀ। ਇਸ ਦਾ ਇਕੋ ਇਕ ਹੱਲ ਬਾਬਾ ਸਾਹਿਬ ਦੇ ਵਿਚਾਰ ਮੁਤਾਬਕ, ਭਾਰਤੀ ਸਮਾਜ ਵਿਚ ਸਮਾਜਕ ਅਤੇ ਆਰਥਿਕ ਸਮਾਨਤਾ ਦੇ ਨਾਲ ਨਾਲ ਭਰਾਤਰੀਭਾਵ ਦੇ ਸਿਧਾਂਤ ਨੂੰ ਅਪਨਾਉਣ ਲਈ ਸਹੀ ਹਾਲਾਤ ਤਿਆਰ ਕਰਨਾ। ਬਾਬਾ ਸਾਹਿਬ ਅਜਿਹੇ ਹਾਲਾਤ ਨੂੰ ਸੰਵਿਧਾਨਕ ਅਤੇ ਸ਼ਾਂਤੀਪੂਰਵਕ ਤਰੀਕੇ ਨਾਲ ਹੀ ਵਿਕਸਤ ਕਰਨ ਦੀ ਅਪੀਲ ਕਰਦੇ ਹਨ। ਬਾਬਾ ਬਾਹਿਬ ਦੇ ਇਹ ਵਿਚਾਰ ਜਿੱਥੇ ਉਹਨਾਂ ਨੂੰ ਸਦੀਆਂ ਤੋਂ ਲਿਤਾੜੇ ਹੋਏ ਲੋਕਾਂ ਦੇ ਖੋਹੇ ਹੋਏ ਮਨੁੱਖੀ ਅਧਿਕਾਰਾਂ ਨੂੰ ਹਾਸਲ ਕਰਵਾਉਣ ਲਈ ਮਹਾਨ ਸਮਾਜਕ ਕ੍ਰਾਂਤੀਕਾਰੀ ਵਜੋਂ ਪੇਸ਼ ਕਰਦੇ ਹਨ ਉਥੇ ਉਨ੍ਹਾਂ ਨੂੰ ਭਾਰਤ ਵਿਚ ਸਮਾਜਕ ਲੋਕਤੰਤਰ ਨੂੰ ਸੰਵਿਧਾਨਕ ਢੰਗ ਨਾਲ ਸਦੀਵੀ ਬਣਾਉਣ ਵਾਲੇ ਯੁੱਗ ਪੁਰਸ਼ ਵਜੋਂ ਵੀ ਉਭਾਰਦੇ ਹਨ।

ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਵਿੱਚ ਧਰਮ ਪਰਿਵਰਤਨ ਅਤੇ ਬੁੱਧ ਧਰਮ ਨੂੰ ਅਪਣਾਉਣ ਦਾ ਖਾਸ ਮਹੱਤਵ ਹੈ। ਉਨ੍ਹਾਂ ਦੇ ਧਰਮ ਪਰਿਵਰਤਨ ਸਿਧਾਂਤ ਦੀ ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ ਦੇ ਦ੍ਰਿਸ਼ਟੀਕੋਣ ਤੋਂ ਨਿੱਠ ਕੇ ਚਰਚਾ ਜਾ ਖੋਜ ਨਹੀਂ ਹੋਈ, ਜੋ ਦਲਿਤ ਸਵਾਲ ਦੇ ਸਮਾਧਾਨ ਲਈ ਅਤਿ ਜ਼ਰੂਰੀ ਹੈ। ਅਗਰ ਉਨ੍ਹਾਂ ਦੇ ਦਲਿਤ ਮੁਕਤੀ ਅਤੇ ਸ਼ਕਤੀਕਰਨ ਦੇ ਸੰਘਰਸ਼ ਨੂੰ ਸੰਖੇਪ ਵਿੱਚ ਬਿਆਨ ਕਰਨਾ ਹੋਵੇ ਤਾਂ ਉਸਨੂੰ ਤਿੰਨ ਪੜ੍ਹਾਵਾਂ ਵਿੱਚ ਤਕਸੀਮ ਕਰਕੇ ਸਮਝਿਆ ਜਾ ਸਕਦਾ ਹੈ। ਉਹ ਤਿੰਨ ਪੜ੍ਹਾਅ ਹਨ: ਹਿੰਦੂ ਧਰਮ ਵਿੱਚ ਸਮਾਜ ਸੁਧਾਰਾਂ ਦੇ ਰਾਹੀਂ ਛੂਤ-ਛਾਤ ਦੀ ਸਮੱਸਿਆ ਦਾ ਹੱਲ; ਸੰਵਿਧਾਨਿਕ ਅਤੇ ਕਾਨੂੰਨੀ ਧਾਰਾਵਾਂ ਦੇ ਜ਼ਰੀਏ ਅਤੇ ਸਰਕਾਰੀ ਦਖ਼ਲਅੰਦਾਜ਼ੀ ਰਾਹੀਂ ਰਾਖਵੇਂਕਰਨ ਦੀਆਂ ਨੀਤੀਆਂ ਨੂੰ ਅਪਣਾਉਂਦੇ ਹੋਏ ਸਮਾਜਿਕ ਅਸਮਾਨਤਾ ਦੇ ਪਾੜੇ ਨੂੰ ਖ਼ਤਮ ਕਰਨਾ ਅਤੇ ਦਲਿਤ ਵਿਰੋਧੀ ਅਨਸਰਾਂ ਨੂੰ ਕਾਨੂੰਨੀ ਡੰਡੇ ਦੀ ਮਾਰ ਨਾਲ ਦਲਿਤਾਂ 'ਤੇ ਅੱਤਿਆਚਾਰ ਕਰਨ ਤੋਂ ਰੋਕਣਾ; ਅਤੇ ਬੁੱਧ ਧਰਮ ਵਿੱਚ ਪ੍ਰਵੇਸ਼ ਕਰਕੇ ਹਿੰਦੂ ਵਰਨ-ਵਿਵਸਥਾ ਦੀ ਜਾਤੀ-ਪਾਤੀ ਜ਼ਾਲਮਾਨਾ ਵਿਵੱਸਥਾ ਤੋਂ ਛੁਟਕਾਰਾ ਪਾਉਣਾ। ਇਨ੍ਹਾਂ ਤਿੰਨਾਂ ਪੜ੍ਹਾਵਾਂ 'ਚੋਂ ਪਹਿਲਿਆਂ ਦੋਹਾਂ ਤੇ ਤਾਂ ਕਾਫ਼ੀ ਚਰਚਾ ਅਤੇ ਖੋਜ ਹੋ ਚੁੱਕੀ ਹੈ, ਜਦ ਕਿ ਤੀਸਰੇ ਪੜ੍ਹਾਅ 'ਤੇ ਵਿਧੀਪੂਰਵਕ ਵਿਸ਼ਲੇਸ਼ਣ ਹੋਣਾ ਅਜੇ ਬਾਕੀ ਹੈ।

ਡਾ. ਅੰਬੇਡਕਰ ਦਾ ਇਹ ਪਰਪੱਕ ਵਿਚਾਰ ਸੀ ਕਿ ਅਛੂਤ ਦੇ ਸੰਤਾਪ ਦਾ ਮਸਲਾ ਉਸਦੀ ਗ਼ਰੀਬੀ ਅਤੇ ਸਾਧਨ ਹੀਨਤਾ ਦਾ ਮਸਲਾ ਨਹੀਂ ਹੈ। ਉਸਦਾ ਇਹ ਮਸਲਾ ਤਾਂ ਉਸਦੀ ਸਮਾਜਿਕ ਸਮਾਨਤਾ ਭਰਪੂਰ, ਸਵੈ-ਮਾਣ ਅਤੇ ਇੱਜ਼ਤ ਨਾਲ ਜ਼ਿੰਦਗੀ ਜਿਊਣ ਦਾ ਮਸਲਾ ਹੈ। 18 ਜੁਲਾਈ 1942 ਨੂੰ ਨਾਗਪੁਰ ਵਿਖੇ ਆਲ ਇੰਡੀਆ ਡਿਪਰੈਸਿਡ ਕਲਾਸਿਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੇ ਬੋਲ ਇਸ ਮਸਲੇ ਤੇ ਵਿਸਥਾਰਪੂਰਵਕ ਰੌਸ਼ਨੀ ਪਾਉਂਦੇ ਹਨ। ਆਪਣੇ ਭਾਸ਼ਣ ਦੇ ਅੰਤ ਵਿੱਚ ਉਨ੍ਹਾਂ ਕਿਹਾ, "ਤੁਹਾਨੂੰ ਮੇਰਾ ਆਦੇਸ਼ ਇਹ ਹੈ ਕਿ ਤੁਸੀਂ ਪੜ੍ਹੋ ਲਿਖੋ, ਸੰਗਠਨ ਪੈਦਾ ਕਰੋ ਅਤੇ ਸੰਘਰਸ਼ ਕਰੋ; ਆਪਣੇ ਵਿੱਚ ਵਿਸ਼ਵਾਸ਼ ਰੱਖੋ। ਜਦੋਂ ਇਨਸਾਫ਼ ਸਾਡੇ ਵੱਲ ਹੈ ਤਾਂ ਮੈਨੂੰ ਨਹੀਂ ਲੱਗਦਾ ਕਿ ਅਸੀਂ ਆਪਣੀ ਜੰਗ ਕਿਵੇਂ ਹਾਰਾਂਗੇ। ਮੇਰੇ ਲਈ ਲੜਾਈ ਇੱਕ ਅਨੰਦਪੂਰਨ ਗੱਲ ਹੈ। ਇਹ ਲੜਾਈ ਅਸਲ ਵਿੱਚ ਅਧਿਆਤਮਕ ਹੈ। ਇਸ ਵਿੱਚ ਨਾ ਹੀ ਕੁਝ ਆਰਥਿਕ ਹੈ ਅਤੇ ਨਾ ਹੀ ਕੁਝ ਸਮਾਜਿਕ ਹੈ। ਸਾਡੀ ਲੜਾਈ ਨਾ ਧਨ ਦੌਲਤ ਵਾਸਤੇ ਹੈ ਅਤੇ ਨਾ ਹੀ ਤਾਕਤ ਹਾਸਿਲ ਕਰਨ ਲਈ। ਇਹ ਲੜਾਈ ਸੁਤੰਤਰਤਾ ਲਈ ਹੈ। ਇਹ ਲੜਾਈ ਇਨਸਾਨੀਅਤ ਨੂੰ ਮੁੜ ਕੇ ਸਥਾਪਿਤ ਕਰਨ ਵਾਸਤੇ ਹੈ।"

ਇਸ ਸੰਦਰਭ ਵਿੱਚ ਡਾ. ਅੰਬੇਡਕਰ ਵੱਲੋਂ 1 ਸਤੰਬਰ 1951 ਨੂੰ ਭਾਰਤ ਦੇ ਰਾਸ਼ਟਰਪਤੀ ਬਾਬੂ ਰਾਜਿੰਦਰ

**(ਬਾਕੀ ਅਗਲੇ ਸਫੇ ਤੇ)**

# ਲੋਕਤੰਤਰ ਦੇ ਨਵੇਂ ਦੌਰ ਵਿਚ ਡਾ. ਅੰਬੇਦਕਰ ਦਾ ਆਗਮਨ

ਡਾ. ਸੁਸ਼ੀਲ ਤ੍ਰਿਵੇਦੀ

ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਅਤੇ ਭਾਰਤ ਵਿਚ ਸਮਾਜਿਕ ਤਬਦੀਲੀ ਦੇ ਮਹਾਂਨਾਇਕ ਡਾ. ਬੀ. ਆਰ. ਅੰਬੇਦਕਰ ਦੀ 125ਵੀਂ ਵਰ੍ਹੇਗੰਢ ਦੇ ਸਮਾਰੋਹ 14 ਅਪ੍ਰੈਲ ਨੂੰ ਦੇਸ਼ ਭਰ ਵਿਚ ਮਨਾਏ ਗਏ। ਡਾ. ਅੰਬੇਦਕਰ ਨੇ ਭਾਰਤ ਦੇ ਦਲਿਤ ਅਤੇ ਕਮਜ਼ੋਰ ਵਰਗਾਂ ਨੂੰ ਸਮਾਜਿਕ ਤੌਰ ਤੇ ਸਮਰੱਥ ਬਣਾਉਣ ਦੇ ਨਾਲ ਹੀ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਬਾਲਗ ਵੋਟ ਅਧਿਕਾਰ ਦਿਵਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਵਰਣਨਯੋਗ ਹੈ ਕਿ ਡਾ. ਅੰਬੇਦਕਰ ਨੇ ਸੰਵਿਧਾਨ ਸਭਾ ਵਿਚ ਕਿਹਾ ਸੀ ਕਿ ਸੰਸਦੀ ਪ੍ਰਣਾਲੀ ਤੋਂ ਸਾਡਾ ਭਾਵ ਇਕ ਵਿਅਕਤੀ ਇਕ ਵੋਟ ਤੋਂ ਹੈ। ਆਜ਼ਾਦੀ ਪ੍ਰਾਪਤੀ ਦੇ ਵਕਤ ਸਾਡੇ ਭਾਰਤ ਦੀ ਜ਼ਿਆਦਾਤਰ ਜਨਤਾ ਬੇਹੱਦ ਗਰੀਬ ਅਤੇ ਅਨਪੜ੍ਹ ਸੀ। ਇਸ ਸੰਦਰਭ ਵਿਚ ਇਹ ਫੈਸਲੇ ਵਿਸ਼ੇਸ਼ ਕਰਕੇ ਵਰਣਨਯੋਗ ਸੀ ਕਿਉਂਕਿ ਪੱਛਮ ਦੇ ਸਮਾਨਾਂਤਰ ਲੋਕਤੰਤਰਾਂ ਵਿਚ ਵੀ ਔਰਤਾਂ ਅਤੇ ਕਮਜ਼ੋਰ ਵਰਗਾਂ ਨੂੰ ਬਰਾਬਰ ਵੋਟ ਦਾ ਅਧਿਕਾਰ ਪ੍ਰਾਪਤ ਕਰਨ ਵਿਚ ਸੈਂਕੜੇ ਸਾਲ ਲੱਗੇ ਸਨ। ਉਸ ਵਕਤ ਅੰਬੇਦਕਰ ਨੇ ਇਹੀ ਕਿਹਾ ਸੀ ਕਿ ਸਾਡੀ ਜਨਤਾ ਗਰੀਬ ਅਤੇ ਅਨਪੜ੍ਹ ਹੋ ਸਕਦੀ ਹੈ ਪਰ ਉਹ ਬੁੱਧੀਮਾਨ ਹੈ ਅਤੇ ਆਪਣੇ ਭਵਿੱਖ ਦਾ ਫੈਸਲਾ ਕਰਨਾ ਜਾਣਦੀ ਹੈ। ਭਾਰਤ ਨੇ ਜਦੋਂ ਆਪਦੇ ਸੰਵਿਧਾਨ ਵਿਚ ਬਾਲਗ ਵੋਟ ਅਧਿਕਾਰ ਦੇਣ ਦਾ ਸੰਕਲਪ ਕੀਤਾ ਸੀ, ਉਦੋਂ ਦੁਨੀਆਂ ਦੀਆਂ ਵੱਡੀਆਂ ਤਾਕਤਾਂ ਨੇ ਉਸ ਫੈਸਲੇ ਤੇ ਸ਼ੰਕਾ ਪ੍ਰਗਟ ਕੀਤਾ ਸੀ। ਯੂਨਾਈਟਿਡ ਕਿੰਗਡਮ ਦੇ ਕਿ ਸਾਬਕਾ ਪ੍ਰਧਾਨ ਮੰਤਰੀ ਅਤੇ ਦੂਜੇ ਵਿਸ਼ਵ ਯੁੱਧ ਦੇ ਵੱਡੇ ਨਾਇਕ ਵਿਨਸਟਨ ਚਰਚਿਲ ਨੇ ਕਿਹਾ ਸੀ ਕਿ ਭਾਰਤ ਵਿਚ ਜਿਸ ਤਰ੍ਹਾਂ ਜਾਤੀ ਭੇਦਭਾਵ, ਧਰਮ ਭੇਦਭਾਵ, ਅਨਪੜ੍ਹਤਾ ਅਤੇ ਗਰੀਬੀ ਹੈ, ਉਸ ਕਾਰਨ ਭਾਰਤ 10 ਸਾਲਾਂ ਵਿਚ ਹੀ 100 ਦੇਸ਼ਾਂ ਵਿਚ ਵੰਡਿਆ ਜਾਵੇਗਾ। ਸੰਨ 1951-52 ਤੋਂ ਲੈ ਕੇ ਹੁਣ ਤੱਕ ਲੋਕ ਸਭਾ ਦੀਆਂ ਕਈ ਚੋਣਾਂ ਹੋ ਚੁੱਕੀਆਂ ਹਨ। ਇਸੇ ਤਰ੍ਹਾਂ ਭਾਰਤ ਦੇ ਵੱਖ ਵੱਖ ਰਾਜਾਂ ਵਿਚ ਵੀ ਵਿਧਾਨ ਸਭਾਵਾਂ ਦੀਆਂ ਲਗਾਤਾਰ ਚੋਣਾਂ ਹੁੰਦੀਆਂ ਰਹੀਆਂ ਹਨ। ਇਹਨਾਂ ਚੋਣਾਂ ਵਿਚ ਵੋਟਰਾਂ ਨੇ ਜਿਸ ਤਰ੍ਹਾਂ ਭਾਗ ਲੈ ਕੇ ਦੇਸ਼ ਨੂੰ ਲੋਕਤੰਤਰੀ ਸ਼ਾਸਨ ਦਿੱਤਾ, ਉਸ ਨਾਲ ਵੋਟਰਾਂ ਦੀ ਪ੍ਰੌੜ੍ਹ ਸੋਚ ਪ੍ਰਮਾਣਿਤ ਹੋਈ ਹੈ।ਚਰਚਿਲ ਅਤੇ ਉਹਨਾਂ ਵਰਗੇ ਪੱਛਮ ਦੇ ਵਰਗ ਭੇਦ ਵਿਚ ਭਰੋਸਾ ਕਰਨ ਵਾਲੇ ਸਿਆਸਤਦਾਨ ਗਲਤ ਸਾਬਤ ਹੋਏ ਅਤੇ ਡਾ. ਅੰਬੇਦਕਰ ਇੰਨੇ ਦੂਰਦਰਸ਼ੀ ਸਿੱਧ ਹੋਏ ਕਿ ਭਾਰਤ ਅੱਜ ਦੁਨੀਆਂ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਬਿਹਤਰੀਨ ਲੋਕਤੰਤਰ ਬਣ ਗਿਆ ਹੈ।



ਸੰਵਿਧਾਨ ਲਾਗੂ ਹੋਣ ਦੇ 66 ਸਾਲ ਬਾਅਦ ਭਾਰਤ ਵਿਚ ਲੋਕਤੰਤਰ ਦਾ ਇਹ ਇਕ ਨਵਾਂ ਦੌਰ ਆ ਗਿਆ ਹੈ, ਜਿਸ ਵਿਚ ਨਾ ਕੇਵਲ ਸਰਕਾਰ ਬਲਕਿ ਕੌਮੀ ਜੀਵਨ ਦੇ ਹੋਰ ਪੱਖਾਂ ਵਿਚ ਵੀ ਲੋਕਤੰਤਰ ਦੀ ਮੰਗ ਵੱਧ ਗਈ ਹੈ।

ਇੱਧਰ ਸਭ ਸਭ ਤੋਂ ਜ਼ਿਆਦਾ ਜ਼ੋਰ ਇਸ ਗੱਲ ਤੇ ਦਿੱਤਾ ਜਾ ਰਿਹਾ ਹੈ ਕਿ ਸਿਆਸੀ ਪਾਰਟੀਆਂ ਦੇ ਅੰਦਰ ਸੰਗਠਿਤ ਲੋਕਤੰਤਰ ਯਕੀਨੀ ਬਣਾਇਆ ਜਾਵੇ। ਭਾਰਤ ਦੇ ਵੋਟਰਾਂ ਨੇ ਆਪਣੇ ਵੋਟ ਦੇ ਅਧਿਕਾਰ ਦੁਆਰਾ ਇਕ ਅਜਿਹਾ ਸੰਦੇਸ਼ ਦਿੱਤਾ ਹੈ ਜਿਸ ਤੋਂ ਸਪਸ਼ਟ ਸੰਕੇਤ ਮਿਲਦੇ ਹਨ ਕਿ ਉਹ ਦੇਸ਼ ਦੀ ਤਰੱਕੀ ਦੇ ਲਈ ਜਾਤੀ, ਧਰਮ, ਖੇਤਰ ਅਤੇ ਭਾਸ਼ਾ ਦੇ ਸੰਕੀਰਨ ਦਾਇਰਿਆਂ ਤੋਂ ਬਾਹਰ ਆਉਣ ਲਈ ਤਿਆਰ ਹਨ। ਇਹ ਗੱਲ ਵੱਖਰੀ ਹੈ ਕਿ ਸਾਡੇ ਸਿਆਸੀ ਦਲ ਚੋਣ ਰਾਜਨੀਤੀ ਦੇ ਲਈ ਹੁਣ ਵੀ ਇਨ੍ਹਾਂ ਸੰਕੀਰਨ ਦਾਇਰਿਆਂ ਵਿਚ ਰਵਾਇਤੀ ਤੌਰ ਤੇ ਵਿਸ਼ਵਾਸ ਕਰ ਰਹੇ ਹਨ।

ਇੱਧਰ ਭਾਰਤੀ ਜਨਤਾ ਪਾਰਟੀ ਨੇ ਸਪਸ਼ਟ ਬਹੁਮਤ ਦੇ ਨਾਲ ਸੱਤਾ ਵਿਚ ਆਉਂਦੇ ਹੀ ਸਭ ਤੋਂ ਪਹਿਲਾਂ ਸਰਦਾਰ ਵੱਲਭ ਭਾਈ ਪਟੇਲ ਨੂੰ ਰਾਸ਼ਟਰੀ ਪੱਧਰ ਤੇ ਲੋਹ ਪੁਰਸ਼ ਦੇ ਰੂਪ ਵਿਚ ਮੁੜ ਸਥਾਪਤ ਕੀਤਾ ਹੈ। ਫਿਰ ਭਾਜਪਾ ਨੇ ਭਾਰਤੀ ਆਜ਼ਾਦੀ ਸੰਗਰਾਮ ਦੇ ਸਭ ਤੋਂ ਵੱਡੇ ਨਾਇਕ ਮਹਾਤਮਾ ਗਾਂਧੀ ਨੂੰ ਆਪਣੀਆਂ ਨੀਤੀਆਂ ਦਾ ਕੇਂਦਰ ਬਣਾਇਆ। ਇੰਨਾ ਹੀ ਨਹੀਂ ਮਹਾਤਮਾ ਗਾਂਧੀ ਦੀ 150ਵੀਂ ਵਰ੍ਹੇਗੰਢ ਦੇ ਲਈ ਸਵੱਛਤਾ ਦੇ ਸਬੰਧ ਵਿਚ ਕੌਮੀ ਪ੍ਰੋਗਰਾਮ ਨਿਰਧਾਰਿਤ ਕੀਤਾ ਗਿਆ। ਨਰਿੰਦਰ ਮੋਦੀ ਸਰਕਾਰ ਨੇ ਇਸ ਤੋਂ ਬਾਅਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੀ ਬਰਸੀ ਨੂੰ ਵੀ ਨਵਾਂ ਰੂਪ ਦੇ ਕੇ ਆਪਣਾ ਬਣਾ ਲਿਆ। ਭਾਰਤ ਦੀ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਕਾਂਗਰਸ ਇਸ ਰਾਜਨੀਤਿਕ ਸ਼ਤਰੰਜ ਤੋਂ ਪ੍ਰੇਸ਼ਾਨ ਹੈ ਕਿ ਉਸਦੇ ਤਿੰਨ ਸਭ ਤੋਂ ਵੱਡੇ ਲੀਡਰਾਂ ਨੂੰ ਦੇਸ਼ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਨੇ ਅਪਣਾ ਲਿਆ ਹੈ।

ਹੁਣ ਕਾਂਗਰਸ ਨੂੰ ਇਹ ਸ਼ੰਕਾ ਹੈ ਕਿ ਕਿਤੇ ਭਾਰਤੀ ਜਨਤਾ ਪਾਰਟੀ ਡਾ. ਬੀ. ਆਰ. ਅੰਬੇਦਕਰ ਨੂੰ ਵੀ ਆਪਣੀ ਪਾਰਟੀ ਦਾ ਇਕ ਨਾਇਕ ਨਾ ਬਣਾ ਲਵੇ, ਇਸ ਕਰਕੇ ਐਨ ਡੀ. ਏ. ਸਰਕਾਰ ਡਾ. ਅੰਬੇਦਕਰ ਦੀ 125ਵੀਂ ਵਰ੍ਹੇਗੰਢ ਨੂੰ ਲੈ ਕੇ ਕੋਈ ਪ੍ਰੋਗਰਾਮ ਐਲਾਨ ਕਰਕੇ ਉਸ ਤੋਂ ਪਹਿਲਾਂ ਕਾਂਗਰਸ ਨੇ ਡਾ. ਅੰਬੇਦਕਰ ਦੀ 125ਵੀਂ ਵਰ੍ਹੇਗੰਢ ਮਨਾਉਣ ਦੇ ਲਈ ਆਪਣੀ ਪ੍ਰਧਾਨ ਸੋਨੀਆ ਗਾਂਧੀ ਦੀ ਅਗਵਾਈ ਵਿਚ ਇਕ ਕਮੇਟੀ ਦੇ ਗਠਨ ਦਾ ਐਲਾਨ ਕੀਤਾ ਹੈ। ਮੁੱਦਾ ਇਹ ਵੀ ਹੈ ਕਿ ਇਕ ਅਨੁਮਾਨ ਦੇ ਮੁਤਾਬਕ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਅਨੁਸੂਚਿਤ ਜਾਤੀ ਵੋਟਰਾਂ ਨੇ ਕਾਂਗਰਸ ਤੋਂ ਦੂਰੀ ਬਣਾ ਕੇ ਭਾਰਤੀ ਜਨਤਾ ਪਾਰਟੀ ਦੇ ਪੱਖ ਵਿਚ ਵੋਟ ਕੀਤਾ ਸੀ ਅਤੇ ਜੇਕਰ ਕਾਂਗਰਸ ਨੇ ਤੁਰੰਤ ਕੋਈ ਉਪਾਅ ਨਾ ਕੀਤਾ ਤਾਂ ਕਾਂਗਰਸ ਦਾ ਇਹ ਲੱਗਭੱਗ ਸਥਾਈ ਵੋਟਰਾਂ ਤੋਂ ਪੂਰੀ ਤਰ੍ਹਾਂ ਅਲੱਗ ਹੋਣ ਦਾ ਰਾਹ ਬਣ ਜਾਵੇਗਾ।

ਦੇਸ਼ ਦੇ ਲੀਡਰਾਂ ਨੂੰ ਲੈ ਕੇ ਰਾਜਨੀਤੀ ਹਮੇਸ਼ਾ ਹੁੰਦੀ ਰਹੀ ਹੈ। ਮੁੱਦਾ ਇਹ ਹੈ ਕਿ ਡਾ. ਅੰਬੇਦਕਰ ਦੇ ਜਨਮ ਦਿਹਾੜੇ ਤੇ ਅਜਿਹਾ ਕੀ ਕੀਤਾ ਜਾਵੇ ਕਿ ਜਿਸ ਨਾਲ ਅੰਬੇਦਕਰ ਨੂੰ ਸੱਚੀ ਸ਼ਰਧਾਂਜਲੀ ਮਿਲੇ। ਇਸ ਸੰਦਰਭ ਵਿਚ ਦਲਿਤਾਂ ਦੇ ਲਈ ਬਾਬਾ ਸਾਹਿਬ ਅੰਬੇਦਕਰ ਦਾ ਇਹ ਸੰਦੇਸ਼ ਮਹੱਤਵਪੂਰਨ ਹੈ- ਉਹਨਾਂ ਨੇ ਕਿਹਾ ਸੀ ਕਿ ਸਿੱਖਿਆ ਪ੍ਰਾਪਤ ਕਰੋ, ਅੰਦੋਲਨ ਕਰੋ ਅਤੇ ਸੰਗਠਿਤ ਹੋਵੋ। ਆਪਣੇ ਆਪ ਵਿਚ ਭਰੋਸਾ ਕਰੋ; ਨਿਆਂ ਤੁਹਾਡੇ ਪੱਖ ਵਿਚ ਹੈ, ਇਸ ਕਰਕੇ ਤੁਸੀਂ ਇਸ ਲੜਾਈ ਵਿਚ ਹਾਰ ਨਹੀਂ ਸਕਦੇ।

ਇਹ ਲੜਾਈ ਆਨੰਦ ਦਾ ਵਿਸ਼ਾ ਹੈ ਅਤੇ ਇਕ ਤਰ੍ਹਾਂ ਨਾਲ ਅਧਿਆਤਮਕ ਵੀ ਹੈ। ਇਸ ਵਿਚ ਕੁਝ ਵੀ ਭੌਤਿਕ ਜਾਂ ਸਮਾਜਿਕ ਨਹੀਂ ਹੈ।

ਇਹ ਲੜਾਈ ਵਿਕਾਸ ਜਾਂ ਸ਼ਕਤੀ ਦੇ ਲਈ ਨਹੀਂ, ਇਹ ਆਜ਼ਾਦੀ ਦੇ ਲਈ ਲੜਾਈ ਹੈ। ਇਹ ਮਨੁੱਖੀ ਸ਼ਖਸੀਅਤ ਦੀ ਮੁੜ ਸਥਾਪਨਾ ਦੇ ਲਈ ਲੜਾਈ ਹੈ। ਖੁਦ ਡਾ. ਅੰਬੇਦਕਰ ਨੇ ਆਪਣੇ ਬਲ ਤੇ ਅਰਥ ਸ਼ਾਸਤਰ ਅਤੇ ਕਾਨੂੰਨ ਦੀ ਦੁਨੀਆਂ ਦੀ ਸਭ ਤੋਂ ਬਿਹਤਰੀਨ ਉਪਲਬਧੀਆਂ ਪ੍ਰਾਪਤ ਕੀਤੀਆਂ ਸਨ ਅਤੇ ਦੇਸ਼ ਦੇ ਇਕ ਸਰਵੁਚ ਨਾਇਕ ਬਣੇ। ਉਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਭਾਰਤ ਵਿਚ ਸਿੱਖਿਆ ਦਾ ਸੰਖਿਆਤਮਕ ਅਤੇ ਗੁਣਾਤਮਕ ਆਧਾਰ ਤੇ ਸੌ ਫੀਸਦੀ ਵਿਸਥਾਰ ਕਰਨਾ ਸਾਡੀ ਸਰਵੁਚ ਪਹਿਲੂ ਹੋਵੇ। ਇਹ ਜ਼ਰੂਰੀ ਹੈ ਕਿ ਦਲਿਤਾਂ ਅਤੇ ਕਮਜ਼ੋਰ ਵਰਗਾਂ ਨੂੰ ਜ਼ਿਆਦਾ ਤਾਕਤਵਰ ਬਣਾਉਣ ਦੇ ਲਈ ਨਵੀਂ ਸੋਚ ਦੇ ਨਾਲ ਕੁਝ ਆਰਥਿਕ ਸਮਾਜਿਕ ਪ੍ਰੋਗਰਾਮ ਵੀ ਲਾਗੂ ਹੋਣ।

---

## ਡਾ. ਅੰਬੇਡਕਰ ਅਤੇ ਦਲਿਤ ਮੁਕਤੀ ਅੰਦੋਲਨ

ਸਫਾ 13 ਦੀ ਬਾਕੀ

ਲੇਖਕ- ਡਾ ਰੌਣਕੀ ਰਾਮ

ਪ੍ਰਸਾਦ ਦੇ ਮਾਣ ਵਿੱਚ, ਜਿਹੜੇ ਕਿ ਮਲਿੰਦ ਮਹਾਂ ਵਿਦਿਆਲਿਆ ਦੇ ਨੀਂਹ ਪੱਥਰ ਰੱਖਣ ਦੀ ਰਸਮ ’ਤੇ ਔਰੰਗਾਬਾਦ ਆਏ ਹੋਏ ਸਨ, ਕਹੇ ਗਏ ਸ਼ਬਦ ਪ੍ਰਸੰਗਕ ਹਨ। ਉਨ੍ਹਾਂ ਨੇ ਕਿਹਾ ਕਿ ਇਹ ਮੰਨਣਾ ਕਿ ਅਛੂਤਾਂ ਦੀ ਸਮੱਸਿਆ ਦਾ ਹੱਲ ਆਰਥਿਕ ਹੈ, ਇੱਕ ਵੱਡੀ ਭੁੱਲ ਹੈ। ਦੱਬੇ-ਕੁਚਲੇ ਲੋਕਾਂ ਦਾ ਉਥਾਨ ਉਨ੍ਹਾਂ ਨੂੰ ਖਾਣ-ਪੀਣ ਅਤੇ ਕੱਪੜੇ ਮੁਹੱਈਆ ਕਰਵਾਉਣਾ ’ਚ ਨਹੀਂ ਹੈ। ਉਨ੍ਹਾਂ ਦਾ ਉਥਾਨ ਤਾਂ ਉਨ੍ਹਾਂ ਦੀ ਆਪਣੇ ਬਾਰੇ ਬਣੀ ਹੋਈ ਤਰਾਸਦੀ ਦੀ ਧਾਰਣਾ ’ਚੋਂ ਬਾਹਰ ਆਉਣਾ ਹੈ, ਜਿਸਨੇ ਉਨ੍ਹਾਂ ਦੀ ਉੱਨਤੀ ਨੂੰ ਪੱਕਾ ਜੰਦਰਾ ਮਾਰਿਆ ਹੋਇਆ ਹੈ ਅਤੇ ਉਨ੍ਹਾਂ ਨੂੰ ਦੂਸਰਿਆਂ ਦਾ ਗ਼ੁਲਾਮ ਬਣਾਇਆ ਹੋਇਆ ਹੈ। ਉਨ੍ਹਾਂ ਦਾ ਉਥਾਨ ਉਨ੍ਹਾਂ ਵਿੱਚ ਸਵੈ-ਮਾਣ ਦੀ ਭਾਵਨਾ ਭਰ ਕੇ ਉਨ੍ਹਾਂ ਨੂੰ ਆਪਣੇ ਲਈ ਅਤੇ ਆਪਣੇ ਦੇਸ਼ ਲਈ ਜਿਊਣ ਲਈ ਤਿਆਰ ਕਰਨ ’ਚ ਹੈ। ਇਹ ਉਦੇਸ਼ ਉਨ੍ਹਾਂ ਵਿੱਚ ਉੱਚੀ ਵਿੱਦਿਆ ਬਹਾਲ ਕਰਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਇਹੋ ਹੀ ਇੱਕ ਦੁਰੱਸਤ ਸਾਧਨ ਹੈ ਅਛੂਤਾਂ ਦੀ ਸਮਾਜਿਕ ਤਰਾਸਦੀ ਤੋਂ ਮੁਕਤੀ ਪਾਉਣ ਦਾ। ਇਸੇ ਹੀ ਤਰ੍ਹਾਂ ਡਾ. ਅੰਬੇਡਕਰ ਵੱਲੋਂ ਬੁੱਧ ਧਰਮ ਦੀਕਸ਼ਾ ਵੇਲੇ ਦਿੱਤੇ ਗਏ ਭਾਸ਼ਣ ਵਿੱਚ ਧਰਮ ਪਰਿਵਰਤਨ ਉਤੇ ਉਨ੍ਹਾਂ ਦੇ ਵਿਚਾਰ ਇਸ ਮਸਲੇ ਨੂੰ ਸਮਝਣ ਵਿੱਚ ਕਾਫ਼ੀ ਮਦਦਗਾਰ ਸਾਬਤ ਹੁੰਦੇ ਹਨ। ਉਨ੍ਹਾਂ ਅਨੁਸਾਰ ਸੰਸਾਰਿਕ ਲਾਭਾਂ ਦੀ ਨਿਸਬਤ ਸਵੈ-ਮਾਣ ਵਧੇਰੇ ਮਹੱਤਵਪੂਰਨ ਹੈ। ਸਾਡਾ ਘੋਲ ਆਰਥਿਕ ਉੱਨਤੀ ਤੋਂ ਇਲਾਵਾ ਸਵੈ-ਮਾਣ ਵਾਸਤੇ ਵੀ ਹੈ। ਇੱਜ਼ਤ ਨਾਲ ਜੀਣਾ ਹਰੇਕ ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ। ਇਸ ਆਸ਼ੇ ਦੀ ਪ੍ਰਾਪਤੀ ਲਈ ਅਸੀਂ ਘੋਲ ਕਰ ਰਹੇ ਹਾਂ ਅਤੇ ਹਿੰਦੂ ਧਰਮ ਨੂੰ ਤਿਆਗ ਕੇ ਬੁੱਧ ਧਰਮ ਅਪਣਾ ਰਹੇ ਹਾਂ।

ਡਾ. ਅੰਬੇਡਕਰ ਨੇ ਬੁੱਧ ਧਰਮ ਇਸ ਲਈ ਅਪਣਾਇਆ ਸੀ ਕਿ ਉਸ ਵਿੱਚ ਛੂਤ-ਛਾਤ ਲਈ ਕੋਈ ਥਾਂ ਨਹੀਂ ਹੈ, ਜਿਸ ਦੀ ਅਛੂਤਾਂ ਵਾਸਤੇ ਬਹੁਤ ਮਹੱਤਤਾ ਹੈ। ਬੁੱਧ ਧਰਮ ਵਿੱਚ ਹਿੰਦੂ ਧਰਮ ਦੇ ਉਲਟ ਰੱਬ ਦੀ ਬਜਾਏ ਨੈਤਿਕਤਾ ਨੂੰ ਮਹੱਤਤਾ ਦਿੱਤੀ ਜਾਂਦੀ ਹੈ। ਹਿੰਦੂ ਧਰਮ ਵਿੱਚ ਅਛੂਤਾਂ ਵਾਸਤੇ ਸਮਾਜਿਕ ਬਰਾਬਰਤਾ ਅਤੇ ਸੁਤੰਤਰਤਾ ਦੇ ਨਾਂ ਦੀ ਕੋਈ ਚੀਜ਼ ਨਹੀਂ ਹੈ। ਹਿੰਦੂ ਧਰਮ ਰੱਬ ਨੂੰ ਤਾਂ ਮੰਨਦਾ ਹੈ ਪਰ ਠਸ ਨੂੰ ਮੰਨਣ ਵਾਲਿਆਂ ਵਿੱਚੋਂ ਅਖੌਤੀ ਅਛੂਤਾਂ ਨੂੰ ਸਵਰਨ ਹਿੰਦੂਆਂ ਤੋਂ ਵੱਖ ਕਰਕੇ ਰੱਬ ਦੇ ਨਾਂ ’ਤੇ ਹੀ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦਾ ਹੋਇਆ ਉਨ੍ਹਾਂ ਨੂੰ ਅਲੱਗ ਕਰ ਦਿੰਦਾ ਹੈ। ਇਸਦੇ ਉਲਟ ਬੁੱਧ ਧਰਮ ਵਿੱਚ ਉਸਨੂੰ ਮੰਨਣ ਵਾਲਿਆਂ ਵਿੱਚ ਪੂਰਨ ਸਮਾਜਿਕ ਸਮਾਨਤਾ ਪਾਈ ਜਾਂਦੀ ਹੈ ਅਤੇ ਹਰ ਇੱਕ ਇਨਸਾਨ ਨੂੰ ਦੂਸਰੇ ਦੇ ਬਰਾਬਰ ਮਾਨਤਾ ਦਿੱਤੀ ਜਾਂਦੀ ਹੈ। ਜਦ ਕਿ ਹਿੰਦੂ ਧਰਮ ਵਿੱਚ ਸਾਰੇ ਇਨਸਾਨਾਂ ਨੂੰ ਪ੍ਰਮਾਤਮਾ ਦੇ ਸਾਹਮਣੇ ਤਾਂ ਬਰਾਬਰ ਮੰਨਣ ਦੀ ਗੱਲ ਕੀਤੀ ਜਾਂਦੀ ਹੈ ਪਰੰਤੂ ਉਨ੍ਹਾਂ ਦੀ ਆਪਸ ਵਿੱਚ ਅਜਿਹੀ ਬਰਾਬਰਤਾ ਦਾ ਕੋਈ ਸਿਧਾਂਤ ਨਹੀਂ ਹੈ। ਦੂਜੇ ਸ਼ਬਦਾਂ ਵਿੱਚ ਪ੍ਰਮਾਤਮਾ ਦੀ ਦਰਗਾਹ ਵਿੱਚ ਤਾਂ ਆਦਰਸ਼ੀ ਬਰਾਬਰਤਾ ਹੋ ਸਕਦੀ ਹੈ ਪਰੰਤੂ ਸਮਾਜਕ ਧਰਾਤਲ ਤੇ ਉਚ-ਨੀਚ ਅਤੇ ਛੂਤ-ਛਾਤ ਨੂੰ ਵਰਨ-ਵਿਵਸਥਾ ਦੇ ਜ਼ਰੀਏ ਸਹੀ ਠਹਿਰਾਇਆ ਜਾਂਦਾ ਹੈ। ਇਸ ਸੰਦਰਭ ਵਿੱਚ ਡਾ. ਅੰਬੇਡਕਰ ਦਾ ਧਰਮ ਪਰਿਵਰਤਨ ਦਾ ਫੈਸਲਾ ਛੂਤ-ਛਾਤ ਦੇ ਪੂਰਨ ਤੌਰ ਤੇ ਖ਼ਾਤਮੇ ਦੇ ਦ੍ਰਿਸ਼ਟੀਕੋਣ ਤੋਂ ਬੜੀ ਅਹਿਮੀਅਤ ਰੱਖਦਾ ਹੈ। ਬੁੱਧ ਧਰਮ ਪ੍ਰੱਗਿਆ, ਕਰੁਣਾ ਅਤੇ ਸਮਤਾ ਸਿਖਾਉਂਦਾ ਹੈ। ਸਭ ਨੂੰ ਬਰਾਬਰ ਸਮਝਣ ਦੀ ਸਿੱਖਿਆ ਦਿੰਦਾ ਹੈ ਅਤੇ ਉਸਨੂੰ ਧਰਾਤਲ ਦੀ ਪੱਧਰ ’ਤੇ ਲਾਗੂ ਵੀ ਕਰਦਾ ਹੈ। ਬੁੱਧ ਧਰਮ ਵਿੱਚ ਕਿਸੇ ਵੀ ਤਰ੍ਹਾਂ ਦੀ ਮੂਰਤੀ ਪੂਜਾ, ਕਰਮ-ਕਾਂਡ, ਰੀਤੀ-ਰੀਵਾਜਾਂ, ਜਾਦੂ-ਟੂਣੇ, ਮਨਣ-ਮਨੌਤਾਂ ਅਤੇ ਵਹਿਮਾਂ-ਭਰਮਾਂ ਲਈ ਕੋਈ ਥਾਂ ਨਹੀਂ ਹੈ, ਜਿਸਦੀ ਆੜ ਵਿੱਚ ਹਿੰਦੂ ਧਰਮ ਦੇ ਠੇਕੇਦਾਰਾਂ ਨੇ ਅਛੂਤ ਲੋਕਾਂ ਦਾ ਜੀਣਾ ਦੁੱਭਰ ਕੀਤਾ ਹੋਇਆ ਸੀ ਹੈ। ਡਾ. ਅੰਬੇਡਕਰ ਦਾ ਹਿੰਦੂ ਧਰਮ ਨੂੰ ਛੱਡਣਾ ਅਤੇ ਬੁੱਧ ਧਰਮ ਅਪਣਾਉਣਾ ਕੋਈ ਧਾਰਮਿਕ ਪ੍ਰਕਿਰਿਆ ਨਹੀਂ ਸੀ। ਉਨ੍ਹਾਂ ਵੱਲੋਂ ਧਰਮ ਪਰਿਵਰਤਨ ਦੇ ਫੈਸਲੇ ਨੂੰ ਅਗਰ ਇੱਕ ਸਮਾਜਿਕ ਪ੍ਰਕਿਰਿਆ ਮੰਨਿਆ ਜਾਵੇ ਤਾਂ ਉਹ ਜ਼ਿਆਦਾ ਉਚਿਤ ਹੋਵੇਗਾ। ਡਾ. ਅੰਬੇਡਕਰ ਹਿੰਦੂ ਧਰਮ ਨੂੰ ਵੀ ਧਰਮ ਘੱਟ ਅਤੇ ਸਮਾਜਿਕ ਵਿਵਸਥਾ ਜ਼ਿਆਦਾ ਮੰਨਦੇ ਸਨ। ਉਨ੍ਹਾਂ ਵਲੋਂ ਧਰਮ ਪਰਿਵਰਤਨ ਦਾ ਫ਼ੈਸਲਾ ਕਿਸੇ ਵੀ ਦ੍ਰਿਸ਼ਟੀਕੋਣ ਤੋਂ ਧਾਰਮਿਕ ਨਹੀਂ ਲੱਗਦਾ ਕਿਉਂਕਿ ਉਹ ਜਦੋਂ ਬੁੱਧ ਧਰਮ ਦੀ ਗੱਲ ਕਰਦੇ ਹਨ ਤਾਂ ਉਹ ਇਸ ਦੀ ਪ੍ਰਸ਼ੰਸ਼ਾ ਕਰਦੇ ਹੋਏ ਇਸ ਵਿੱਚ ਰੱਬ, ਆਤਮਾ, ਭਗਤੀ, ਪਾਠ-ਪੂਜਾ ਅਤੇ ਪੁਨਰਜਨਮ ਆਦਿ ਸਭ ਧਾਰਨਾਵਾਂ ਨੂੰ ਖਾਰਿਜ ਕਰਨ ਦਾ ਜ਼ਿਕਰ ਬੜੇ ਮਾਣ ਨਾਲ ਕਰਦੇ ਹਨ। ਉਨ੍ਹਾਂ ਦਾ ਇਹ ਮੰਨਣਾ ਸੀ ਕਿ ਹਿੰਦੂ ਧਰਮ ਨੇ ਧਰਮ ਦੇ ਨਾਂ ਤੇ ਅਛੂਤ ਲੋਕਾਂ ਨੂੰ ਸਦੀਆਂ ਤੋਂ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਕਰਕੇ ਉਨ੍ਹਾਂ ਨੂੰ ਆਪਣੇ ਗ਼ੁਲਾਮ ਬਣਾਇਆ ਹੋਇਆ ਹੈ। ਧਰਮ ਪਰਿਵਰਤਨ ਬਾਰੇ ਜਦੋਂ ਡਾ. ਅੰਬੇਡਕਰ ਯਿਉਲਾ ਵਿਖੇ ਰਸਮੀ ਤੌਰ ਤੇ ਘੋਸ਼ਣਾ ਕਰਦੇ ਹਨ ਤਾਂ ਉਸ ਤੋਂ ਥੋੜ੍ਹੀ ਦੇਰ ਬਾਅਦ ਉਹ ਲੇਬਰ ਪਾਰਟੀ ਦੀ ਸਥਾਪਨਾ ਵੀ ਕਰਦੇ ਹਨ। ਉਨ੍ਹਾਂ ਦਾ ਧਰਮ ਪਰਿਵਰਤਨ ਬਾਰੇ ਐਲਾਨ ਕਰਨਾ ਅਤੇ ਰਾਜਨੀਤਿਕ ਪਾਰਟੀ ਦਾ ਸੰਗਠਨ ਕਰਨਾ, ਧਰਮ ਪਰਿਵਰਤਨ ਨੂੰ ਸਮਾਜਿਕ ਪੱਧਰ ਤੇ ਸਮਝਣ ਲਈ ਸੰਕੇਤ ਹੈ। ਇਸੇ ਸੰਦਰਭ ਵਿੱਚ ਉਨ੍ਹਾਂ ਵੱਲੋਂ ਬੁੱਧ ਧਰਮ ਦੀ ਦੀਕਸ਼ਾ ਦੌਰਾਨ ਰਿਪਬਲਿਕਨ ਪਾਰਟੀ ਦੇ ਸੰਗਠਨ ਦੀ ਘੋਸ਼ਣਾ ਵੀ ਧਰਮ ਪਰਿਵਰਤਨ ਦੀ ਪ੍ਰਕਿਰਿਆ ਨੂੰ ਸਮਾਜਿਕ ਪੱਧਰ ਤੇ ਸਮਝਣ ਵਾਸਤੇ ਇਸ਼ਾਰਾ ਕਰਦੀ ਹੈ। ਇਸ ਲਈ ਇਹ ਕਹਿਣਾ ਅਪ੍ਰਸੰਗਕ ਨਹੀਂ ਹੋਵੇਗਾ ਕਿ ਡਾ. ਅੰਬੇਡਕਰ ਦਾ ਧਰਮ ਪਰਿਵਰਤਨ ਦਾ ਮੁੱਖ ਮੰਤਵ ਦਲਿਤ ਉਥਾਨ ਦੇ ਨੁਕਤਾ-ਨਿਗਾਹ ਤੋਂ ਦਲਿਤ ਮੁਕਤੀ ਅਤੇ ਸ਼ਕਤੀਕਰਨ ਦੇ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਸੀ, ਜਿਸਨੇ ਦਲਿਤ ਵਰਗ ਨੂੰ ਹਿੰਦੂ ਧਰਮ ਤੋਂ ਹਮੇਸ਼ਾ ਲਈ ਛੁਟਕਾਰਾ ਦਵਾ ਕੇ ਅਤੇ ਬੁੱਧ ਧਰਮ ਵਿੱਚ ਪ੍ਰਵੇਸ਼ ਕਰਵਾਕੇ ਇੱਕ ਨਵੀਂ ਪਛਾਣ ਦੀ ਪ੍ਰਾਪਤੀ ਦਾ ਢੁੱਕਵਾਂ ਰਸਤਾ ਦਿਖਲਾਇਆ, ਜਿਸਦੀ ਦਲਿਤ ਮਸਲੇ ਦੇ ਦੁਰੱਸਤ ਹੱਲ ਵਾਸਤੇ ਹਮੇਸ਼ਾ ਹੀ ਮਹੱਤਤਾ ਬਣੀ ਰਹੇਗੀ। (ਸਮਾਪਤ)




# ਧਾਰਮਿਕ ਅਤੇ ਇਤਿਹਾਸਕ ਕਵਿਤਾਵਾਂ

## ਪੰਜ ਪਿਆਰੇ

### ਆਜ਼ਾਦ ਜਾਲੰਧਰੀ

ਸੰਮਤ 1699 ਈਸਵੀ ਨੂੰ,
ਖੇਡ ਇਕ ਅਨੋਖੀ ਰਚਾਈ ਸਤਿਗੁਰ
ਆਉਣ ਵਾਲੀ ਵੈਸਾਖੀ ਮਨਾਉਣ ਦੇ ਲਈ
ਦਿਲ ਵਿਚ ਆਪਣੇ ਵਿਉਂਤ ਬਣਾਈ ਸਤਿਗੁਰ
ਜਿੱਥੇ ਜਿੱਕੇ ਗੁਰੂ ਨਾਨਕ ਦੇ ਸਿੱਖ ਹੈ ਸਨ
ਪਿਆਰ ਨਾਲ ਸਭ ਨੂੰ ਚਿੱਠੀ ਪਾਈ ਸਤਿਗੁਰ
ਭੇਜੇ ਹੱਥ ਮਸੰਦਾਂ ਦੇ ਹੁਕਮਨਾਮੇ
ਸੱਦੇ ਭੇਜ ਕੇ ਸੰਗਤ ਬੁਲਾਈ ਸਤਿਗੁਰ
ਕੇਸਗੜ੍ਹ ਵਿਚ ਗੁਰੂ ਦਸ਼ਮੇਸ਼ ਜੀ ਨੇ
ਇਕ ਭਾਰੀ ਦੀਵਾਨ ਸਜਾ ਲਿਆ ਸੀ
ਸਿੱਖ ਅੱਸੀਂ ਹਜ਼ਾਰ ਸਨ ਹੋਏ ਕੱਠੇ,
ਸਭ ਨੂੰ ਵਿਚ ਪੰਡਾਲ ਬੁਲਾ ਲਿਆ ਸੀ।

ਨਿੱਕੇ ਜਿਹੇ ਇਕ ਤੰਬੂ ਵਿਚ ਸਤਿਗੁਰਾਂ ਨੇ
ਅੱਖਾਂ ਮੀਟ ਸਮਾਧੀ ਲਗਾਈ ਹੋਈ ਸੀ
ਪੰਥ ਖ਼ਾਲਸਾ ਸਾਜਣ ਲਈ ਸਤਿਗੁਰਾਂ ਨੇ
ਅਕਾਲ ਪੁਰਖ ਨਾਲ ਸੁਰਤ ਮਿਲਾਈ ਹੋਈ ਸੀ
ਅਚਨਚੇਤ ਸਤਿਗੁਰ ਉਠ ਖੜ੍ਹੇ ਹੋ ਗਏ
ਲਾਲੀ ਕਹਿਰ ਦੀ ਮੁੱਖ ਤੇ ਛਾਈ ਹੋਈ ਸੀ
ਅੰਬਰ ਕੰਬਿਆ ਦੇਖਕੇ ਲਾਲ ਨੇਤਰ
ਧਰਤੀ ਪੈਰਾਂ ਦੇ ਹੇਠ ਘਬਰਾਈ ਹੋਈ ਸੀ
ਧੂ ਕੇ ਤੇਗ਼ ਮਿਆਨ ’ਚੋਂ ਬਾਹਰ ਆ ਗਏ
ਖੜ ਗਏ ਆਣ ਕੇ ਵਿਚ ਦੀਵਾਨ ਸਤਗਿਰ
ਇਕ ਸੀਸ ਦੀ ਲੋੜ ਹੈ ਅੱਜ ਮੈਨੂੰ
ਕੀਤਾ ਸਾਰਿਆਂ ਵਿਚ ਐਲਾਨ ਸਤਿਗੁਰ।

ਗੱਲਾਂ ਕਰਨੀਆਂ ਬਹੁਤ ਸੁਖਾਲੀਆਂ ਨੇ
ਥੋੜੇ ਹੁੰਦੇ ਨੇ ਸਿਦਕ ਨਿਭਾਉਣ ਵਾਲੇ
ਦੇਖੀ ਲਿਸ਼ਕਦੀ ਜਦੋਂ ਕਿਰਪਾਨ ਨੰਗੀ
ਜੁੱਤੀਆਂ ਛੱਡ ਦੌੜੇ ਕੁਣਕਾ ਖਾਣ ਵਾਲੇ
ਪਿੱਛੇ ਬੈਠ ਕੇ ਗੱਲਾਂ ਤੇ ਬਹੁਤ ਕਰਦੇ
ਬੜੇ ਘੱਟ ਹੁੰਦੇ ਅੱਗੇ ਆਣ ਵਾਲੇ
ਦੇਸ਼ ਧਰਮ ਮਜਲੂਮ ਗਰੀਬ ਦੇ ਲਈ
ਥੋੜੇ ਹੁੰਦੇ ਨੇ ਸੀਸ ਕਟਾਣ ਵਾਲੇ
ਗੁਰਸਿੱਖ ਬੈਠੇ ਸਨ ਬੜੇ ਦੀਵਾਨ ਅੰਦਰ
ਮਾਣ ਕਰਦੇ ਸਨ ਫੋਕੀਆਂ ਫੜ੍ਹਾਂ ਉਤੇ
ਇੰਜ ਸਾਰਿਆਂ ਨੀਵੀਂਆਂ ਪਾ ਲਈਆਂ
ਸੀਸ ਜਾਪਦੇ ਨਹੀਂ ਸਨ ਧੜਾਂ ਉਤੇ।

ਜਿਹੜੇ ਅੰਮ੍ਰਿਤ ਨੂੰ ਦੇਵਤੇ ਤਰਸਦੇ ਨੇ
ਕੀਤਾ ਸਤਿਗੁਰਾਂ ਆਪ ਤਿਆਰ ਅੰਮ੍ਰਿਤ
ਨਿਰਮਲ ਜਲ ਅੰਦਰ ਖੰਡਾ ਫੇਰਿਆ ਸੀ
ਤਾਹੀਉਂ ਕਹਿਣ ਲੋਕੀਂ ਖੰਡੇਧਾਰ ਅੰਮ੍ਰਿਤ

ਘੋਲੀ ਵਿਚ ਮਿਠਾਸ ਪਤਾਸਿਆਂ ਦੀ
ਕੀਤਾ ਸਿੱਖਾਂ ਦੇ ਵਿਚ ਸੰਚਾਰ ਅੰਮ੍ਰਿਤ
ਅੰਮ੍ਰਿਤ ਗਿੱਦੜੋਂ ਸ਼ੇਰ ਬਣਾ ਦੇਵੇ
ਰੂਹਾਂ ਸੁੱਤੀਆਂ ਕਰੇ ਬੇਦਾਰ ਅੰਮ੍ਰਿਤ
ਛਕਿਆ ਆਪ ਅੰਮ੍ਰਿਤ ਪੰਜਾਂ ਪਿਆਰਿਆਂ ਤੋਂ
ਗੁਰੂ ਚੇਲੇ ਦੇ ਭੇਤ ਸਭ ਤੋੜ ਦਿੱਤੇ
ਪੰਜਾਂ ਪਿਆਰਿਆਂ ਸਿਰਾਂ ਦੇ ਦਾਨੀਆਂ ਨੂੰ
ਨਵਾਂ ਰੂਹ ਦੇ ਕੇ ਸੀਸ ਮੋੜ ਦਿੱਤੇ।

ਪੰਜ ਪੰਜ ਪੰਜਾਂ ਨੂੰ ਚੂਲੇ ਪਿਲਾ ਅੰਮ੍ਰਿਤ
ਸਾਜੇ ਸਤਿਗੁਰਾਂ ਸਿੰਘ ਸਰਦਾਰ ਪੰਜੇ
ਪੰਜ ਪੰਜ ਚੂਲੇ ਪਾ ਕੇਸਾਂ ਵਿਚ ਭਮਸ ਕੀਤੇ
ਕਾਮ ਕ੍ਰੋਧ ਮੋਹ ਲੋਭ ਹੰਕਾਰ ਪੰਜੇ।
ਕੱਛਾ, ਕੜਾ, ਕਿਰਪਾਨ ਤੇ ਕੇਸ ਕੰਘਾ
ਦਿੱਤੇ ਪੰਜਾਂ ਨੂੰ ਨਾਲ ਕੱਕਾਰ ਪੰਜੇ
ਪੰਜਾਂ ਵਿਚ ਪਰਮੇਸ਼ਰ ਨੂੰ ਥਾਪ ਕੇ ਤੇ
ਕਰ ਦਿੱਤੇ ਸਨ ਰੂਪ ਕਰਤਾਰ ਪੰਜੇ
ਨਿੱਤ ਪਾਠ ਕਰਨਾ ਪੰਜਾਂ ਬਾਣੀਆਂ ਦਾ
ਪੰਜੇ ਵੇਲੇ ਦੀ ਨਿੱਤ ਅਰਦਾਸ ਕਰਨਾ
ਪੰਜਾਂ ਉਂਗਲਾਂ ਦਾ ਵਟਕੇ ਮਜ਼ਬੂਤ ਪੰਜਾ
ਨਾਲ ਏਕਤਾ ਜ਼ੁਲਮ ਦਾ ਨਾਸ਼ ਕਰਨਾ।

ਦਇਆ ਸਿੰਘ ਤੂੰ ਦਇਆ ਨਾ ਮੂਲ ਛੱਡੀ
ਮੇਰਾ ਖ਼ਾਲਸਾ ਏ ਦਇਆਵਾਨ ਹੋਸੀ।
ਧਰਮ ਸਿੰਘਾਂ ਤੂੰ ਧਰਮ ਦਾ ਕਰੀਂ ਪਾਲਣ
ਧਰਮ ਖ਼ਾਲਸੇ ਦੀ ਜਿੰਦ ਜਾਨ ਹੋਸੀ।
ਮੋਹਿਕਮ ਸਿੰਘ ਇਰਾਦੇ ਦਾ ਰਹੀਂ ਮੋਹਿਕਮ
ਮੋਹਿਕਮ ਨਿਸ਼ਚੇ ਦੇ ਨਾਲ ਕਲਿਆਨ ਹੋਸੀ।
ਹਿੰਮਤ ਸਿੰਘਾਂ ਤੂੰ ਹਿੰਮਤ ਨਾ ਕਦੇ ਹਾਰੀਂ
ਹਿੰਮਤ ਨਾਲ ਹੀ ਫਤਿਹ ਮੈਦਾਨ ਹੋਸੀ।
ਸਾਹਿਬ ਸਿੰਘ ਤੂੰ ਸਾਹਿਬਾਂ ਸੰਗ ਰਹੀਂ ਜੁੜਿਆ,
ਲੱਜ ਰੱਖਦਾ ਏ ਜਿਹੜਾ ਸਾਰਿਆਂ ਦੀ।
ਕਲਗੀ ਵਾਲੇ ਨੇ ਭਰੇ ਦੀਵਾਨ ਅੰਦਰ,
ਸੇਵਾ ਲਾਈ ਐਦਾਂ ਪੰਜਾਂ ਪਿਆਰਿਆਂ ਦੀ।

ਖੱਤਰੀ, ਨਾਈ, ਕਿਰਸਾਨ ਤੇ ਝਿਊਰ ਛੀਬੇ
ਪੰਜ ਜਾਤਾਂ ਦੇ ਤੁਸੀਂ ਹੋ ਵੀਰ ਪੰਜੇ।
ਜ਼ਾਤ ਅੱਜ ਤੋਂ ਤੁਸਾਂ ਦੀ ਖ਼ਾਲਸਾ ਏ
ਅਕਾਲ ਪੂਰਖ ਦੀ ਤੁਸੀਂ ਤਸਵੀਰ ਪੰਜੇ।
ਜਾਓ ਗਊ ਗ਼ਰੀਬ ਦੀ ਕਰੋ ਰੱਖਿਆ
ਫੜ ਲਓ ਹੱਥਾਂ ਦੇ ਵਿਚ ਸ਼ਮਸ਼ੀਰ ਪੰਜੇ।
ਬਦਲ ਦਿਓ ਤਦਬੀਰ ਦੇ ਨਾਲ ਜਾਕੇ
ਹਿੰਦੋਸਤਾਨ ਦੀ ਬਿਗੜੀ ਤਕਦੀਰ ਪੰਜੇ।

ਦਸਾਂ ਨੌਹਾਂ ਦੀ ਕਿਰਤ ਕਮਾਈ ਕਰਨਾ
ਹੱਕ ਦੂਜਿਆਂ ਦਾ ਕਦੇ ਮਾਰਨਾ ਨਹੀਂ।
ਕਰਨਾ ਜ਼ੁਲਮ ’ਆਜ਼ਾਦ’ ਨਹੀਂ ਕਿਸੇ ਉੱਤੇ
ਜੇ ਕੋਈ ਕਰੇ ਤਾਂ ਜ਼ੁਲਮ ਸਹਾਰਨਾ ਨਹੀਂ।

ਪੰਜਾਬੀ ਸਾਹਿਤ ਵਿਚ ਧਾਰਮਿਕ ਕਵਿਤਾਵਾਂ ਨੂੰ ਛਾਪਣ ਅਤੇ ਪੜ੍ਹਨ ਦਾ ਰੁਝਾਨ ਘਟ ਗਿਆ ਹੈ। ਇਸ ਦੇ ਕਈ ਕਾਰਨ ਹਨ, ਜਿਹਨਾਂ ਵਿਚੋਂ ਪ੍ਰਮੁੱਖ ਆਧੁਨਿਕ ਇਨਸਾਨ ਦੀ ਸੋਚ ’ਤੇ ਪਏ ਵਿਗਿਆਨਕ ਪ੍ਰਭਾਵ ਦਾ ਜਾਪਦਾ ਹੈ। ਵਿਗਿਆਨ ਨੇ ਬੰਦੇ ਦੀ ਸੋਚ ਨੂੰ ਤਰਕਸ਼ੀਲ ਬਣਾਉਣ ਦੇ ਨਾਲ ਨਾਲ ਇਸ ਨੂੰ ਸਵੈ ਕੇਂਦਰਿਤ, ਸਵਾਰਥੀ ਅਤੇ ਖਾਸ ਕਰਕੇ ਨਾਸਤਕਵਾਦੀ ਵੀ ਬਣਾਇਆ ਹੈ। ਰੱਬ ਵਰਗੀ ਦੈਵੀ ਸ਼ਕਤੀ ਦੀ ਹੋਂਦ ਤੇ ਸਵਾਲੀਆ ਚਿੰਨ ਲਾ ਕੇ, ਜੀਵਨ ਵਿਚੋਂ ਇਸ ਦੀ ਗੌਰਵਤਾ ਨੂੰ ਘਟਾਇਆ ਹੈ। ਪਹਿਲਾਂ ਜਦ ਬੰਦਾ ਰੱਬ ਨੂੰ ਧਿਆਉਂਦਾ ਸੀ ਤਾਂ ਉਸ ਦੀ ਸ਼ਰਧਾ ਵਿਚ ਖੋਟ ਅਤੇ ਬੇਦਿਲੀ ਨਹੀਂ ਸਗੋਂ ਸ਼ਰਧਾ ਭਾਵਨਾ ਹੁੰਦੀ ਸੀ ਅਤੇ ਸਰਬੱਤ ਦਾ ਭਲਾ ਮੰਗਦਾ ਸੀ। ਪਰ ਅੱਜ ਦਾ ਬੰਦਾ ਜੇ ਰੱਬ ਨੂੰ ਮੱਥਾ ਟੇਕਦਾ ਵੀ ਹੈ ਤਾਂ ਉਹ ਆਪਣੇ ਸਵਾਰਥ ਨੂੰ ਮੋਹਰੇ ਰੱਖਦਾ ਹੈ ਅਤੇ ਉਸ ਦੀਆਂ ਦਿੱਤੀਆਂ ਨਿਹਮਤਾਂ ਤੇ ਬਖਸ਼ਿਸ਼ਾਂ ਦਾ ਧੰਨਵਾਦ ਕੇਵਲ ਔਖੇ ਵੇਲੇ ਹੀ ਕਰਦਾ ਹੈ। ਇਹ ਵਿਗਿਆਨਕ ਸੋਚ ਦਾ ਮਾਰੂ ਪੱਖ ਕਿਹਾ ਜਾ ਸਕਦਾ ਹੈ। ਜਿਸ ਕਰਕੇ ਇਨਸਾਨ ਦੇ ਜੀਵਨ ਵਿਚ ਕਾਹਲ, ਬੇਤਰਤੀਬੀ ਅਤੇ ਬੇਪਰਤੀਤੀ ਆਈ ਹੈ? ਧਰਮ ਜੋ ਕਦੇ ਜੀਵਨ ਮਾਰਗ ਦਾ ਪੱਥ ਪ੍ਰਦਰਸ਼ਨਕ ਹੁੰਦਾ ਸੀ, ਅੱਜ ਮਹਿਜ਼ ਕੱਟੜਵਾਦੀ ਸੋਚ ਅਤੇ ਅੱਤਵਾਦੀ ਵਿਚਾਰਧਾਰਾ ਵਾਲੇ ਕੁਝ ਕੁ ਲੋਕਾਂ ਦੀ ਰਾਜਨੀਤੀ ਦਾ ਹੱਥ ਠੋਕਾ ਬਣ ਕੇ ਰਹਿ ਗਿਆ ਹੈ। ਕਈ ਇਸ ਰੁਝਾਨ ਨੂੰ ਵੀ ਵਿਗਿਆਨਕ ਸੋਚ ਦਾ ਪ੍ਰਤੀਕਰਮ ਮੰਨਦੇ ਹਨ। ਇਕ ਪ੍ਰਕਾਰ ਨਾਲ ਇਹ ਗੱਲ ਠੀਕ ਵੀ ਹੈ। ਇਕ ਪਾਸੇ ਵਿਗਿਆਨਕ ਤਰੱਕੀ ਨੇ ਪੜ੍ਹੇ-ਲਿਖੇ ਬੰਦਿਆਂ ਨੂੰ ਸੋਚਣ ਪਰਖਣ ਦੀ ਸਮਰੱਥਾ ਦੇ ਕੇ ਪੈਸੇ ਦੀ ਦੌੜ ਵਿਚ ਗ਼ਲਤਾਨ ਕਰ ਦਿੱਤਾ ਹੈ। ਦੂਜੇ ਪਾਸੇ ਘੱਟ ਪੜ੍ਹੇ ਲਿਖੇ ਜਾਂ ਕੋਰੇ ਚਿੱਟੇ ਅਨਪੜ੍ਹ ਸ਼ਰਧਾਲੂਆਂ ਲਈ ਰੋਜ਼ੀ-ਰੋਟੀ ਦਾ ਮਸਲਾ ਖੜ੍ਹਾ ਕਰ ਦਿੱਤਾ ਹੈ। ਕਿਉਂਕਿ ਅਜਿਹੇ ਲੋਕ ਅਨਪੜ੍ਹਤਾ ਕਰਕੇ ਇਸ ਦੌੜ ਵਿਚ ਸਾਵੇਂ ਨਹੀਂ ਉਤਰ ਸਕਦੇ, ਇਸ ਲਈ ਲੋਕਾਂ ਨੂੰ ਧਾਰਮਿਕ ਦੇ ਨਾਂ ’ਤੇ ਭੈਅਭੀਤ ਅਤੇ ਗੁੰਮਰਾਹ ਕਰਕੇ ਆਪਣਾ ਉਲੂ ਸਿੱਧਾ ਕਰਦੇ ਹਨ। ਇਹ ਧਾਰਮਿਕ ਸ਼ਕਤੀ ਨੂੰ ਅਟੌਮਿਕ ਸ਼ਕਤੀ ਵਾਂਗ ਵਰਤਦੇ ਹਨ। ਅਜਿਹੇ ਲੋਕਾਂ ਨੇ ਧਰਮ ਦੇ ਨਾਂ ’ਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਆਪਣੀ ਰੋਜ਼ੀ-ਰੋਟੀ ਦਾ ਮਸਲਾ ਹੱਲ ਕਰ ਲਿਆ ਹੈ। ਇਸ ਲਈ ਕੱਟੜਵਾਦ ਅਤੇ ਅੱਤਵਾਦ ਵੀ ਇਕ ਪ੍ਰਕਾਰ ਨਾਲ ਵਿਗਿਆਨਕ ਸੋਚ ਦੀ ਪੈਦਾਵਾਰ ਹੀ ਕਹੇ ਜਾ ਸਕਦੇ ਹਨ। ਧਰਮ ਤਾਂ ਦਇਆ, ਸ਼ਰਧਾ, ਪ੍ਰੇਮ ਅਤੇ ਇਖ਼ਲਾਕ ਦਾ ਹਿਤੈਸ਼ੀ ਅਤੇ ਅਨੁਯਾਈ ਹੈ, ਇਸ ਵਿਚ ਜ਼ੁਲਮ, ਮਾਰਧਾੜ ਅਤੇ ਧਿੰਗੋਜ਼ੋਰੀ ਵਿਰੋਧੀ ਕਿੱਥੋਂ ਸ਼ਾਮਲ ਹੋ ਗਏ। ਆਧੁਨਿਕ ਯੁੱਗ ਵਿਚ ਅਜਿਹੀਆਂ ਧਰਮ ਵਿਰੋਧੀ ਪ੍ਰਸਥਿਤੀਆਂ ਨੂੰ ਦੇਖ ਕੇ ਇਉਂ ਜਾਪਦਾ ਹੈ ਕਿ ਹੁਣ ਜੀਵਨ ਵਿਚ ਸਹੀ ਅਤੇ ਕਲਿਆਣਕਾਰੀ ਧਰਮ ਪ੍ਰਚਾਰ ਦੇ ਮਹੱਤਵ ਹੋਰ ਵੀ ਵੱਧ ਗਿਆ ਹੈ। ਇਸ ਦੀ ਪੈਰਵੀ ਅਤੇ ਪ੍ਰੋੜ੍ਹਤਾ ਕਈ ਪੱਖਾਂ ਤੋਂ ਕੀਤੀ ਜਾ ਸਕਦੀ ਹੈ, ਜਿਹਨਾਂ ਵਿਚੋਂ ਕਵਿਤਾ ਇਕ ਮਹੱਤਵਪੂਰਨ ਪੱਖ ਹੈ ਜੋ ਮੁੱਢੋਂ-ਸੁੱਢੋਂ ਇਨਸਾਨ ਨੂੰ ਪ੍ਰਭਾਵਿਤ ਕਰਕੇ ਸਿੱਧੇ ਰਾਹ ’ਤੇ ਪਾਉਂਦੀ ਆਈ ਹੈ। ਇਸ ਦੇ ਤੋਲ, ਤਾਲ ਅਤੇ ਲੈਅ ਦਾ ਤਲਿਸਮੀ ਅਸਰ ਤਾਂ ਪਸ਼ੂ-ਪੰਛੀਆਂ ਅਤੇ ਬਨਾਸਪਤੀ ’ਤੇ ਵੀ ਪੈਂਦਾ ਹੈ, ਇਨਸਾਨ ਇਕ ਉਤਮ ਜਿਣਸ ਹੋਣ ਦੇ ਨਾਤੇ ਇਸ ਦਾ ਅਸਰ ਸਹਿਜਨ ਹੀ ਕਬੂਲ ਲੈਂਦਾ ਹੈ। ਇਸ ਮਨੋਰਥ ਨੂੰ ਮੁੱਖ ਰੱਖ ਕੇ ਟਰੱਸਟ ਨੇ ਧਾਰਮਿਕ ਕਵਿਤਾਵਾਂ ਦੀ ਹਥਲੀ ਸੈਂਚੀ ਛਾਪਣ ਦਾ ਵਿਚਾਰ ਬਣਾਇਆ ਹੈ।




ਇਸ ਪੁਸਤਕ ਵਿਚ ਪੰਜਾਬੀ ਦੇ ਦੋ ਪ੍ਰਸਿੱਧ ਧਾਰਮਿਕ ਅਤੇ ਇਤਿਹਾਸਕ ਕਵੀਆਂ, ਜੰਗ ਸਿੰਘ ਗਿਆਨੀ (ਸਵਰਗਵਾਸੀ) ਅਤੇ ਆਜ਼ਾਦ ਜਾਲੰਧਰੀ ਹੋਰਾਂ ਦਾ ਚੋਣਵਾਂ ਕਲਾਮ ਸ਼ਾਮਲ ਹੈ। ਸਵਾਲ ਕੀਤਾ ਜਾ ਸਕਦਾ ਹੈ ਕਿ ਕੇਵਲ ਇਹਨਾਂ ਦੋ ਕਵੀਆਂ ਦਾ ਕਲਾਮ ਹੀ ਕਿਉਂ ਛਾਪਿਆ ਜਾ ਰਿਹਾ, ਜਦਕਿ ਪੰਜਾਬੀ ਦੇ ਕਈ ਹੋਰ ਪ੍ਰਸਿੱਧ ਕਵੀਆਂ ਨੇ ਵੀ ਧਾਰਮਿਕ ਕਵਿਤਾਵਾਂ ਲਿਖੀਆਂ ਹਨ? ਇਸ ਦੇ ਦੋ ਖਾਸ ਕਾਰਨ ਹਨ: ਪਹਿਲਾ ਕਾਰਨ ਗਿਆਨੀ ਜੀ ਦੀਆਂ ਧਾਰਮਿਕ ਮਨੌਤਾਂ ਨੂੰ ਸ਼ਰਧਾ ਦਾ ਫੁੱਲ ਚਾੜ੍ਹਨਾ ਹੈ ਅਤੇ ਦੂਜਾ ਉਹਨਾਂ ਦੀ ਅਦੁੱਤੀ ਸਾਹਿਤਕ ਦੇਣ ਨੂੰ ਸ਼ਰਧਾਂਜਲੀ ਪੇਸ਼ ਕਰਨਾ ਹੈ। ਉਹਨਾਂ ਦੀਆਂ ਮਨੌਤਾਂ ਅਨੁਸਾਰ ਵਿਗਿਆਨਕ ਯੁੱਗ ਵਿਚ ਇਨਸਾਨ ਦੀ ਸਹੀ ਰਹਿਨੁਮਾਈ ਲਈ ਧਾਰਮਿਕ ਸਾਹਿਤ ਬਹੁਤ ਗੁਣਕਾਰੀ ਸਿੱਧ ਹੋ ਸਕਦਾ ਹੈ। ਉਹਨਾਂ ਦੇ ਮਿੱਤਰ ਅਤੇ ਟਰੱਸਟ ਦੇ ਸਹਿ-ਸੰਚਾਲਕ ‘ਆਜ਼ਾਦ’ ਹੋਰੀਂ ਵੀ ਗਿਆਨੀ ਜੀ ਦੀ ਇਸ ਧਾਰਨਾ ਨਾਲ ਮੁਕੰਮਲ ਤੌਰ ’ਤੇ ਸਹਿਮਤ ਹਨ। ਆਜ਼ਾਦ ਹੋਰਾਂ ਨੇ ਖ਼ੁਦ ਵੀ ਬਹੁਤ ਸਾਰੀਆਂ ਧਾਰਮਿਕ ਕਵਿਤਾਵਾਂ ਲਿਖੀਆਂ, ਸਟੇਜਾਂ ’ਤੇ ਪੜ੍ਹੀਆਂ ਅਤੇ ਗਾਈਆਂ ਹਨ। ਇਹ ਦੋਵੇਂ ਕਵੀ/ਮਿੱਤਰ ਜੀਵਨ ਯਾਤਰਾ ਵਿਚ ਦੂਰ ਤੱਕ ਇਕ ਦੂਜੇ ਦੇ ਸਾਥੀ ਸੰਗੀ ਰਹੇ ਹਨ। ਇਸ ਲਈ ਅਸੀਂ ਸੋਚਿਆ ਕਿ ਦੋਹਾਂ ਦਾ ਕਲਾਮ ਇਕੋ ਪੁਸਤਕ ਵਿਚ ਛਾਪ ਕੇ ਇਹਨਾਂ ਦੀ ਗੂੜ੍ਹੀ ਮਿੱਤਰਤਾ ਦੀ ਤਸਦੀਕ ਕੀਤੀ ਜਾਵੇ। ਇਹ ਇਕ ਪ੍ਰਕਾਰ ਨਾਲ ਜੰਗ ਸਿੰਘ ਗਿਆਨੀ ਹੋਰਾਂ ਨੂੰ ਸ਼ਰਧਾਂਜਲੀ ਵੀ ਹੋਵੇਗੀ ਅਤੇ ਪਾਠਕ ਉਹਨਾਂ ਦੀ ਰਸਕ, ਅਨੂੱਠੀ ਅਤੇ ਰੂਹਾਨੀ ਕਵਿਤਾ ਦਾ ਆਨੰਦ ਵੀ ਮਾਣ ਸਕਣਗੇ। ਫਲਸਰੂਪ, ’’ਧਾਰਮਿਕ ਅਤੇ ਇਤਿਹਾਸਕ ਕਵਿਤਾਵਾਂ’’ ਦਾ ਇਹ ਗੁਲਦਸਤਾ ਪਾਠਕਾਂ ਦੇ ਹੱਥਾਂ ਵਿਚ ਸੌਂਪਦਿਆਂ ਟਰੱਸਟ ਅਤੇ ਖਾਸ ਕਰਕੇ ਮੈਨੂੰ ਖੁਸ਼ੀ ਹੋ ਰਹੀ ਹੈ।

ਇਸ ਪੁਸਤਕ ਦੀ ਸਮੱਗਰੀ ਵਿਚ ਜੰਗ ਸਿੰਘ ਗਿਆਨੀ ਜੀ ਦੀਆਂ ਗ਼ਜ਼ਲ-ਨੁਮਾ ਕਵਿਤਾਵਾਂ ਹਨ, ਜਿਹਨਾਂ ਵਿਚੋਂ ਬਹੁਤੀਆਂ ਗੁਰਬਾਣੀ ਦੇ ਕਿਸੇ ਵਾਕ ਨੂੰ ਆਧਾਰ ਬਣਾ ਕੇ ਲਿਖੀਆਂ ਗਈਆਂ ਹਨ। ਕੁਝ ਦਾ ਵਿਸ਼ਾ ਗੁਰੂ ਸਾਹਿਬਾਨ ਦੀ ਜੀਵਨੀ ਅਤੇ ਉਹਨਾਂ ਵੱਲੋਂ ਸਾਜੇ ਹੋਏ ਸਿੱਖ ਪੰਥ ਦੁਆਲੇ ਘੁੰਮਦਾ ਹੈ। ਗਿਆਨੀ ਜੀ ਦਾ ਗੁਰਬਾਣੀ ਬਾਰੇ ਡੂੰਘਾ ਅਧਿਐਨ ਹੋਣ ਕਰਕੇ ਇਨ੍ਹਾਂ ਕਵਿਤਾਵਾਂ ਵਿਚੋਂ ਸਿੱਖ ਧਰਮ ਦੀ ਫਿਲਾਸਫੀ ਬਾਰੇ ਨਿੱਗਰ ਜਾਣਕਾਰੀ ਪ੍ਰਾਪਤ ਹੁੰਦੀ ਹੈ। ਕਵਿਤਾਵਾਂ ਨੂੰ ਪੜ੍ਹਦਿਆਂ ਗੁਰਬਾਣੀ ਬਾਰੇ ਗਿਆਨ ਵੀ ਮਿਲਦਾ ਅਤੇ ਨਾਲ ਹੀ ਇਕ ਸ਼ਰਧਾਵਾਨ ਸਿੱਖ ਦੇ ਦੀਦਾਰ ਵੀ ਹੁੰਦੇ ਹਨ। ਇਹ ਕਵਿਤਾਵਾਂ ਗਿਆਨੀ ਜੀ ਨੇ ਗੁਰਬਾਣੀ ਵਿਚ ਭਿੱਜ ਕੇ ਅਤੇ ਸਿੱਖ ਧਰਮ ਦੀ ਫਿਲਾਸਫੀ ਵਿਚ ਖੁੱਭ ਕੇ ਲਿਖੀਆਂ ਹਨ। ਅਰਥਾਤ, ਇਹ ਉਹਨਾਂ ਦੇ ਅਨੁਭਵ ਵਿਚ ਗੂੜ੍ਹ ਅਤੇ ਕੜ੍ਹ ਕੇ ਪੁਸਤਕ ਦੇ ਸਫ਼ਿਆਂ ’ਤੇ ਸਜੀਆਂ ਹਨ। ਅਨੁਭਵੀ ਕਵਿਤਾ ਹਮੇਸ਼ਾ ਸਰਲ, ਸਪੱਸ਼ਟ ਅਤੇ ਸਾਦਾ ਹੁੰਦੀ ਹੈ, ਇਸ ਲਈ ਮਨ ਨੂੰ ਟੁੰਬਦੀ ਹੈ; ਇਹ ਗੁਣ ਗਿਆਨੀ ਜੀ ਦੀ ਕਵਿਤਾ ਵਿਚੋਂ ਭਲੀ ਭਾਂਤ ਵਿਅਕਤ ਹੁੰਦੇ ਹਨ।




ਆਜ਼ਾਦ ਜਾਲੰਧਰੀ ਹੋਰਾਂ ਦੀਆਂ ਕਵਿਤਾਵਾਂ ਦਾ ਵਿਸ਼ਾ ਗੁਰੂਆਂ, ਭਗਤਾਂ ਅਤੇ ਸਿੱਖ ਇਤਿਹਾਸ ਦੇ ਅਦੁੱਤੀ ਸਿੱਖ ਜੋਧਿਆਂ ਦੀਆਂ ਕੁਰਬਾਨੀਆਂ ਨਾਲ ਵਾਬਸਤਾ ਹੈ। ਗੁਰੂਆਂ ਬਾਰੇ ਕਵਿਤਾਵਾਂ ਵਿਚ ਉਹਨਾਂ ਦੀ ਜੀਵਨੀ ਅਤੇ ਹੋਣ-ਥੀਣ ਦੇ ਮਕਸਦ ਨੂੰ ਚਿਤਰਿਆ ਗਿਆ ਹੈ।

ਇਸੇ ਤਰ੍ਹਾਂ ਭਗਤਾਂ ਬਾਰੇ ਕਵਿਤਾਵਾਂ ਵਿਚ ਉਨ੍ਹਾਂ ਦੀ ਜ਼ਿੰਦਗੀ ਵਿਚ ਆਏ ਉਤਰਾਵਾਂ-ਚੜ੍ਹਾਵਾਂ ਅਤੇ ਸੁਚੱਜੀ ਜੀਵਨ ਜਾਚ ਬਾਰੇ ਭਰਪੂਰ ਵਾਕਫ਼ੀਅਤ ਦਿੱਤੀ ਗਈ ਹੈ। ਇਕ ਕਵਿਤਾ ਵੈਸਾਖੀ ਦੀ ਮਹੱਤਤਾ ਬਾਰੇ ਵੀ ਹੈ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਸਾਜਨਾ ਦੀ ਮਹੱਤਵਪੂਰਨ ਘਟਨਾ ਬਾਰੇ ਵਿਸਥਾਰ ਨਾਲ ਲਿਖਿਆ ਗਿਆ ਹੈ।

ਆਜ਼ਾਦ ਹੋਰਾਂ ਗੁਰੂਆਂ, ਭਗਤਾਂ ਅਤੇ ਸਿੱਖ ਇਤਿਹਾਸ ਦੇ ਗੌਰਵਮਈ ਸਿੱਖਾਂ ਬਾਰੇ ਲਿਖ ਕੇ, ਗੁਰੂਆਂ ਪ੍ਰਤੀ ਆਪਣੀ ਅਕੀਦਤ ਵੀ ਪੇਸ਼ ਕੀਤੀ ਹੈ ਅਤੇ ਸਿੱਖ ਧਰਮ ਪ੍ਰਤੀ ਸ਼ਰਧਾ ਭਾਵਨਾ ਦਾ ਰਿਣ ਵੀ ਚੁਕਾਇਆ ਹੈ। ਆਜ਼ਾਦ ਜੀ ਦੀਆਂ ਕਵਿਤਾਵਾਂ ਛੰਦ ਅਤੇ ਤੋਲ ਵਿਚ ਪੂਰੀਆਂ ਹੋਣ ਦੇ ਨਾਤੇ ਸਟੇਜ ’ਤੇ ਗਾਈਆਂ ਜਾ ਸਕਦੀਆਂ ਹਨ ਇਸ ਲਈ ਪਾਠਕਾਂ ਦੇ ਦਿਲ ਵਿਚ ਸਹਿਜੇ ਹੀ ਸਮਾ ਸਕਦੀਆਂ ਹਨ।

ਅਖੀਰ ਵਿਚ ਅਸੀਂ ਇਸ ਗੱਲ ਨੂੰ ਮੁੜ ਕੇ ਚਿਤਾਰਨਾ ਚਾਹੁੰਦੇ ਹਾਂ ਕਿ ਗਿਆਨੀ ਜੀ ਅਤੇ ਆਜ਼ਾਦ ਹੋਰਾਂ ਦੀਆਂ ਧਾਰਮਿਕ ਕਵਿਤਾਵਾਂ ਨੂੰ ਇਕ ਸੈਂਚੀ ਵਿਚ ਛਾਪਣ ਦੇ ਦੋ ਮਕਸਦ ਹਨ; ਪਹਿਲਾ ਹੈ ਪੰਜਾਬੀ ਸਾਹਿਤ ਵਿਚ ਧਾਰਮਿਕ ਸਾਹਿਤ ਦੇ ਘਾਟੇ ਨੂੰ ਪੂਰਾ ਕਰਨਾ ਅਤੇ ਦੂਜਾ ਇਨ੍ਹਾਂ ਕਵਿਤਾਵਾਂ ਨੂੰ ਰਾਗੀਆਂ, ਢਾਡੀਆਂ ਅਤੇ ਹੋਰ ਲੋੜਵੰਦ ਗਾਇਕਾਂ ਤੱਕ ਪਹੁੰਚਾਉਣਾ ਤਾਂ ਕਿ ਉਹ ਇਨ੍ਹਾਂ ਨੂੰ ਸਟੇਜਾਂ ’ਤੇ ਗਾ ਕੇ ਸੰਗਤਾਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਸਹੀ ਭਾਵਨਾ ਨਾਲ ਜੋੜ ਸਕਣ ਅਤੇ ਵਧਦੇ ਹੋਏ ਕੱਟੜਵਾਦ ਨੂੰ ਠੱਲ੍ਹ ਪਾ ਸਕਣ। ਇਸ ਪੁਸਤਕ ਵਿਚਲੀਆਂ ਕਵਿਤਾਵਾਂ ਨੂੰ ਅਕਾਦਮਿਕ ਪਰਖ ਪੜਚੋਲ ਦੇ ਪੱਧਰ ’ਤੇ ਸ਼ਾਇਦ ਉਨਾ ਨਾ ਸਲਾਹਿਆ ਜਾ ਸਕੇ ਪਰ ਸ਼ਰਧਾ ਭਾਵਨਾ ਨਾਲ ਪੜ੍ਹੀਆਂ/ਗਾਈਆਂ ਜਾਣ ਤਾਂ ਇਹ ਪਾਠਕ ਦਾ ਦਿਲ ਜਿੱਤਣ ਦੀ ਸਮਰੱਥਾ ਰੱਖਦੀਆਂ ਹਨ। ਇਹੋ ਇਸ ਪੁਸਤਕ ਦਾ ਮੂਲ ਮਨੋਰਥ ਹੈ।

**– ਡਾ. ਗੁਰੂਮੇਲ ਸ. ਸਿੱਧੂ**
**ਕਲੋਵਸ, ਕੈਲੇਫੋਰਨੀਆ, ਅਮਰੀਕਾ**

## ਪੰਥ ਦੀ ਸਿਰਜਣਾ

### ਜੰਗ ਸਿੰਘ ਗਿਆਨੀ

ਪੂਰਾ ਸਤਿਗੁਰ ਜਦੋਂ ਦਿਆਲ ਹੋਇਆ,
ਪੰਜ ਪਿਆਰੇ ਉਸ ਕਰ ਤਿਆਰ ਦਿੱਤੇ।
ਉਨ੍ਹਾਂ ਪੰਜਾਂ ਨੂੰ ਅੰਮ੍ਰਿਤ ਛਕਾਉਣ ਦੇ ਵੀ,
ਕਿਰਪਾ ਕਰਕੇ ਪੂਰੇ ਅਧਿਕਾਰ ਦਿੱਤੇ।
ਐਸਾ ਖਾਲਸਾ ਪੰਥ ਤਿਆਰ ਕੀਤਾ,
ਚਾਰੇ ਪੁੱਤਰ ਵੀ ਪੰਥ ਤੋਂ ਵਾਰ ਦਿੱਤੇ।
ਮਨ ਜਿੱਤ ਕੇ ਜਗਤ ਨੂੰ ਜਿੱਤਣੇ ਲਈ,
ਸੂਰਮਗਤੀ ਦੇ ਚਿੰਨ੍ਹ ਕਰਾਰ ਦਿੱਤੇ।
ਕਰਤਾ ਪੁਰਖ ਨੇ ਆਪਣੀ ਮੌਜ ਵਿਚੋਂ,
ਜਿਹੜੀ ਖਾਲਸਾ ਫੌਜ ਤਿਆਰ ਕੀਤੀ।
ਨਿਰੰਹਕਾਰ, ਨਿਰਵੈਰ, ਨਿਰਭਉ ਰਹਿਣਾ,
ਇਹ ਤਾਕੀਦ ਉਸ ਨੂੰ ਵਾਰ ਵਾਰ ਕੀਤੀ।
ਗੁਰੂ ਗ੍ਰੰਥ ਦੇ ਪੰਥ ਨੂੰ ਲੜ ਲਾਇਆ,
ਇਹ ਅਟੱਲ ਮਰਯਾਦਾ ਵੀ ਤਿਆਰ ਕੀਤੀ।
ਉਹ ਗੁਰਸਿੱਖ ਫਿਰ ਕਦੇ ਵੀ ਡੋਲਦਾ ਨਹੀਂ,
ਗੁਰਬਾਣੀ ਦੀ ਜਿਸ ਨੇ ਵਿਚਾਰ ਕੀਤੀ।
ਸਗਲ ਜਗਤ ਵਿਚ ਖਾਲਸਾ ਪੰਥ ਸਾਜੇ,
ਸੱਚੇ ਪਾਤਸ਼ਾਹ ਨੇ ਇਹ ਵਰਦਾਨ ਦਿੱਤਾ।
ਪੰਥ ਰਹੇ ਸਦਾ ਚੜ੍ਹਦੀ ਕਲਾ ਅੰਦਰ,
ਇਸੇ ਵਾਸਤੇ ਹੈ ਨਾਮਦਾਨ ਦਿੱਤਾ।
ਨਾਮ ਸਿਮਰ ਕੇ ਜਿਹੜੇ ਨਿਹਾਲ ਹੋ ਗਏ,
ਉਨ੍ਹਾਂ ਯੋਧਿਆਂ ਹੀ ਬਲੀਦਾਨ ਦਿੱਤਾ।
ਆਪ ਪੰਥ ਦੇ ਵਿਚ ਅਭੇਦ ਹੋ ਗਏ,
ਸਭ ਕੁਝ ਪੰਥ ਤੋਂ ਕਰ ਕੁਰਬਾਨ ਦਿੱਤਾ।
ਕੌਣ ਇਹ ਖਾਲਸਾ ਪੰਥ ਸਜਾਉਂਦਾ?
ਜੇ ਦਸਵਾ ਅਵਤਾਰ ਨਾ ਹੁੰਦਾ।
ਜਮਰੌਦ ’ਤੇ ਕੌਣ ਨਿਸ਼ਾਨ ਝੁਲਾਉ
ਜੇ ਨਲਵਾ ਸਰਦਾਰ ਨਾ ਹੁੰਦਾ।
ਕੌਣ ਦਲਿਤਾਂ ਨੂੰ ਗਲੇ ਲਗਾਉਂਦਾ?
ਕੌਣ ਉਨ੍ਹਾਂ ਨੂੰ ਦੇਂਦਾ ਅੰਮ੍ਰਿਤ।
ਕੌਣ ਜਾਤਾਂ ਦੇ ਭੇਦ ਮਿਟਾਉਂਦਾ?
ਜੇ ਗੁਰ ਬਖਸ਼ਣਹਾਰ ਨਾ ਹੁੰਦਾ।
ਕੌਣ ਮੁਗ਼ਲਾਂ ਦੇ ਜ਼ੁਲਮ ਮਿਟਾ ਕੇ?
ਦੇਸ਼ ਧਰਮ ਦੀ ਕਰਦਾ ਰੱਖਿਆ।
ਕੌਣ ਆਪ ਦਾ ਸਰਬੰਸ ਵਾਰਦਾ?
ਜੇ ਗੁਰ ਕਲਗੀਧਰ ਨਾ ਹੁੰਦਾ।
ਕੌਣ ਗਿੱਦੜਾਂ ਤੋਂ ਸ਼ੇਰ ਬਣਾਉਂਦਾ?
ਕੌਣ ਚਿੜੀਆਂ ਤੋਂ ਬਾਜ ਤੁੜਾਉਂਦਾ?
ਕੌਣ ਕਾਇਰਾਂ ਵਿਚ ਬੀਰਤਾ ਭਰਦਾ?
ਜੇ ਗੁਰ ਸਿਰਜਣਹਾਰ ਨਾ ਹੁੰਦਾ?
ਕੌਣ ਰੋਕਦਾ ਬਾਹਾਰੋਂ ਹਮਲੇ?
ਕੌਣ ਧਰਮ ਦੀ ਕਰਦਾ ਰਾਖੀ?
ਤੇਗ ਬਹਾਦਰ ਸੀਸ ਨਾ ਦਿੰਦੇ,
ਧਰਮ ਦਾ ਬੇੜਾ ਪਾਰ ਨਾ ਹੁੰਦਾ।

## ਸੱਚਾ ਫਿਰ ਸਰਦਾਰ ਕਹਾਵੇ !

ਸਿੰਘਾਂ ਨੂੰ ਕੋਈ ਮਾਰ ਨਹੀਂ ਸਕਦਾ।
ਸਿੰਘਾਂ ਨੂੰ ਕੋਈ ਤਾੜ ਨਹੀਂ ਸਕਦਾ।
ਜਦ ਤਕ ਇਨ੍ਹਾਂ ਭੋਲਿਆਂ ਤਾਈਂ।
ਇਕ ਦੂਜੇ ਤੋਂ ਪਾੜ ਨਹੀਂ ਸਕਦਾ।
ਜੇ ਸਿੰਘਾਂ ਨੂੰ ਸਿੰਘ ਨਾ ਮਾਰਨ।
ਜੇ ਇਹ ਖ਼ੁਦ ਨਾ ਝੱਲ ਖਿਲਾਰਨ।
ਜੇ ਇਹ ਗੁਰ ਦੇ ਬਚਨ ਚਿਤਾਰਨ।
ਜੇ ਇਹ ਪ੍ਰੀਤ ਨਾ ਮਨੋ ਵਿਸਾਰਨ।
ਫਿਰ ਇਹ ਕਿਸੇ ਤੋਂ ਮਰ ਨਹੀਂ ਸਕਦੇ।
ਫਿਰ ਇਹ ਕਿਸੇ ਤੋਂ ਡਰ ਨਹੀਂ ਸਕਦੇ
ਭੈਅ ਵੀ ਇਨ੍ਹਾਂ ਤੋਂ ਭੈਅ ਖਾ ਜਾਵੇ।
ਵੈਰ ਭੀ ਇਨ੍ਹਾਂ ਦੇ ਨੇੜ ਨਾ ਆਵੇ।
ਸਾਰੇ ਜੱਗ ਵਿਚ ਪੰਥ ਹੀ ਗੱਜੇ।
ਭਰਮ ਭੈਅ ਇਸ ਤੋਂ ਡਰ ਕੇ ਭੱਜੇ।
ਸਤਿਗੁਰ ਜਿਸ ਦਾ ਹੋਏ ਰਖਵਾਲਾ।
ਉਸ ਨੂੰ ਕੌਣ ਡਰਾਵਣ ਵਾਲਾ?
ਇਕੋ ਬਾਣੀ ਸ਼ਬਦ ਵਿਚਾਰ।
ਸਿੰਘ ਲਵੇ ਜੇ ਹਿਰਦੇ ਧਾਰ।
ਅਮਨ ਆਜ਼ਾਦੀ ਤੇ ਖੁਸ਼ਹਾਲੀ।
ਇਸ ਦੇ ਦਰ ਤੇ ਹੋਣ ਸਵਾਲੀ।
ਵੱਸੇ ਰੱਸੇ ਖਿੜੇ ਖਿੜਾਵੇ।
ਦੁੱਖ ਕਲੇਸ਼ ਨੇੜ ਨਹੀਂ ਆਵੇ।
ਮਾਨਵਤਾ ਨੂੰ ਰਾਹ ਵਿਖਾਵੇ।
ਸੱਚਾ ਫਿਰ ਸਰਦਾਰ ਕਹਾਵੇ।

# ਬਾਬਾ ਸੋਹਣ ਸਿੰਘ ਭਕਨਾ
## (4 ਜਨਵਰੀ 1870 ਤੋਂ 20 ਦਸੰਬਰ 1968)

ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਨ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਵੇ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ



ਵੇਖਿਆ। 1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣਿਆਂ ਦੀ ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!

**– ਪਸ਼ੌਰਾ ਸਿੰਘ ਢਿੱਲੋਂ** (1-559-708-4399)

### ਜੀਵਨ ਸੰਗਰਾਮ
### (ਭਾਗ ਦੂਜਾ)
### 13. ਅੰਡੇਮਾਨ ਸੈਲੂਅਲਰ ਜੇਲ੍ਹ ਵਿਚ

ਜਦੋਂ ਚਤਰ ਸਿੰਘ ਕੰਡੇ ਤੇ ਵਜ਼ਨ ਕਰਾ ਕੇ ਹਟਿਆ ਤਾਂ ਉਸ ਨੇ ਮਰੇ ਨੂੰ ਐਸਾ ਲੱਪੜ ਮਾਰਿਆ ਕਿ ਉਹ ਕੁਰਸੀ ਤੋਂ ਹੇਠਾਂ ਡਿੱਗ ਪਿਆ। ਉਸ ਦੇ ਆਦਮੀ ਚਤਰ ਸਿੰਘ ਨੂੰ ਫੜਨ ਲਈ ਉਸ ਤੇ ਟੁੱਟ ਪਏ। ਸਾਡੇ ਹੋਰ ਰਾਜਸੀ ਕੈਦੀ ਵੀ ਉਥੇ ਹੀ ਸਨ। ਉਹਨਾਂ ਲਲਕਾਰਿਆ ਕਿ ਖ਼ਬਰਦਾਰ! ਜੇ ਕਿਸੇ ਚਤਰ ਸਿੰਘ ਨੂੰ ਹੱਥ ਪਾਇਆ ਤਾਂ ਠੀਕ ਨਹੀਂ ਹੋਵੇਗਾ। ਹੁਣ ਮਰੇ ਵੀ ਉਠ ਖੜ੍ਹਾ ਹੋਇਆ। ਉਹਨੇ ਵੀ ਫਸਾਦ ਦੇ ਡਰ ਤੋਂ ਆਪਣੇ ਆਦਮੀਆਂ ਨੂੰ ਕਿਹਾ ਕਿ ਕੋਈ ਨਾ ਮਾਰੇ।

ਇਸ ਤੋਂ ਪਿੱਛੋਂ ਮਾਸਟਰ ਚਤਰ ਸਿੰਘ ਨੂੰ ਅਣਮਿੱਥੇ ਸਮੇਂ ਲਈ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ। ਰਾਤ ਦਿਨ ਲਗਾਤਰ ਪਿੰਜਰੇ ਵਿਚ ਸਾਢੇ ਤਿੰਨ ਸਾਲ ਬੰਦ ਰਹਿਣ ਕਰਕੇ ਸਿਹਤ ਬਿਲਕੁਲ ਕਮਜ਼ੋਰ ਹੋ ਗਈ। ਇੱਥੋਂ ਤੱਕ ਕਿ ਚੌਲਾਂ ਦੀ ਪਿੱਛ ਦੇ ਸਿਵਾ ਹੋਰ ਕੋਈ ਚੀਜ਼ ਅਰਥਾਤ ਰੋਟੀ ਵਗੈਰਾ ਹਜ਼ਮ ਨਹੀਂ ਹੁੰਦੀ ਸੀ ਤਾਂ ਫਿਰ ਸਿਹਤ ਤਾਂ ਡਿੱਗਣੀ ਹੀ ਸੀ। ਇਕ ਦਿਨ ਮੈਂ ਮਾਸਟਰ ਚਤਰ ਸਿੰਘ ਨੂੰ ਉਹਨਾਂ ਦੀ ਸਿਹਤ ਬਾਰੇ ਪੁੱਛਿਆ ਤਾਂ ਉਹਨਾਂ ਜਵਾਬ ਦਿੱਤਾ ਕਿ ਹੁਣ ਤਾਂ ਛੇਤੀ ਹੀ ਛੁਟਕਾਰਾ ਹੋਣ ਵਾਲਾ ਹੈ। ਇਹ ਸੁਣ ਕੇ ਮੈਨੂੰ ਬੜਾ ਦੁੱਖ ਹੋਇਆ। ਹੁਣ ਮੇਜਰ ਮਰੇ ਬਦਲ ਚੁੱਕਿਆ ਸੀ ਤੇ ਉਹਦੀ ਜਗ੍ਹਾ ਮੇਜਰ ਬਾਰਕਰ ਆ ਚੁੱਕਿਆ ਸੀ। ਅਗਲੇ ਦਿਨ ਕੈਦੀਆਂ ਦੀ ਪਰੇਡ ਸੀ। ਮੈਂ ਮੇਜਰ ਬਾਰਕਰ ਨੂੰ ਕਿਹਾ, ''ਚਤਰ ਸਿੰਘ ਦੀ ਸਿਹਤ ਬਹੁਤ ਵਿਗੜ ਚੁੱਕੀਹੈ ਤੇ ਸਜ਼ਾ ਦੀ ਵੀ ਕੋਈ ਹੱਦ ਹੁੰਦੀ ਹੈ। ਦੂਸਰਾ ਮੇਜਰ ਮਰੇ ਬਦਲ ਚੁੱਕੇ ਨੇ ਤੁਹਾਨੂੰ ਉਸ ਤੋਂ ਕੋਈ ਡਰ ਨਹੀਂ ਹੋ ਸਕਦਾ। ਮਿਹਰਬਾਨੀ ਕਰਕੇ ਤੁਸੀਂ ਚਤਰ ਸਿੰਘ ਨੂੰ ਪਿੰਜਰੇ ਤੋਂ ਹੁਣ ਬਾਹਰ ਕੱਢ ਦਿਓ।'' ਮੇਜਰ ਬਾਰਕਰ ਬਗੈਰ ਕੋਈ ਜੁਆਬ ਦਿੱਤੇ ਮੁਸਕਰਾ ਕੇ ਅੱਗੇ ਚਲਾ ਗਿਆ। ਮੈਂ ਸਮਝ ਗਿਆ ਕਿ ਇਸ ਦੀ ਕੋਈ ਨੀਅਤ ਨਹੀਂ। ਅਜੇ ਉਹ ਥੋੜ੍ਹੀ ਦੂਰ ਹੀ ਗਿਆ ਹੋਵੇਗਾ ਕਿ ਮੈਂ ਉੱਚੀ ਆਵਾਜ਼ ਨਾਲ ਕਿਹਾ, "ਮੇਜਰ ਬਾਰਕਰ ਮੇਰੀ ਹੁਣ ਤੋਂ ਭੁੱਖ ਹੜਤਾਲ ਹੈ। ਜੇ ਚਤਰ ਸਿੰਘ ਦੀ ਲਾਸ਼ ਪਿੰਜਰੇ ਵਿਚੋਂ ਨਿਕਲੇਗੀ ਤਾਂ ਮੇਰੀ ਲਾਸ਼ ਵੀ ਉਸ ਦੇ ਪਿੱਛੇ ਹੋਵੇਗੀ।'' ਇਸ ਤਰ੍ਹਾਂ ਨੋਟਿਸ ਦੇ ਕੇ ਮੈਂ ਲੋਹੇ ਦੇ ਬਰਤਨ ਜੋ ਪਰੇਡ ਵਿਚ ਕੈਦੀ ਰੱਖਦਾ ਹੈ ਉਲਟੇ ਕਰ ਦਿੱਤੇ। ਭੁੱਖ ਹੜਤਾਲ ਨੂੰ ਜਦ ਦੋ ਮਹੀਨੇ ਹੋ ਗਏ ਤਾਂ ਮੇਜਰ ਬਾਰਕਰ ਨੇ ਵੀ ਭੁੱਖ ਹੜਤਾਲ ਤੁੜਵਾਉਣ ਲਈ ਪੂਰਾ ਜ਼ੋਰ ਲਾ ਲਿਆ ਤਾਂ ਫਿਰ ਪਰੇਡ ਦੇ ਦਿਨ ਭਾਈ ਕੇਸਰ ਸਿੰਘ ਤੇ ਦੂਸਰੇ ਸਾਥੀਆਂ ਨੇ ਬਾਰਕਰ ਨੂੰ ਨੋਟਿਸ ਦਿੱਤਾ ਕਿ ਜੇ ਤੂੰ ਚਤਰ ਸਿੰਘ ਨੂੰ ਪਿੰਜਰੇ ਵਿਚੋਂ ਨਹੀਂ ਕੱਢੇਂਗਾ ਤਾਂ ਅਸੀਂ ਵੀ ਸੋਹਣ ਸਿੰਘ ਨਾਲ ਭੁੱਖ ਹੜਤਾਲ ਵਿਚ ਸ਼ਾਮਲ ਹੋ ਜਾਵਾਂਗੇ। 'ਜਮਾਤ ਕਰਾਮਾਤ' ਮੇਜਰ ਬਾਰਕਰ ਨੇ ਜਦ ਸਾਥੀਆਂ ਦੀ ਏਕਤਾ ਦੇਖੀ ਤਾਂ ਉਹ ਝੁਕ ਗਿਆ ਤੇ ਚਤਰ ਸਿੰਘ ਨੂੰ ਪਿੰਜਰੇ ਵਿਚੋਂ ਕੱਢ ਦਿੱਤਾ।

ਸਾਰਾ ਜੇਲ੍ਹ ਕਾਂਡ ਤਾਂ ਬਹੁਤ ਲੰਮਾ ਹੈ। ਉਸ ਨੂੰ ਤਾਂ ਕੋਈ ਚੰਗਾ ਲਿਖਾਰੀ ਹੀ ਪੂਰਾ ਕਰੇਗਾ। ਪਰ ਮੈਂ ਕੁਝ ਘਟਨਾਵਾਂ ਇਸ ਲਈ ਲਿਖੀਆਂ ਹਨ ਕਿ ਪੜ੍ਹਨ ਵਾਲਿਆਂ ਨੂੰ ਦੇਸ਼ ਭਗਤਾਂ ਦੇ ਉਸ ਸੰਗਰਾਮ ਦਾ ਥੋੜ੍ਹਾ ਬਹੁਤ ਪਤਾ ਲੱਗ ਸਕੇ ਕਿ ਉਹ ਗਲਤ ਸੀ ਜਾਂ ਠੀਕ। ਜਿਸ ਅੰਡੇਮਾਨ ਦੇ ਸੰਗਰਾਮ ਵਿਚ ਉਹਨਾਂ ਨੇ ਆਪਣੇ ਸੱਤ ਦੇਸ਼ ਭਗਤਾਂ ਦੀਆਂ ਆਹੂਤੀਆਂ ਦੇਣ ਤੋਂ ਇਲਾਵਾ ਸਾਲਾਂ ਬੱਧੀ ਪਿੰਜਰਿਆਂ ਵਿਚ ਬੰਦੀ, ਛੇ ਛੇ ਮਹੀਨੇ ਖੜੀ ਹੱਥਕੜੀ ਦੀਆਂ ਸਜ਼ਾਵਾਂ, ਹਮੇਸ਼ਾ ਦੀਆਂ ਪੈਰ-ਬੇੜੀਆਂ ਤੇ ਘੱਟ-ਖਾਣੇ ਦੇ ਦੰਡ, ਭੁੱਖ ਹੜਤਾਲਾਂ ਅਤੇ ਸਖਤ ਬੈਂਤਾਂ ਦੀਆਂ ਸਜ਼ਾਵਾਂ ਦੇ ਸਾਹਮਣੇ ਗ਼ਦਰ ਪਾਰਟੀ ਦੇ ਦੇਸ਼ ਭਗਤਾਂ ਤੇ ਗ਼ਦਰ ਪਾਰਟੀ ਨਾਲ ਸਬੰਧ ਰੱਖਣ ਵਾਲੇ ਬੰਗਾਲੀ ਦੇਸ਼ ਭਗਤਾਂ ਨੇ ਜ਼ੁਲਮ ਅੱਗੇ ਸਿਰ ਨਹੀਂ ਝੁਕਾਇਆ। ਅਖੀਰ ਵਿਚ ਉਹ ਅੰਡੇਮਾਨ ਨੂੰ ਤੁੜਾਉਣ ਵਿਚ ਸਫਲ ਹੋਏ ਤੇ ਹਜ਼ਾਰਾਂ ਕੈਦੀਆਂ ਦੀਆਂ ਜਾਨਾਂ ਬਚਾਈਆਂ, ਜੋ ਕਿ ਅੰਡੇਮਾਨ ਦੀ ਘਾਤਕ ਪੌਣ-ਪਾਣੀ ਤੇ ਅੱਤਿਆਚਾਰ ਦਾ ਸ਼ਿਕਾਰ ਹੋ ਜਾਂਦੇ ਸਨ।

### 14. ਹਿੰਦੁਸਤਾਨ ਨੂੰ ਰਾਜਸੀ ਕੈਦੀਆਂ ਦੀ ਵਾਪਸੀ

ਜਿੱਥੋਂ ਤੱਕ ਮੈਨੂੰ ਯਾਦ ਹੈ 1921 ਦੇ ਦਰਮਿਆਨ ਰਾਜਸੀ ਕੈਦੀਆਂ ਦੀ ਵਾਪਸੀ ਦਾ ਕੰਮ ਸ਼ੁਰੂ ਹੋ ਗਿਆ ਸੀ ਤੇ ਗਦਰ ਪਾਰਟੀ ਦੇ ਦੇਸ਼ ਭਗਤਾਂ ਨੂੰ ਪਹਿਲਾਂ ਸੂਬਾ ਮਦਰਾਸ ਦੀ ਸੈਂਟਰਲ ਜੇਲ੍ਹ ਵਿਚ ਲਿਆ ਕੇ ਕੁਝ ਦਿਨ ਪਿੱਛੋਂ ਪੰਜ ਪੰਜ ਛੇ ਛੇ ਕਰਕੇ ਮਦਰਾਸ ਦੀਆਂ ਵੱਖੋ ਵੱਖ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਸੀ। ਭਾਈ ਜਵਾਲਾ ਸਿੰਘ, ਹਰੀ ਸਿੰਘ ਕੱਕੜ, ਚੂਹੜ ਸਿੰਘ ਤੇ ਮੈਂ ਕੋਇੰਮਬਾਟੋਰ ਜੇਲ੍ਹ ਵਿਚ ਭੇਜੇ ਗਏ। ਮਦਰਾਸ ਦੀਆਂ ਜੇਲ੍ਹਾਂ ਵਿਚ ਕੈਦੀਆਂ ਨੂੰ ਖਾਣ ਲਈ ਚਾਵਲ ਤੇ ਭਾਜੀ ਮਿਲਦੀ ਸੀ। ਪਰ ਪੰਜਾਬੀਆਂ ਲਈ ਉਨ੍ਹਾਂ ਨੇ ਰੋਟੀਆਂ ਦਾ ਬੰਦੋਬਸਤ ਕਰ ਦਿੱਤਾ ਤੇ ਖੁਦ ਪਕਾਉਣ ਦੀ ਆਗਿਆ ਦੇ ਦਿੱਤੀ। ਭਾਈ ਜਵਾਲਾ ਸਿੰਘ ਲਾਂਗਰੀ ਲਗਾ ਲਏ ਗਏ। ਆਟਾ ਦਾਲ ਸੁੱਕੀ ਰਸਦ ਜੇਲ੍ਹ ਗੁਦਾਮ ਤੋਂ ਮਿਲਦੀ ਸੀ।

ਮੋਪਲਾ ਐਜੀਟੇਸ਼ਨ- ਸਾਨੂੰ ਕੋਇੰਮਬਾਟੋਰ ਜੇਲ੍ਹ ਵਿਚ ਗਿਆਂ ਅਜੇ ਕੁਝ ਦਿਨ ਹੀ ਹੋਏ ਸਨ ਕਿ ਖਲਾਫਤ ਤੇ ਕਾਂਗਰਸ ਅੰਦੋਲਨ ਦੇ ਮੋਪਲਾ ਕੈਦੀ ਸਾਡੀ ਜੇਲ੍ਹ ਵਿਚ ਲਿਆਂਦੇ ਗਏ। ਉਹਨਾਂ (ਮੋਪਲਾ ਕੈਦੀਆਂ) ਤੇ ਜੋ ਅੱਤਿਆਚਾਰ ਕੀਤਾ ਜਾਂਦਾ ਸੀ ਉਸ ਨੂੰ ਵੇਖ ਕੇ ਪੱਥਰ ਤੋਂ ਪੱਥਰ ਦਿਲ ਵੀ ਹਿੱਲ ਜਾਂਦਾ ਸੀ। ਕਲਕੱਤੇ ਦਾ ਬਲੈਕ ਹੋਲ ਤਾਂ ਅੰਗਰੇਜ਼ਾਂ ਨੇ ਹਿੰਦੀਆਂ ਵਿਰੁੱਧ ਪ੍ਰਾਪੇਗੰਡੇ ਲਈ ਵਰਤਿਆ ਤੇ ਉਸਦਾ ਢੰਡੋਰਾ ਸਾਰੀ ਦੁਨੀਆਂ ਵਿਚ ਪਿੱਟਿਆ, ਉਹ ਤਾਂ ਕਿਸੇ ਦੇਖਿਆ ਨਹੀਂ ਪਰ ਜੋ ਬਲੈਕ ਹੋਲ ਅੰਗਰੇਜ਼ਾਂ ਨੇ ਮੋਪਲਾ ਅੰਦੋਲਨ ਵੇਲੇ ਬਣਾਇਆ, ਉਸ ਨੂੰ ਅਸੀਂ ਆਪਣੀ ਅੱਖੀਂ ਵੇਖਿਆ ਹੈ। ਪਤਨੂਰ ਦੇ ਸਟੇਸ਼ਨ ਤੋਂ 120 ਮੋਪਲੇ ਕੋਇੰਮਬਾਟੋਰ ਜੇਲ੍ਹ ਲਿਆਉਣ ਲਈ ਇਕ ਮਾਲ ਗੱਡੀ ਦੇ ਡੱਬੇ ਵਿਚ ਬੰਦ ਕਰ ਕੇ ਸਭ ਦਰਵਾਜ਼ੇ ਬੰਦ ਕਰ ਦਿੱਤੇ ਤੇ ਹਵਾ ਲਈ ਕੋਈ ਰਸਤਾ ਨਾ ਰਹਿਣ ਦਿੱਤਾ। ਜਦ ਕੋਇੰਮਬਾਟੋਰ ਸਟੇਸ਼ਨ ਤੇ ਪੁਲਿਸ ਨੇ ਡੱਬਾ ਖੋਲ੍ਹਿਆ ਤਾਂ ਲੱਗਭੱਗ ਸਭ ਕੈਦੀ ਦਮ ਘੁੱਟਣ ਕਰਕੇ ਲਾਸ਼ਾਂ ਦਾ ਢੇਰ ਬਣ ਚੁੱਕੇ ਸਨ। ਸਿਰਫ 17 ਕੈਦੀ ਬੇਹੋਸ਼ੀ ਦੀ ਹਾਲਤ ਵਿਚ ਬਚੇ ਪਏ ਸਨ। ਜਦ ਉਹਨਾਂ ਨੂੰ ਕੁਇੰਮਬਾਟੋਰ ਜੇਲ੍ਹ ਵਿਚ ਲਿਆਂਦਾ ਗਿਆ ਤਾਂ ਉਹਨਾਂ ਵਿਚੋਂ ਦੋ ਹੋਰ ਮਰ ਗਏ। 15 ਹੀ ਬਚੇ ਤੇ 105 ਦਾ ਖਾਤਮਾ ਹੋ ਗਿਆ।

ਕੋਈ ਦਿਨ ਅਜਿਹਾ ਨਾ ਲੰਘਦਾ ਜਿਸ ਦਿਨ ਪੰਜ ਛੇ ਮੋਪਲੇ ਇਨਕਲਾਬੀ ਫਾਂਸੀ ਨਾ ਲਾਏ ਜਾਂਦੇ। ਪਰ ਇਹ ਬਹਾਦਰ ਮੋਪਲੇ 'ਅਲੀ ਅਲੀ' ਦੇ ਨਾਅਰੇ ਲਾਉਂਦੇ ਬੜੀ ਦਲੇਰੀ ਨਾਲ ਫਾਂਸੀ ਚੜ੍ਹ ਜਾਂਦੇ। ਫਾਂਸੀ ਵਾਲਿਆਂ ਦੇ ਇਲਾਵਾ ਜੋ ਕੈਦੀ ਬਣ ਕੇ ਆਉਂਦੇ ਉਨ੍ਹਾਂ ਵਿਚ ਦਸ ਦਸ ਬਾਰਾਂ ਬਾਰਾਂ ਸਾਲ ਦੇ ਬੱਚੇ ਵੀ ਹੁੰਦੇ, ਪਰ ਜੇਲ੍ਹ ਵਾਲੇ ਉਹਨਾਂ ਤੇ ਇਤਨਾ ਬੇਰਹਿਮੀ ਵਾਲਾ ਅੱਤਿਆਚਾਰ ਕਰਦੇ ਕਿ ਜੋ ਕਹਿਣ ਤੋਂ ਬਾਹਰ ਹੈ। ਕਈ ਕਈ ਆਦਮੀਆਂ ਤੇ ਬੱਚਿਆਂ ਨੂੰ ਇਕ ਹੀ ਕੋਠੜੀ ਵਿਚ ਬੰਦ ਕਰ ਦਿੰਦੇ ਤੇ ਚਾਵਲਾਂ ਦੀ ਬਜਾਏ ਚਾਵਲਾਂ ਦਾ ਪਾਣੀ ਖੁਰਾਕ ਦੇ ਤੌਰ 'ਤੇ ਦਿੰਦੇ। ਬੱਚੇ ਭੁੱਖ ਨਾਲ ਕਰਲਾਂਦੇ ਪਰ ਜੇਲ੍ਹ ਅਫਸਰਾਂ ਨੂੰ ਕੋਈ ਤਰਸ ਨਾ ਆਉਂਦਾ। ਬੱਚਿਆਂ ਦੀ ਇਹ ਹਾਲਤ ਵੇਖ ਕੇ ਭਾਈ ਜਵਾਲਾ ਸਿੰਘ ਦਾ ਨਰਮ ਦਿਲ ਤੇ ਦੂਜੇ ਸਾਥੀਆਂ ਦਾ ਹਿਰਦਾ ਬਰਦਾਸ਼ਤ ਨਾ ਕਰ ਸਕਿਆ। ਆਪੋ ਵਿਚ ਸਲਾਹ ਕਰਕੇ ਫੈਸਲਾ ਹੋਇਆ ਕਿ ਜਿਵੇਂ ਕਿਵੇਂ ਵੀ ਹੋ ਸਕੇ ਆਪਣੇ ਰਾਸ਼ਨ ਤੋਂ ਬਚਾ ਕੇ ਬੱਚਿਆਂ ਨੂੰ ਰੋਟੀਆਂ ਪਹੁੰਚਾਈਆਂ ਜਾਣ। ਰਸਦ ਪਾਣੀ ਸਾਨੂੰ ਖੁੱਲ੍ਹਾ ਮਿਲਦਾ ਸੀ। ਭਾਈ ਜਵਾਲਾ ਸਿੰਘ ਨੇ ਰੋਟੀਆਂ ਪਹੁੰਚਾਉਣ ਦਾ ਕੰਮ ਆਪਣੇ ਸਿਰ ਤੇ ਲਿਆ। 5-6 ਦਿਨ ਤਾਂ ਜੇਲ੍ਹ ਵਾਲਿਆਂ ਨੂੰ ਪਤਾ ਨਾ ਲੱਗਾ ਅਖੀਰ ਉਹਨਾਂ ਨੂੰ ਪਤਾ ਲੱਗ ਹੀ ਗਿਆ ਤੇ ਭਾਈ ਜਵਾਲਾ ਸਿੰਘ ਨੂੰ ਸੁਪਰਡੈਂਟ ਜੇਲ੍ਹ ਨੇ ਬੈਂਤਾਂ ਦੀ ਸਜ਼ਾ ਦਿੱਤੀ। ਅਸਾਂ ਤਿੰਨਾਂ ਨੇ ਰੋਸ ਵਜੋਂ ਕੰਮ ਦੀ ਹੜਤਾਲ ਕਰ ਦਿੱਤੀ। ਜੇਲ੍ਹ ਵਾਲਿਆਂ ਨੇ ਸਾਨੂੰ ਕੋਠੜੀਆਂ ਵਿਚ ਬੰਦ ਕਰ ਦਿੱਤਾ। ਗੱਲ ਵਧਦੀ ਵੇਖ ਕੇ ਸੂਬਾ ਮਦਰਾਸ ਦੇ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਨੇ ਹਰੀ ਸਿੰਘ ਕੱਕੜ ਤੇ ਮੈਨੂੰ ਤਾਂ ਯਰਵਦਾ ਜੇਲ੍ਹ ਵਿਚ ਭੇਜ ਦਿੱਤਾ ਤੇ ਭਾਈ ਜਵਾਲਾ ਸਿੰਘ ਤੇ ਚੂਹੜ ਸਿੰਘ ਨੂੰ ਕਿਸੇ ਹੋਰ ਜੇਲ੍ਹ ਵਿਚ।

ਅੰਡੇਮਾਨ ਤੋਂ ਵਾਪਸੀ ਤੇ ਸੂਬਾ ਮਦਰਾਸ ਵਾਲਿਆਂ ਨੇ ਪੂਰੇ ਕੱਪੜੇ ਦਿੱਤੇ ਸਨ, ਪਰ ਜਦੋਂ ਅਸੀਂ ਯਰਵਾਦਾ (ਪੂਨੇ) ਵਿਚ ਆਏ ਤਾਂ ਉਨ੍ਹਾ ਨੇ ਦੂਸਰੇ ਕੈਦੀ ਕੱਪੜਿਆਂ ਦੇ ਨਾਲ ਪੱਗੜੀ ਦੀ ਬਜਾਏ ਟੋਪੀ ਲਿਆ ਰੱਖੀ ਤੇ ਕੱਛੇ ਉਤਾਰ ਦੇਣ ਲਈ ਕਿਹਾ। ਇਸ ਤੇ ਅਸੀਂ ਜੇਲ੍ਹ ਸੁਪਰਡੈਂਟ ਨੂੰ ਸਾਫ ਕਹਿ ਦਿੱਤਾ ਕਿ ਸਾਡੀ ਪਗੜੀ ਤੇ ਕੱਛਾ ਪੰਜਾਬ ਸਰਕਾਰ ਦੀ ਮਨਜ਼ੂਰਸ਼ੁਦਾ ਹੈ, ਅਸੀਂ ਇਹ ਨਹੀਂ ਉਤਾਰਾਂਗੇ, ਜੇ ਜ਼ਬਰਦਸਤੀ ਉਤਾਰੋਗੇ ਤਾਂ ਅਸੀਂ ਭੁੱਖ ਹੜਤਾਲ ਕਰ ਦਿਆਂਗੇ। ਇਸ ਤੇ ਜੇਲ੍ਹ ਸੁਪਰਡੈਂਟ ਨੇ ਕਿਹਾ, ਮੈਂ ਆਈ. ਜੀ. ਤੋਂ ਪੁੱਛਦਾ ਹਾਂ ਜਿਵੇਂ ਉਹ ਹੁਕਮ ਦੇਵੇਗਾ ਮੈਂ ਉਸੇ ਤਰ੍ਹਾਂ ਹੀ ਕਰਾਂਗਾ। ਆਈ ਜੀ. ਨੇ ਜਵਾਬ ਦਿੱਤਾ ਕਿ ਜੇ ਇਹ ਨਹੀਂ ਮੰਨਦੇ ਤਾਂ ਜ਼ਬਰਦਸਤੀ ਉਤਾਰ ਲਵੋ। ਉਹਨੇ ਗੋਰੇ ਸਿਪਾਹੀ ਲਿਆ ਕੇ ਅਤੇ ਸਾਨੂੰ ਫੜ ਕੇ ਕੱਛੇ ਪਗੜੀ ਤੇ ਹੋਰ ਕੱਪੜੇ ਉਤਾਰ ਲਏ। ਅਸੀਂ ਦੋਹਾਂ ਨੇ ਕੰਬਲ ਸਰੀਰ ਤੇ ਲਪੇਟ ਕੇ ਭੁੱਖ ਹੜਤਾਲ ਕਰ ਦਿੱਤੀ। ਸਾਡੇ ਪਿੱਛੋਂ ਭਾਈ ਅਰੂੜ ਸਿੰਘ, ਭਾਈ ਕੇਸਰ ਸਿੰਘ, ਪਰਮਾਨੰਦ (ਝਾਂਸੀ), ਹਿਰਦੇ ਰਾਮ (ਮੰਡੀ) ਵਗੈਰਾ 13 ਸਾਥੀ ਹੋਰ ਆ ਗਏ। ਉਨ੍ਹਾਂ ਨਾਲ ਵੀ ਜੇਲ੍ਹ ਵਾਲਿਆਂ ਨੇ ਉਹੀ ਸਲੂਕ ਕੀਤਾ ਤੇ ਸਭ ਨੇ ਭੁੱਖ ਹੜਤਾਲ ਕਰ ਦਿੱਤੀ। ਪਰਮਾਨੰਦ ਝਾਂਸੀ ਤੇ ਹਿਰਦੇ ਰਾਮ (ਮੰਡੀ) ਨੂੰ ਦੂਸਰੇ ਸਾਥੀਆਂ ਨੇ ਬਥੇਰਾ ਕਿਹਾ ਕਿ ਇਹ ਪਗੜੀ ਕੱਛੇ ਦੀ ਮੰਗ ਹੈ। ਤੁਸੀਂ ਭੁੱਖ ਹੜਤਾਲ ਨਾ ਕਰੋ ਪ੍ਰੰਤੂ ਉਹ ਨਾ ਮੰਨੇ। ਗ਼ਦਰ ਪਾਰਟੀ ਦੇ ਮੈਂਬਰਾਂ ਦੇ ਅਸੂਲੀ ਪਿਆਰ ਦਾ ਸਬੂਤ ਇਨ੍ਹਾਂ ਦੀ ਭੁੱਖ ਹੜਤਾਲ ਤੋਂ ਮਿਲ ਜਾਂਦਾ ਹੈ। ਉਹ ਧਾਰਮਿਕ ਸਵਾਲ ਨੂੰ ਵੀ ਏਕਤਾ ਦੇ ਪੱਖ ਤੋਂ ਵੇਖਦੇ ਸਨ ਫਿਰਕਾਪ੍ਰਸਤੀ ਦੀ ਨਿਗਾਹ ਨਾਲ ਨਹੀਂ।

ਅਸਲੀ ਧਰਮ ਚਿੰਨਾਂ ਵਿਚ ਨਹੀਂ ਹੁੰਦਾ। ਮੇਰੀ ਜਾਚੇ ਅਸਲੀ ਸਿੱਖ ਸੱਚਾ ਮਾਨਵਵਾਦੀ ਤੇ ਇਨਕਲਾਬੀ ਹੁੰਦਾ ਹੈ। ਉਹ ਬੁਰਾਈ ਦੇ ਖਿਲਾਫ ਸਦਾ ਘੁਲਦਾ ਰਹਿੰਦਾ ਹੈ। ਆਤਮਿਕ ਤੇ ਧਾਰਮਿਕ ਅਵਸਥਾ ਨੂੰ ਸਮਝ ਕੇ ਤੇ ਬਾਣੀ ਦਾ ਅਭਿਆਸ ਕਰ ਕੇ ਮੈਂ ਜਾਣਿਆ ਹੈ ਕਿ ਸਿੱਖੀ ਫਿਰਕਾਪ੍ਰਸਤੀ ਦਾ ਨਹੀਂ ਮਾਨਵ ਏਕਤਾ ਦਾ ਮਾਰਗ ਹੈ।

ਉਨੀਂ ਦਿਨੀਂ ਕਾਂਗਰਸ ਅੰਦੋਲਨ ਚੱਲ ਰਿਹਾ ਸੀ। ਮਹਾਤਮਾ ਗਾਂਧੀ, ਜੈ ਰਾਮ ਦਾਸ ਸਿੰਧੀ, ਲੋਕ ਰਾਮ ਸਿੰਧੀ, ਪ੍ਰੋਫੈਸਰ ਬੰਸਾਲੀ ਲਾਲ ਵਗੈਰਾ ਦੇਸ਼ ਭਗਤ ਯਰਵਾਦਾ ਜੇਲ੍ਹ ਵਿਚ ਹੀ ਸਨ। ਸਾਡਾ ਤੇ ਇਨ੍ਹਾਂ ਦਾ ਨੰਬਰ ਨੇੜੇ ਤੇੜੇ ਹੀ ਸੀ। ਵਿਚਾਲੇ ਸਿਰਫ ਮਾਮੂਲੀ ਜਿਹੀ ਕੰਧ ਹੀ ਸੀ।

ਸਾਨੂੰ ਜਾਲੀ ਵਾਲੀਆਂ ਕੋਠੜੀਆਂ ਵਿਚ ਇਕ ਇਕ ਨੂੰ ਵੱਖਰੇ ਬੰਦ ਕਰ ਦਿੱਤਾ ਤੇ ਸਖਤ ਪਹਿਰਾ ਲਾ ਦਿੱਤਾ। ਕਾਂਗਰਸੀ ਦੇਸ਼ ਭਗਤ ਸੁਨੇਹੇ ਭੇਜ ਕੇ ਸਾਡੀ ਹਮਦਰਦੀ ਵੀ ਕਰਦੇ ਤੇ ਹੱਲਾਸ਼ੇਰੀ ਵੀ ਦਿੰਦੇ। ਪਰ ਗਾਂਧੀ ਜੀ ਨੇ ਸਾਡੀ ਹਮਦਰਦੀ ਵਿਚ ਇਕ ਸ਼ਬਦ ਵੀ ਨਹੀਂ ਕਿਹਾ। ਇਕ ਮਹੀਨੇ ਤੱਕ ਤਾਂ ਜੇਲ੍ਹ ਅਧਿਕਾਰੀਆਂ ਨੇ ਨੱਕ ਰਾਹੀਂ ਜ਼ਬਰਦਸਤੀ ਦੁੱਧ



ਵਗੈਰਾ ਦੇਣ ਦਾ ਕੋਈ ਖਿਆਲ ਨਾ ਕੀਤਾ। ਸਿਰਫ ਪਾਣੀ ਦੀ ਮਟਕੀ ਅੱਠੀਂ ਪਹਿਰੀਂ ਭਰ ਕੇ ਤਾਜ਼ੀ ਰੱਖ ਜਾਂਦੇ। ਅਜੇ ਭੁੱਖ ਹੜਤਾਲ ਚੱਲ ਹੀ ਰਹੀ ਸੀ ਕਿ ਇਕ ਪੰਜਾਬੀ ਸਿੱਖ ਸਿਪਾਹੀ, ਜੋ ਕਿਸੇ ਜੁਰਮ ਵਿਚ ਤਿੰਨ ਮਹੀਨੇ ਕੈਦ ਹੋ ਕੇ ਆਇਆ ਸੀ, ਰਿਹਾ ਹੋਇਆ। ਉਸ ਨੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੂੰ ਸਾਡੇ ਬਾਰੇ ਆ ਕੇ ਇਤਲਾਹ ਦਿੱਤੀ। ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਪੰਜਾਬ ਗਵਰਨਰ ਨੂੰ ਲਿਖਿਆ ਤੇ ਉਸ ਨੇ ਬੰਬਈ ਸਰਕਾਰ ਨੂੰ ਲਿਖਿਆ ਕਿ ਸਿੱਖ ਕੈਦੀਆਂ ਲਈ ਕੱਛੇ ਤੇ ਪਗੜੀ ਤੇ ਦੂਜੇ ਕੈਦੀਆਂ ਲਈ ਪੂਰੇ ਕੱਪੜੇ ਮਨਜ਼ੂਰ ਕੀਤੇ ਹੋਏ ਹਨ। ਇਸ ਲਈ ਇਨ੍ਹਾਂ ਨੂੰ ਪੂਰੇ ਕੱਪੜੇ ਪਗੜੀ ਕੱਛੇ ਸਮੇਤ ਦਿੱਤੇ ਜਾਣੇ ਜ਼ਰੂਰੀ ਹਨ। ਇਸ ਤਰ੍ਹਾਂ ਇਕ ਮਹੀਨੇ ਪਿੱਛੋਂ ਭੁੱਖ ਹੜਤਾਲ ਖਤਮ ਹੋਈ। ਇਹ ਮੇਰੀ ਤੀਜੀ ਭੁੱਖ ਹੜਤਾਲ ਸੀ।

**ਮੂਲਸੀ ਪੇਟਾ ਅੰਦੋਲਨ:-** ਇਹਨੀਂ ਦਿਨੀਂ ਮਹਾਰਾਸ਼ਟਰ ਵਿਚ ਬਾਪਟ ਦੀ ਅਗਵਾਈ ਹੇਠਾਂ ਇਕ 'ਮੂਲਸੀ ਪੇਟਾ' ਨਾਮ ਦਾ ਅੰਦੋਲਨ ਚੱਲ ਰਿਹਾ ਸੀ ਜਿਸ ਵਿਚ ਬਹੁਤੇ ਵਿਦਿਆਰਥੀ ਹੀ ਹਿੱਸਾ ਲੈ ਰਹੇ ਸਨ। ਕੋਈ ਦਸ ਬਾਰਾਂ ਵਿਦਿਆਰਥੀ ਯਰਵਾਦਾ ਜੇਲ੍ਹ ਵਿਚ ਕੈਦ ਹੋ ਕੇ ਆਏ। ਜੇਲ੍ਹ ਵਾਲਿਆਂ ਨੇ ਬਦਲੇ ਦੀ ਭਾਵਨਾ ਨਾਲ ਉਹਨਾਂ ਨੂੰ ਚੱਕੀ ਦੀ ਮੁਸ਼ੱਕਤ ਦੇ ਦਿੱਤੀ। ਸਖਤ ਮੁਸ਼ੱਕਤ ਹੋਣ ਕਰਕੇ ਬੱਚੇ ਮੁਸ਼ੱਕਤ ਪੂਰੀ ਨਾ ਕਰ ਸਕੇ। ਜੇਲ੍ਹ ਅਧਿਕਾਰੀਆਂ ਨੇ ਬੱਚਿਆਂ ਨੂੰ ਬੈਂਤਾਂ ਦੀ ਸਜ਼ਾ ਦੇ ਦਿੱਤੀ। ਇਸ ਤੇ ਬੱਚਿਆਂ ਨੇ ਦੁਬਾਰਾ ਚੱਕੀ ਪੀਹਣ ਤੋਂ ਇਨਕਾਰ ਕਰ ਦਿੱਤਾ। ਸੁਪਰਡੈਂਟ ਨੇ ਗਾਂਧੀ ਜੀ ਨੂੰ ਫੁਰਮਾਇਸ਼ ਪਾਈ ਕਿ ਬੱਚਿਆਂ ਨੂੰ ਸਮਝਾਉਣ। ਗਾਂਧੀ ਜੀ ਨੇ ਬੱਚਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਕ ਸਤਿਆਗ੍ਰਹੀ ਲਈ ਜੇਲ੍ਹ ਵਾਲਿਆਂ ਦਾ ਹੁਕਮ ਮੰਨਣਾ ਜ਼ਰੂਰੀ ਹੈ। ਬੱਚਿਆਂ ਨੇ ਜਵਾਬ ਦਿੱਤਾ, ''ਅਸੀਂ ਹੁਕਮ ਤਾਂ ਮੰਨਦੇ ਹਾਂ ਪਰ ਜੋ ਮੁਸ਼ੱਕਤ ਸਾਡੇ ਤੋਂ ਨਹੀਂ ਹੋ ਸਕਦੀ ਉਹਦੇ ਲਈ ਕੀ ਕਰੀਏ?'' ਆਖਿਰ ਬੱਚਿਆਂ ਨੇ ਚੱਕੀ ਪੀਹਣ ਤੋਂ ਸਾਫ ਇਨਕਾਰ ਕਰ ਦਿੱਤਾ, ਤਦ ਮਜ਼ਬੂਰ ਹੋ ਕੇ ਜੇਲ੍ਹ ਵਾਲਿਆਂ ਨੇ ਮੁਸ਼ੱਕਤ ਬਦਲੀ।

ਸਾਡੇ ਹੁੰਦਿਆਂ ਹੀ ਵਿਨਾਇਕ ਸਾਵਰਕਰ ਜੋ ਅੰਡੇਮਾਨ ਵਿਚ ਸਾਡੇ ਨਾਲ ਸਨ, ਯਰਵਾਦਾ ਜੇਲ੍ਹ ਵਿਚ ਰਿਹਾਈ ਲਈ ਲਿਆਂਦੇ ਗਏ। ਇਹਨਾਂ ਦੀ ਸਿਹਤ ਬਹੁਤ ਕਮਜ਼ੋਰ ਹੋ ਚੁੱਕੀ ਸੀ ਤੇ ਕੁਝ ਸ਼ਰਤਾਂ ਤੇ ਰਿਹਾਅ ਕੀਤੇ ਗਏ। ਸਾਡੇ ਕੁਝ ਸਾਥੀ ਤਾਂ ਯਰਵਾਦਾ ਤੋਂ ਪੰਜਾਬ ਭੇਜੇ ਗਏ ਤੇ ਕੁਝ ਹੋਰ ਜੇਲ੍ਹਾਂ ਵਿਚ ਤਬਦੀਲ ਕੀਤੇ ਗਏ। ਅਖੀਰ ਮੈਂ ਤੇ ਭਾਈ ਕੇਸਰ ਸਿੰਘ ਠੱਠਗੜ੍ਹ ਪਿੱਛੇ ਰਹਿ ਗਏ। ਮੇਜਰ ਮਰੇ ਜੋ ਅੰਡੇਮਾਨ ਸੈਲੂਅਲਰ ਜੇਲ੍ਹ ਵਿਚ ਸਾਡੇ ਵੇਲੇ ਸੁਪਰਡੈਂਟ ਸੀ, ਸੂਬਾ ਬੰਬਈ ਦੇ ਜੇਲ੍ਹਾਂ ਦਾ ਆਈ. ਜੀ. ਬਣ ਕੇ ਆਇਆ। ਜਦ ਉਹ ਯਰਵਾਦਾ ਜੇਲ੍ਹ ਦਾ ਮੁਆਇਨਾ ਕਰਨ ਆਇਆ ਤਾਂ ਸਾਨੂੰ ਵੇਖ ਕੇ ਇਸ ਤਰ੍ਹਾਂ ਲੱਗਾ ਕਿ ਉਹ ਕੁਝ ਸ਼ਰਮਿੰਦਗੀ ਅਨੁਭਵ ਕਰ ਰਿਹਾ ਸੀ। ਉਸਨੇ ਬੜੀ ਨਰਮੀ ਨਾਲ ਗੱਲਬਾਤ ਕੀਤੀ ਪਰ ਅਸਾਂ ਉਸ ਕੋਲੋਂ ਕੋਈ ਮੰਗ ਨਾ ਕੀਤੀ। ਅਗਲੇ ਸਾਲ ਜਦ ਉਹ ਫਿਰ ਦੌਰੇ ਤੇ ਆਇਆ ਤਾਂ ਭਾਈ ਕੇਸਰ ਸਿੰਘ ਚਮੜੀ ਦੀ ਬਿਮਾਰੀ ਕਰਕੇ ਹਸਪਤਾਲ ਪਏ ਸਨ, ਉਹਨੇ ਡਾਕਟਰੀ ਮੁਆਇਨਾ ਕੀਤਾ ਤੇ ਕਿਹਾ ''ਮੈਂ ਤੁਹਾਨੂੰ ਦੋਹਾਂ ਨੂੰ ਪੰਜਾਬ ਭੇਜ ਦੇਵਾਂਗਾ ਤੇ ਪੌਣ ਪਾਣੀ ਦੀ ਤਬਦੀਲੀ ਨਾਲ ਬਿਮਾਰੀ ਠੀਕ ਹੋ ਜਾਵੇਗੀ।'' 1928 ਦੇ ਸਿਆਲ ਵਿਚ ਦੋਹਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਭੇਜ ਦਿੱਤਾ ਗਿਆ। ਉਥੇ ਆ ਕੇ ਅਸਾਂ ਆਪਣੇ ਸਾਥੀਆਂ ਦੀ ਸ਼ਹੀਦੀ ਦੀ ਜਗ੍ਹਾ (ਫਾਂਸੀ ਦੀ ਜਗ੍ਹਾ) ਤੇ ਸ਼ਰਧਾ ਦੇ ਫੁੱਲ ਚੜ੍ਹਾਏ।

## ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਵੱਲੋਂ ਸ਼ੁਭ ਇਛਾਵਾਂ

**ਮੁੱਖ ਸੰਪਾਦਕ 'ਦੇਸ਼ ਦੁਆਬਾ' (ਅਮਰੀਕਾ)**
**ਸ਼ੁੱਭ ਇੱਛਾਵਾਂ**
**ਪਿਆਰੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ,**

ਅਸੀਂ ਆਪ ਜੀ ਨਾਲ ਇਹ ਗੱਲ ਸਾਂਝੀ ਕਰਦਿਆਂ ਖ਼ੁਸ਼ੀ ਮਹਿਸੂਸ ਕਰਦੇ ਹਾਂ ਕਿ ਪ੍ਰਦੇਸ ਵਿਚ ਰਹਿੰਦਿਆਂ ਮਾਂ-ਬੋਲੀ ਪੰਜਾਬੀ ਅਤੇ ਭਾਰਤੀ ਸਭਿਆਚਾਰ ਲਈ ਕੁਝ ਕਰ ਗੁਜ਼ਰਨ ਦਾ ਜਜ਼ਬਾ ਹਰ ਇਕ ਦੇ ਹਿੱਸੇ ਨਹੀਂ ਆਉਂਦਾ। ਆਪ ਜੀ ਵੱਲੋਂ "ਅੰਬੇਦਕਰ ਟਾਈਮਜ਼" ਤੋਂ ਬਾਅਦ ਹਫਤਾਵਾਰ "ਦੇਸ਼ ਦੁਆਬਾ" ਅਖ਼ਬਾਰ ਕੱਢਣਾ ਆਪ ਜੀ ਦੇ ਹਿੱਸੇ ਹੀ ਆਇਆ ਹੈ। ਇਸ ਰਾਹੀਂ ਜਿੱਥੇ ਪਰਵਾਸੀ ਪੰਜਾਬੀ ਲੋਕਾਂ ਦੇ ਮਸਲਿਆਂ ਨੂੰ ਜ਼ੁਬਾਨ ਮਿਲਦੀ ਹੈ, ਉਥੇ ਉਹਨਾਂ ਦੀਆਂ ਗਤੀਵਿਧੀਆਂ ਭਾਰਤੀ ਪੰਜਾਬ ਵਿਚ ਪਹੁੰਚਦੀਆਂ ਹਨ ਅਤੇ ਉਥੋਂ ਦੀਆਂ ਗਤੀਵਿਧੀਆਂ ਪਰਵਾਸੀਆਂ ਨਾਲ ਸਾਂਝ ਪਾਉਂਦੀਆਂ ਹਨ। ਦੇਸ਼ ਦੁਆਬਾ ਨੇ ਤਿੰਨ ਸਾਲਾਂ ਦੇ ਸੀਮਤ ਸਮੇਂ ਵਿਚ ਆਪਣੇ ਪਾਠਕਾਂ ਨਾਲ ਨੇੜੇ ਦਾ ਨਾਤਾ ਜੋੜਨ ਲਈ ਬੜੀਆਂ ਲੰਮੀਆਂ ਪੁਲਾਂਘਾਂ ਪੁੱਟੀਆਂ ਹਨ। ਵਿਸ਼ੇਸ਼ ਤੌਰ ਤੇ ਗਦਰ ਲਹਿਰ ਅਤੇ ਗਦਰੀ ਬਾਬਿਆਂ ਵੱਲੋਂ ਆਜ਼ਾਦੀ ਤੇ ਬਰਾਬਰੀ ਦੇ ਜਿਸ ਉਦੇਸ਼ ਨੂੰ ਲੈ ਕੇ ਕੁਰਬਾਨੀਆਂ ਦਿੱਤੀਆਂ ਸਨ, ਉਹਨਾਂ ਦੀਆਂ ਕੁਰਬਾਨੀਆਂ ਦਾ ਵਿਸ਼ੇਸ਼ ਤੌਰ ਤੇ ਇਸ ਪਰਚੇ ਵਿਚ ਜ਼ਿਕਰ ਕਰਕੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਆਮ ਜਨਤਾ ਤੱਕ ਪਹੁੰਚਾਉਣ ਦਾ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ। ਅਜਿਹੇ ਸੰਦਰਭ ਵਿਚ ਹੀ ਗਦਰੀ ਬਾਬਿਆਂ ਅਤੇ ਗਦਰੀ ਬਾਬਾ ਮੰਗੂ ਰਾਮ ਬਾਰੇ ਵਿਸ਼ੇਸ਼ ਤੌਰ 'ਤੇ ਦੇਸ਼ ਦੁਆਬਾ ਵੱਲੋਂ ਕਰਵਾਈ ਜਾ ਰਹੀ ਖੋਜ ਬੜੀ ਮੁੱਲਵਾਨ ਸਾਬਤ ਹੋਵੇਗੀ।

ਦੇਸ਼ ਦੁਆਬਾ ਰਾਹੀਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਕੀਤੇ ਜਾਂਦੇ ਉਪਰਾਲਿਆਂ ਨੂੰ ਦੁਨੀਆਂ ਭਰ ਵਿਚ ਪਹੁੰਚਾਇਆ ਜਾਂਦਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇਸ਼ ਦੁਆਬਾ ਦੇ ਤਿੰਨ ਸਾਲ ਪੂਰੇ ਹੋਣ ਉਪਰੰਤ ਚੌਥੇ ਵਰ੍ਹੇ 'ਚ ਪ੍ਰਵੇਸ਼ ਕਰਨ ਲਈ ਦਿਲੀ ਵਧਾਈ ਦਿੰਦੀ ਹੈ ਅਤੇ ਕਾਮਨਾ ਕਰਦੀ ਹੈ ਕਿ ਇਹ ਅਖ਼ਬਾਰ ਦਿਨ ਦੂਣੀ ਤੇ ਰਾਤ ਚੌਗਣੀ ਤਰੱਕੀ ਕਰੇ ਅਤੇ ਗ਼ਦਰੀ ਬਾਬਿਆਂ ਦੇ ਉਦੇਸ਼ ਨੂੰ ਸਾਰੀ ਦੁਨੀਆਂ ਵਿਚ ਪ੍ਰਚਾਰਦਾ ਤੇ ਪ੍ਰਸਾਰਦਾ ਰਹੇ।

**– ਡਾ. ਰਘਬੀਰ ਕੌਰ**
**ਜਨਰਲ ਸਕੱਤਰ**
**ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ**






# ਹੁਣ ਕਿਉਂ ਆਵਾਂ ਮੁੱਛਾਂ ਸੜਿਆ



ਡਾ. ਕਰਮਜੀਤ ਸਿੰਘ
91-98763-23862

ਲੋਕ-ਗੀਤ ਭਾਵਨਾਵਾਂ ਦਾ ਸਮੂਹਿਕ ਕਥਾਰਸਿਸ ਕਰਦੇ ਹਨ। ਇਹੀ ਇਨ੍ਹਾਂ ਦੀ ਸਮਾਜਿਕ ਤੇ ਸਭਿਆਚਾਰਕ ਲੋੜ ਹੈ। ਲੋਕ-ਗੀਤਾਂ ਦੀ ਪੱਧਰ ਕਿਹੋ ਜਿਹੀ ਵੀ ਹੋਵੇ ਉਹ ਇਸ ਮੁੱਢਲੀ ਲੋੜ ਨੂੰ ਜ਼ਰੂਰ ਪੂਰਾ ਕਰਦੇ ਹਨ। ਕਈ ਵਾਰ ਇਹ ਕਹਿ ਦਿੱਤਾ ਜਾਂਦਾ ਹੈ ਕਿ ਭਾਵਨਾਵਾਂ ਹਮੇਸ਼ਾ ਸੱਚੀਆਂ ਸੁੱਚੀਆਂ ਹੁੰਦੀਆਂ ਹਨ। ਪਰ ਇਹ ਹਮੇਸ਼ਾ ਸੱਚ ਨਹੀਂ ਹੁੰਦਾ। ਭਾਵਨਾਵਾਂ ਝੂਠੀ ਚੇਤਨਾ ਨਾਲ ਵੀ ਜੁੜੀਆਂ ਹੋ ਸਕਦੀਆਂ ਹਨ। ਸਮਾਜ-ਸਭਿਆਚਾਰ ਵਿਚ ਜੋ ਚੀਜ਼ ਸਦੀਆਂ ਤੋਂ ਪ੍ਰਚੱਲਿਤ ਹੋਵੇ ਉਸ ਨਾਲ ਉਸ ਤਰ੍ਹਾਂ ਦੀਆਂ ਭਾਵਨਾਵਾਂ ਜੁੜ ਜਾਂਦੀਆਂ ਹਨ। 'ਮੁੰਡਾ ਪੈਦਾ ਹੋਣ ਨਾਲ ਹੀ ਆਦਮੀ ਦੀ ਜੜ੍ਹ ਹਰੀ ਰਹਿੰਦੀ ਹੈ' ਦਾ ਵਿਚਾਰ ਤਰਕ ਉੱਪਰ ਆਧਾਰਿਤ ਤਾਂ ਹੈ ਨਹੀਂ ਸਗੋਂ ਮਰਦ ਪ੍ਰਧਾਨ ਸਮਾਜ ਦੀ ਉਪਜ ਹੈ। ਮੁੰਡਾ ਪੈਦਾ ਹੋਣ ਲੀ 'ਪਰਾਈ' ਧੀ ਨੂੰ ਨੂੰਹ ਵਜੋਂ ਸਵੀਕਾਰਨਾ ਪੈਂਦਾ ਹੈ। ਇਹੀ ਗੱਲ ਲੜਕੀ ਬਾਰੇ ਵੀ ਸੱਚ ਹੈ। ਲੜਕੀ ਬਾਹਰੀ ਮਰਦ (ਜਵਾਈ) ਨਾਲ ਪ੍ਰਣਾਏ ਜਾ ਕੇ ਜੋ ਔਲਾਦ ਪੈਦਾ ਕਰਦੀ ਹੈ। ਪੋਤਾ ਵੀ ਉਸੇ ਤਰ੍ਹਾਂ ਦੀ ਜੜ੍ਹ ਹੈ ਜਿਹੋ ਜਿਹਾ ਦੋਹਤਾ। ਪੋਤੀ ਤੇ ਦੋਹਤੀ ਵੀ ਜੜ੍ਹਾਂ ਹਨ। ਪਰ ਭਾਰਤੀ ਔਰਤ-ਮਰਦ ਮੁੰਡੇ ਲਈ ਤਰਸਦੇ ਰਹਿੰਦੇ ਹਨ, ਸਾਰੀ ਉਮਰ। ਲੋਕ ਗੀਤਾਂ ਵਿਚ ਵੀ ਭਾਵਨਾਵਾਂ ਇਸ ਦੇ ਅਨੁਕੂਲ ਹੀ ਸੁਰ ਅਲਾਪਦੀਆਂ ਹਨ। 'ਕਣਕ ਉਧਾਰੀ ਕੋਈ ਛੋਲੇ ਉਧਾਰ, ਇਕ ਪੁੱਤ ਲੈ ਦੇ ਜੀ ਮਾਗਵਾਂ।' ਕਿਸੇ ਔਰਤ ਨੇ 'ਧੀ' ਮਾਂਗਵੀ ਨਹੀਂ ਮੰਗੀ। ਇਸੇ ਨੂੰ ਕਹਿੰਦੇ ਹਨ ਮਨ ਦਾ 'ਕੰਡੀਸ਼ੰਡ' ਅਨੁਕੂਲ ਹੋਣਾ। ਅਜਿਹੀ ਕੰਡੀਸ਼ਨਿੰਗ ਅਚੇਤ ਹੀ ਪਿਤਰ-ਸੱਤਾ/ਮਰਦ ਪ੍ਰਧਾਨਤਾ ਨੂੰ ਸਵੀਕਾਰ ਕਰਦੀ ਜਾਂਦੀ ਹੈ। ਔਰਤ ਨੂੰ ਇਸ ਦਾ ਪਤਾ ਵੀ ਨਹੀਂ ਚਲਦਾ। ਬੋਲੀ ਹੈ :

ਕੜ੍ਹੀਏ ਕੜ੍ਹੀਏ ਕੜ੍ਹੀਏ
ਤੈਨੂੰ ਚੁੱਕ ਬਨੇਰੇ ਧਰੀਏ,
ਰੁੱਸੇ ਮਾਹੀ ਦਾ ਕੀ ਕਰੀਏ,
ਅੰਦਰ ਵੜੇ ਤਾਂ ਮਗਰੇ ਵੜੀਏ
ਚੁੰਨੀ ਲਾਹ ਪੈਰਾਂ 'ਤੇ ਧਰੀਏ
ਇਕ ਵਾਰ ਬੋਲੋ ਜੀ ਆਪਾਂ ਫੇਰ ਕਦੇ ਨਾ ਲੜੀਏ।

ਮਰਦ ਨੂੰ ਮਨਾਉਣ ਦਾ ਇਕੋ ਇਕ ਰਾਹ ਚੁੰਨੀ ਲਾਹ ਕੇ ਪੈਰਾਂ 'ਤੇ ਧਰਨ ਦਾ ਵਿਚਾਰ ਔਰਤ ਨੇ ਸਦੀਆਂ ਤੋਂ ਗ੍ਰਹਿਣ ਕੀਤਾ ਹੋਇਆ ਹੈ। ਮਨਾਉਣ ਲਈ ਕੋਈ ਤਰਕ ਵੀ ਹੋ ਸਕਦਾ ਹੈ, ਇਸ ਨੂੰ ਉਸ ਨੇ ਨਹੀਂ ਪਹਿਚਾਣਿਆ। ਇਉਂ ਅਸੀਂ ਵੇਖਦੇ ਹਾਂ ਕਿ ਭਾਵਨਾਵਾਂ ਦਾ ਸੱਚਾ ਸੁੱਚਾ ਹੋਣਾ ਜ਼ਰੂਰੀ ਨਹੀਂ, ਉਨ੍ਹਾਂ ਵਿਚ ਤਾਂ ਸਮਾਜ-ਸਭਿਆਚਾਰਕ ਵਿਰੋਧਤਾਈਆਂ ਬੜੇ ਸੂਖ਼ਮ ਰੂਪ ਵਿਚ ਵਿਦਮਾਨ ਹਨ ਜਿਨ੍ਹਾਂ ਨੂੰ ਪਹਿਚਾਨਣ ਦੀ ਲੋੜ ਹੈ। ਸਮੂਹਿਕ ਭਾਵਨਾਵਾਂ ਲੋਕ-ਗੀਤਾ ਵਿਚ ਇਕੋ ਤਰ੍ਹਾਂ ਹੀ ਪ੍ਰਗਟ ਹੁੰਦੀਆਂ ਹਨ ਇਹ ਵੀ ਕੋਈ ਜ਼ਰੂਰੀ ਨਹੀਂ। ਪ੍ਰਮੁੱਖ ਤੌਰ 'ਤੇ ਇਹ ਦੋ ਤਰ੍ਹਾਂ ਹੀ ਉਜਾਗਰ ਹੁੰਦੀਆਂ ਹਨ। ਇਕ ਰੋ ਕੇ ਲੋਕ-ਗੀਤਾਂ ਵਿਚ ਝੇੜਿਆਂ ਦਾ ਰੂਪ ਧਾਰਨ ਕਰਦੀਆਂ ਹਨ। ਇਸੇ ਲਈ ਇਨ੍ਹਾਂ ਦੀ 'ਹੇਕ' ਕਈ ਵਾਰ ਕੀਰਨਿਆਂ ਨਾਲ ਜਾ ਰਲਦੀ ਹੈ। ਦੂਸਰਾ ਪ੍ਰਸਥਿਤੀਆਂ ਦਾ ਮਜ਼ਾਕ ਉਡਾ ਕੇ। ਇਹ ਗੱਲ ਸਮੁੱਚੇ ਪੰਜਾਬ ਦੀ ਮਾਨਸਿਕਤਾ ਉੱਪਰ ਲਾਗੂ ਹੁੰਦੀ ਹੈ। ਸਾਰੇ ਪੰਜਾਬ ਦੀਆਂ ਸਦੀਆਂ ਤੋਂ ਵਿਕਟ ਪ੍ਰਸਥਿਤੀਆਂ ਰਹੀਆਂ ਹਨ, ਉਨ੍ਹਾਂ ਦੇ ਦਬਾਅ ਨੂੰ ਪੰਜਾਬੀ ਲਤੀਫਿਆਂ ਵਿਚ ਉਡਾ ਦਿੰਦਾ ਹੈ। ਔਰਤਾਂ ਨੇ ਆਪਣੀਆਂ ਵਿਰੋਧੀ ਪ੍ਰਸਥਿਤੀਆਂ ਨੂੰ ਝੱਲਣ ਲਈ ਇਹ ਤਰੀਕਾ ਅਖ਼ਤਿਆਰ ਕੀਤਾ ਹੈ। ਢੋਲਕ ਦੇ ਬਹੁਤ ਸਾਰੇ ਗੀਤ, ਸਿੱਠਣੀਆਂ ਇਸ ਦੀ ਸਪੱਸ਼ਟ ਮਿਸਾਲ ਹਨ।

ਇੱਥੇ ਮੈਂ ਦੂਜੀ ਤਰ੍ਹਾਂ ਦੇ ਅਨੇਕਾਂ ਗੀਤਾਂ ਵਿਚੋਂ ਇਕ ਨੂੰ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ। ਇਸ ਗੀਤ ਦੇ ਕਈ ਪਾਠ ਵੀ ਮਿਲਦੇ ਹਨ। ਇਕ ਪਾਠ 'ਦੇਵਰ ਮੇਰੇ ਮਛਲੀ ਆਂਦੀ ਲੈ ਭਾਬੋ ਤੂੰ ਚਾੜ੍ਹ' ਨਾਲ ਸ਼ੁਰੂ ਹੁੰਦਾ ਹੈ, ਤੇ ਦੂਜਾ ਪਾਠ ਜੋ ਮੈਂ ਪਾਠਕਾਂ ਸਾਹਮਣੇ ਲਿਆ ਰਿਹਾ ਹਾਂ 'ਦੇਰ ਮੇਰੇ ਨੇ ਟੀਂਡਾ ਆਂਦਾ' ਨਾਲ ਸ਼ੁਰੂ ਹੁੰਦਾ ਹੈ। 'ਟੀਂਡੇ' ਜਾਂ ਮਛਲੀ ਨਾਲ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ। ਮੂਲ ਬਿਰਤਾਂਤ ਦੋਨਾਂ ਦਾ ਇਕ ਹੈ ਕਿ 'ਸਬਜ਼ੀ' ਚੱਖਣ 'ਤੇ ਨਣਾਨ ਨਰਾਜ਼ ਹੋ ਜਾਂਦੀ ਹੈ ਤੇ ਉਹ ਪਰਿਵਾਰ ਦੇ ਜੀਆਂ ਨੂੰ 'ਭਾਬੋ ਨੂੰ ਕੱਢਦੇ ਬਾਹਰ' ਦਾ ਵਾਸਤਾ ਪਾਉਂਦਾ ਹੈ, ਪਰ ਕੋਈ ਵੀ 'ਭਾਬੋ' ਨੂੰ ਘਰੋਂ ਕੱਢਣ ਲਈ ਤਿਆਰ ਨਹੀਂ। ਹਾਂ ਪਤੀ ਜ਼ਰੂਰ ਉਸ ਦੀ ਪਿਟਾਈ ਕਰਦਾ ਹੈ, ਜਿਸ ਕਰਕੇ ਔਰਤ ਨੂੰ ਪੇਕੀਂ ਜਾਣਾ ਪੈਂਦਾ ਹੈ। ਮਰਦ ਦੀ ਰੋਟੀ ਪੱਕਣੀ ਬੰਦ ਹੋ ਜਾਂਦੀ ਹੈ ਤਾਂ ਉਹ ਘਰ ਵਾਲੀ ਨੂੰ ਵਾਪਸ ਆਉਣ ਦਾ ਤਰਲਾ ਕਰਦਾ ਹੈ, ਪਰ ਉਹ ਆਉਣ ਤੋਂ ਇਨਕਾਰ ਕਰਦੀ ਉਸ ਦਾ ਮਜ਼ਾਕ ਉਡਾਉਂਦੀ ਹੈ। ਇਸ ਨਿੱਕੇ ਜਿਹੇ ਬਿਰਤਾਂਤ ਪਿੱਛੇ ਪੂਰੇ ਦਾ ਪੂਰਾ ਸਭਿਆਚਾਰ ਕ੍ਰਿਆਸ਼ੀਲ ਹੈ ਜਿਸ ਨੂੰ ਅਸੀਂ ਤੀਖਣ ਦ੍ਰਿਸ਼ਟੀ ਨਾਲ ਪਹਿਚਾਣ ਸਕਦੇ ਹਾਂ। ਗੀਤ ਢੋਲਕ ਦੀ ਤਾਲ 'ਤੇ ਸ਼ੁਰੂ ਹੁੰਦਾ ਹੈ।

ਦੇਰ ਮੇਰੇ ਨੇ ਟੀਂਡਾ ਆਂਦਾ।
ਲੈ ਭਾਬੋ ਤੂੰ ਚਾੜ੍ਹ, ਵਾਹ ਜੀ ਵਾਹ।

ਢੋਲਕ ਦੀ ਤਿੱਖੀ ਚਾਲ ਇਹ ਦੱਸ ਦਿੰਦੀ ਹੈ ਕਿ ਗੀਤਾਂ ਦਾ 'ਕੱਥ' ਚਟਪਟਾ ਹੋਵੇਗਾ। ਗੰਭੀਰ ਵਿਸ਼ੇ ਬਿਨਾਂ ਤਾਲ ਤੋਂ, ਹੇਕਾਂ ਵਿਚ ਰੁਪਾਂਤਰਿਤ ਹੁੰਦੇ ਹਨ। 'ਟੀਂਡਾ' ਸਪੈਸ਼ਲ ਡਿਸ਼ ਹੈ, ਲੋਕ ਜੀਵਨ ਵਿਚ। ਜੇ ਅਸੀਂ ਲੋਕ-ਗੀਤਾਂ ਵਿਚ ਸਪੈਸ਼ਲ ਕੁਝ ਦੇਖਣਾ ਹੋਵੇ ਤਾਂ ਉਹ ਹੈ ਚੋਪੜੀਆਂ ਕਣਕ ਦੀਆਂ ਰੋਟੀਆਂ। ਆਲੂ-ਵੜੀਆਂ ਦੀ ਸਬਜ਼ੀ। ਚਲਾਈ ਦਾ ਸਾਗ, ਮਾਂਹ ਛੋਲਿਆਂ ਦੀ ਦਾਲ ਆਦਿ। ਇਹ ਖਾਣਾ ਪੀਣਾ ਸਿੱਧਾ ਆਰਥਿਕ ਸਥਿਤੀਆਂ ਨਾਲ ਵੀ ਜੁੜਿਆ ਹੋਇਆ ਹੈ, ਜਿਸ ਦਾ ਵਿਸਤਾਰ ਅਸੀਂ ਏਕੇ ਨਹੀਂ ਕਰ ਸਕਦੇ। 'ਟੀਂਡਾ' ਹੀ ਸਪੈਸ਼ਲ ਖਾਣਾ ਹੈ ਜੋ ਇਕੱਲੀ ਬਹੂ ਨਹੀਂ ਖਾ ਸਕਦੀ।

ਜਦ ਟੀਂਡਾ ਮੈਂ ਕੱਟਣ ਲੱਗੀ
ਟੋਟੇ ਕੀਤੇ ਚਾਰ, ਵਾਹ ਜੀ ਵਾਹ।
ਜਦ ਟੀਂਡਾ ਮੈਂ ਤੜਕਣ ਲੱਗੀ।
ਸੱਸ ਸੀ ਗਈ ਬਜ਼ਾਰ, ਵਾਹ ਵੀ ਵਾਹ।
ਜਦ ਟੀਂਡਾ ਮੈਂ ਚੱਖਣ ਲੱਗੀ।
ਨਣਦ ਖਲੋਤੀ ਬਾਹਰ, ਵਾਹ ਜੀ ਵਾਹ।

ਲੋਕ ਸਾਹਿਤ ਵਿਚ ਨਣਦ ਦਾ ਅਜਿਹਾ ਚਰਿੱਤਰ ਹੈ ਜੋ 'ਨਿੱਤ ਤਾਂ ਰੱਖਦੀ ਪੁਆੜਾਂ'। ਪਰ ਇਹ ਮਜ਼ਾਕ ਵਾਲੀ ਗੱਲ ਨਹੀਂ ਹੈ। ਨਣਦ ਨੂੰ ਸਮਾਜਿਕ ਪ੍ਰਸਥਿਤੀਆਂ ਨੇ ਇਕ 'ਰੋਲ' ਦਿੱਤਾ ਹੈ, ਪਿਤਾ ਦੀ ਸੱਤਾ ਨੂੰ ਕਾਇਮ ਰੱਖਣਾ। ਬਾਹਰੋਂ ਆਈ ਭਰਜਾਈ ਦੀ ਉਹ ਜਾਸੂਸੀ ਵੀ ਇਸੇ ਲਈ ਕਰਦੀ ਹੈ। ਨਣਦ, ਭਰਜਾਈ ਨੂੰ ਆਪਣੇ 'ਘਰ' ਦੇ ਅਧੀਨ ਰੱਖਦੀ ਹੈ। ਹੀਰ ਵਾਰਿਸ ਦਾ ਪ੍ਰਸੰਗ ਅਪਵਾਦ ਹੈ ਜਿੱਥੇ ਆਪਣੇ ਹਿੱਤ ਲਈ ਉਹ ਹੀਰ ਨੂੰ ਘਰੋਂ ਭਜਾਉਣ ਵਿਚ ਮਦਦ ਕਰਦੀ ਹੈ। ਜਦੋਂ ਨਣਾਨ ਭਰਜਾਈ ਨੂੰ ਟੀਂਡਾ ਤੜਕਦਿਆਂ ਦੇਖਦੀ ਹੈ ਤਾਂ ਉਹ ਇਉਂ ਪੇਸ਼ ਕਰਦੀ ਹੈ ਜਿਵੇਂ ਭਰਜਾਈ ਨੇ ਬੜਾ ਸੰਗੀਨ ਜ਼ੁਰਮ ਕਰ ਦਿੱਤਾ ਹੈ। ਪਰ ਉਹ ਅਚੇਤ ਹੀ ਸਭ ਕੁਝ ਕਰਦੀ ਹੈ। ਛੋਟੀ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨਾ ਹੀ 'ਮਜ਼ਾਕ' ਪੈਦਾ ਕਰਦਾ ਹੈ। ਭਰਜਾਈ ਨੇ ਇਕ ਹੋਰ ਕੰਮ ਵੀ ਕੀਤਾ ਹੈ :

ਨਣਦ ਨੂੰ ਚੁੱਕ ਕੇ ਬਾਹਰ ਸੁੱਟਿਆ
ਪਈ ਬਰੂਹੋਂ ਬਾਹਰ, ਵਾਹ ਜੀ ਵਾਹ।

ਵੈਸੇ ਇਹ ਵੀ ਏਡਾ ਜ਼ੁਰਮ ਨਹੀਂ ਹੈ ਕਿ ਭਰਜਾਈ ਨੂੰ ਬਾਹਰ ਕਢਵਾ ਦਿੱਤਾ ਜਾਵੇ, ਪਰ ਨਣਦ ਇਸ ਲਈ ਬਜ਼ਿਦ ਹੈ।

ਨਣਦੇ ਨੇ ਜਾ ਕੇ ਪਿਉ ਨੂੰ ਦੱਸਿਆ
ਭਾਬੋ ਨੂੰ ਕੱਢਦੇ ਬਾਹਰ, ਵਾਹ ਜੀ ਵਾਹ।
ਕੀਕਰ 'ਕੱਢਾਂ' ਮੇਰੀਏ ਜਾਈਏ,
ਲਾਇਆ ਡੇੜ ਹਜ਼ਾਰ, ਵਾਹ ਜੀ ਵਾਹ।

ਇੱਥੇ ਹਰ ਜੀਅ ਦੇ ਜਵਾਬਾਂ ਨੂੰ ਨੀਝ ਨਾਲ ਦੇਖਣ ਦੀ ਲੋੜ ਹੈ। ਵਿਆਹ ਕੋਈ ਖੇਡ ਨਹੀਂ ਹੈ, ਉਸ ਵਿਚ ਆਰਥਿਕਤਾ ਜੁੜੀ ਹੋਈ ਹੈ। ਇਸ ਆਰਥਿਕਤਾ ਦਾ ਸੁਆਮੀ ਹੈ, ਪਿਤਾ। ਇਸੇ ਲਈ ਜਦੋਂ ਨਣਾਨ ਭਾਬੋ ਨੂੰ ਬਾਹਰ ਕੱਢਣ ਦੀ ਗੱਲ ਕਰਦੀ ਹੈ ਤਾਂ ਪਿਤਾ ਵਿਆਹ ਉੱਪਰ ਖਰਚੇ ਪੈਸਿਆਂ ਦੀ ਗੱਲ ਕਰਦਾ ਹੈ। ਲਿਆਂਦੀ ਔਰਤ ਦੀ ਵੱਖਰੀ ਹਸਤੀ ਦੀ ਨਹੀਂ ਤੇ ਨਾ ਹੀ ਉਸ ਦੇ ਅਧਿਕਾਰਾਂ ਦੀ। ਹੋਰ ਜੀਅ ਵੀ ਆਪਣੇ ਢੰਗ ਦੇ ਜੁਆਬ ਦਿੰਦੇ ਹਨ, ਜੋ ਪਿਤਰੀ ਸੱਤਾ ਨਾਲ ਜਾ ਜੁੜਦੇ ਹਨ।

ਨਣਦ ਨੇ ਜਾ ਕੇ ਮਾਈ ਨੂੰ ਦੱਸਿਆ,
ਭਾਬੋ ਨੂੰ ਕੱਢ ਦੇ ਬਾਹਰ, ਵਾਹ ਜੀ ਵਾਹ।
ਕੀਕਰ ਕੱਢਾਂ ਮੇਰੀਏ ਜਾਈਏ।
ਪਾਣੀ ਪੀਤਾ ਵਾਰ, ਵਾਹ ਜੀ ਵਾਹ।

ਸਮਾਜ ਨੇ ਮਾਂ ਨੂੰ ਨੂੰਹ-ਪੁੱਤ ਦੀਆਂ ਬਦਰੂਹ, ਇੱਲ-ਬਲਾਵਾਂ ਨੂੰ ਆਪਣੇ ਸਿਰ ਲੈਣ ਦੀ ਜ਼ਿੰਮੇਵਾਰੀ ਸੌਂਪੀ ਹੈ, ਜੋ ਪਾਣੀ ਵਾਰ ਕੇ ਪੀਣ ਦੀ ਰਸਮ ਵਿਚ ਪ੍ਰਗਟ ਹੁੰਦੀ ਹੈ। ਤੇ ਨਾਲ ਹੀ ਗੀਤਾਂ ਦਾ ਸੁਹਜ, ਰਸਮ ਨੂੰ ਰੰਗੀਨ ਬਣਾ ਦਿੰਦਾ ਹੈ। 'ਪਾਣੀ ਵਾਰ ਬੰਨੇ ਦੀਏ ਮਾਏ, ਬੰਨਾਂ ਤੇਰਾ ਬਾਹਰ ਖੜਾ, ਸੁੱਖਾਂ ਸੁੱਖਦੀ ਨੂੰ ਇਹ ਦਿਨ ਆਏ, ਬੰਨਾ ਤੇਰਾ ਬਾਹਰ ਖੜਾ' ਪਹਿਲਾਂ ਹੀ ਬੜੀ ਮੁਸ਼ਕਲ ਨਾਲ ਇਕ ਵਿਆਹ ਰਚਾਇਆ ਗਿਆ ਹੈ, ਜਿਸ 'ਤੇ ਪੈਸਾ ਖਰਚ ਹੋਇਆ ਹੈ ਤੇ ਇਹ ਰਸਮ ਕਰਨ ਦਾ ਮੌਕਾ ਮਿਲਿਆ ਹੈ। ਇਸ ਲਈ ਮਾਂ ਨੂੰ ਵੀ ਧੀ ਦਾ ਇਹ ਸੁਝਾਅ ਪ੍ਰਵਾਨ ਨਹੀਂ।

ਨਣਦੇ ਨੇ ਜਾ ਕੇ ਵੀਰੇ ਨੂੰ ਦੱਸਿਆ,
ਭਾਬੋ ਨੂੰ ਕੱਢਦੇ ਬਾਹਰ, ਵਾਹ ਜੀ ਵਾਹ।
ਕੀਕਰ ਕੱਢਾਂ ਮੇਰੀਏ ਜਾਈਏ,
ਲਾਵਾਂ ਲਈਆਂ ਚਾਰ, ਵਾਹ ਜੀ ਵਾਹ।

ਲਾਵਾਂ ਸਭਿਆਚਾਰ ਵਿਚ ਲਈਆਂ ਚਾਰ ਭੁਆਟਣੀਆਂ ਨਹੀਂ। ਇਸ ਵਿਚ ਅਗਨੀ ਦੇਵਤਾ, ਜਲ ਦੇਵਤਾ ਤੇ ਹੋਰ ਕਈ ਦੇਵਤੇ ਵਿਚੋਲੇ ਹਨ। ਧਾਰਮਿਕ ਗ੍ਰੰਥ ਵਿਚ ਸਾਕਸ਼ੀ ਹੈ। ਸਭ ਤੋਂ ਵੱਡੀ ਗੱਲ ਸਾਰੇ ਭਾਈਚਾਰੇ ਵਿਚ ਬੈਠ ਕੇ ਲਾਵਾਂ ਲਈਆਂ ਜਾਂਦੀਆਂ ਹਨ। ਪਤਨੀ ਨੂੰ ਛੱਡਣ ਸਮੇਂ ਇਹ ਸਭ ਕੁਝ ਸਾਹਮਣੇ ਆਉਂਦਾ ਹੈ। ਦੇਵਤਿਆਂ ਦਾ ਵਿਸ਼ਵਾਸ ਤੇ ਭਾਈਚਾਰੇ ਦਾ ਡਰ ਇਕੋ ਵੇਲੇ ਪਤੀ ਦੇ ਜਵਾਬ ਵਿਚੋਂ ਬੋਲਦਾ ਹੈ। ਉਹ ਉਸ ਨੂੰ ਛੱਡ ਤਾਂ ਨਹੀਂ ਸਕਦਾ ਪਰ ਹੋਰ ਬਦਲ ਉਸ ਦੇ ਸਾਹਮਣੇ ਹਨ। ਕਮਾਲ ਦੀ ਗੱਲ ਇਹ ਹੈ ਕਿ 'ਵਾਹ ਜੀ ਵਾਹ' ਦਾ ਦੁਹਰਾ ਹਰ ਪੈਰ 'ਤੇ ਵਿਅੰਗ ਕਰਦਾ ਜਾ ਰਿਹਾ ਹੈ।

ਬਾਹਰੋਂ ਆਇਆ ਸੜਿਆ ਬਲ਼ਿਆ,
ਨਿਕਲ ਘਰੇ ਦੀਏ ਨਾਰ, ਵਾਹ ਜੀ ਵਾਹ।

ਇਕ ਪੰਗਤੀ ਵਿਚ ਹੀ ਪਤੀ ਨੇ ਕਹਿ ਦਿੱਤਾ ਤੇ ਨਾਰ ਘਰੋਂ ਚਲੇ ਵੀ ਗਈ। ਬਾਕੀ ਸਭ ਕੁਝ ਸਰੋਤੇ 'ਤੇ ਛੱਡ ਦਿੱਤਾ ਗਿਆ ਹੈ। ਹੁਣ ਵੱਖਰੀ ਸਥਿਤੀ ਇਹ ਆਈ ਕਿ ਘਰ ਵਾਲੇ ਦੀਆਂ ਰੋਟੀਆਂ ਕੌਣ ਪਕਾਵੇ। ਬਾਕੀ ਸਰੀਰਕ ਮਾਨਸਿਕ ਲੋੜਾਂ ਨੂੰ ਲਾਂਭੇ ਕਰਕੇ ਗੀਤ 'ਰੋਟੀਆਂ' ਤੱਕ ਸੀਮਤ ਹੋ ਜਾਂਦਾ ਹੈ, ਸਮਾਜ ਵਿਚ ਵੀ ਵਿਆਹ ਕਰਾਉਣ ਦਾ ਇਹੀ ਤਰਕ ਦਿੱਤਾ ਜਾਂਦਾ ਹੈ। ਗੀਤ ਨੇ ਵੀ ਇਸੇ ਉੱਪਰ ਵਿਅੰਗ ਦੀ ਸਿਰਜਣਾ ਕੀਤੀ ਹੈ।

ਲੈ ਆਟਾ ਮੈਂ ਮਾਂ ਵੱਲ ਜਾਨਾਂ।
ਮਾਂ ਜੀ ਰੋਟੀ ਪਕਾ, ਵਾਹ ਜੀ ਵਾਹ,
ਇਕ ਦਿਨ ਪੱਕੀਆਂ ਦੋ ਦਿਨ ਪੱਕੀਆਂ,




ਤੀਏ ਦਿਨ ਰੰਨ ਲਿਆ, ਵਾਹ ਜੀ ਵਾਹ।
ਲੈ ਆਟਾ ਮੈਂ ਭਾਬੋ ਵੱਲ ਜਾਨਾਂ।
ਭਾਬੋ ਜੀ ਰੋਟੀ ਪਕਾ, ਵਾਹ ਜੀ ਵਾਹ।
ਇਕ ਦਿਨ ਪੱਕੀਆਂ, ਦੋ ਦਿਨ ਪੱਕੀਆਂ,
ਤੀਏ ਦਿਨ ਰੰਨ ਲਿਆ, ਵਾਹ ਜੀ ਵਾਹ।
ਲੈ ਆਟਾ ਮੈਂ ਭੈਣ ਵੱਲ ਜਾਨਾਂ।
ਭੈਣ ਜੀ ਰੋਟੀ ਪਕਾ, ਵਾਹ ਜੀ ਵਾਹ,
ਇਕ ਦਿਨ ਪੱਕੀਆਂ, ਦੋ ਦਿਨ ਪੱਕੀਆਂ,
ਤੀਏ ਦਿਨ ਰੰਨ ਲਿਆ, ਵਾਹ ਜੀ ਵਾਹ।

ਮਾਂ ਜਿਹਨੇ ਪਾਣੀ ਵਾਰ ਪੀਤਾ ਸੀ, ਹੁਣ ਰੋਟੀਆਂ ਪਕਾਉਣ ਲਈ ਤਿਆਰ ਨਹੀਂ, ਭਰਜਾਈ ਤਾਂ ਆਪਣੇ ਘਰ ਵਾਲੇ ਨੂੰ ਸੰਭਾਲੇਗੀ ਉਸ ਨੂੰ ਨਹੀਂ। ਭੈਣ ਦੀ ਮੰਨੀ ਨਹੀਂ ਸੀ, ਉਹ ਕਿਉਂ ਪਕਾਏਗੀ। 'ਘਰ' ਦੀਆਂ ਸਾਰੀਆਂ ਔਰਤਾਂ ਉਸ ਦਾ ਸਾਥ ਨਹੀਂ ਦਿੰਦੀਆਂ ਤਾਂ ਅਖ਼ੀਰ ਉਸ ਨੂੰ ਆਪ ਹਿੰਮਤ ਕਰਨੀ ਪੈਂਦੀ ਹੈ, ਪਰ ਉਹ ਸਥਿਤੀ ਵੀ ਸੁਖਾਵੀਂ ਨਹੀਂ। ਉਪਰੋਕਤ ਨਾਟਕ ਦੇ ਸੀਨਾਂ ਤੋਂ ਬਾਅਦ ਸਿਖ਼ਰ ਦਾ ਸੀਨ ਇਹ ਹੈ, ਜੋ ਉਸ ਨੂੰ ਮਜ਼ਾਕ ਦਾ ਪਾਤਰ ਬਣਾਉਂਦਾ ਹੈ।

ਕੋਠੇ ਚੜ੍ਹ ਤੰਦੂਰੀ ਤਾਈ,
ਸੜ ਗਏ ਮੁੱਛਾਂ ਦੇ ਵਾਲ, ਵਾਹ ਜੀ ਵਾਹ,
ਕੋਠੇ ਚੜ੍ਹ ਕੇ ਵਾਜਾਂ ਮਾਰੇ,
ਆ ਜਾ ਘਰੇ ਦੀਏ ਨਾਰ, ਵਾਹ ਜੀ ਵਾਹ

ਮੁੱਛਾਂ ਦੇ ਵਾਲਾਂ ਦਾ ਸੜਨਾ, ਗੀਤ ਨੂੰ ਰੋਚਕ ਬਣਾਉਂਦਾ ਹੈ। ਗਾਉਣ ਵਾਲੀਆਂ ਕੁੜੀਆਂ ਤਾਲ ਦੇ ਨਾਲ-ਨਾਲ ਸਥਿਤੀ ਦਾ ਸੁਆਦ ਲੈ ਕੇ ਹੱਸਦੀਆਂ ਹਨ। ਨਾਟਕ ਆਖ਼ਰੀ ਇਸ ਪੰਗਤੀ ਨਾਲ ਖ਼ਤਮ ਹੁੰਦਾ ਹੈ।

ਹੁਣ ਕਿਉਂ ਆਮਾਂ ਮੁੱਛਾਂ ਸੜਿਆ
ਭੈਣਾਂ ਨੂੰ ਰੱਖ ਲੈ ਨਾਲ, ਵਾਹ ਜੀ ਵਾਹ।

ਸਮਾਜ ਵਿਚ ਅਜਿਹੀਆਂ ਘਟਨਾਵਾਂ ਨਿੱਤ ਵਾਪਰਦੀਆਂ ਹਨ ਜਿਨ੍ਹਾਂ ਵਿਚ ਔਰਤ ਨੀਵੀਂ ਹੋ ਕੇ ਫਿਰ ਸਮਝੌਤਾ ਕਰਦੀ ਹੈ, ਪਰ ਗੀਤ ਵਿਚ ਉਹ ਜੇਤੂ ਬਣ ਕੇ ਆਪਣਾ ਸਾਰਾ ਗੁਬਾਰ ਕੱਢ ਦਿੰਦੀ ਹੈ। ਕੁੜੀਆਂ ਜੋ ਅਜਿਹੇ ਵਿਅੰਗ ਭਰੇ ਗੀਤ ਗਾਉਂਦੀਆਂ ਹਨ, ਉਨ੍ਹਾਂ ਵਿਚ ਇਕ ਤਰ੍ਹਾਂ ਦਾ ਵਿਦਰੋਹ ਵੀ ਹੁੰਦਾ ਹੈ, ਪਰ ਅਚੇਤ ਹੀ ਉਹ ਸਾਨੂੰ ਸਭਿਆਚਾਰ ਦੇ ਕਈ ਸੂਤਰ ਫੜਾ ਜਾਂਦੀਆਂ ਹਨ, ਜਿਨ੍ਹਾਂ ਨੂੰ ਫੜ ਕੇ ਅਸੀਂ ਸਮਾਜਿਕ ਤਾਣੇ-ਬਾਣੇ ਨੂੰ ਸਮਝ ਸਕਦੇ ਹਾਂ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"




## ਰਾਣੀ ਅਣਬੋਲਿਆ

### (ਤੀਜੀ ਕਿਸਤ)

ਸਮਾਂ ਲੰਘਦਾ ਗਿਆ। ਇਕ ਦਿਨ ਭੈਣ ਭਰਾ ਨੂੰ ਕਹਿੰਦੀ ਆ ਕਿ ਤੂੰ ਤਾਂ ਨ੍ਹਾ ਧੋ ਕੇ ਚਲਾ ਜਾਂਦਾ। ਘੁੰਮ ਫਿਰ ਆਉਂਦਾ। ਮੇਰਾ ਇਥੇ ਕੱਲੀ ਦਾ ਚਿੱਤ ਨੀ ਲਗਦਾ। ਮਨ ਉਦਾਸ ਜਿਹਾ ਰਹਿੰਦਾ। ਬਾਬਾ ਜੀ ਕਹਿੰਦੇ ਸੀ ਕਿ ਇਹਨਾਂ ਪਊਆਂ ਨੂੰ ਧੂਫ ਦੇ ਦਿਓ ਤੇ ਪੈਰੀਂ ਪਾ ਲਿਓ ਇਹ ਤੁਹਾਨੂੰ ਤੁਹਾਡੇ ਦੱਸੇ ਹੋਏ ਸ਼ਹਿਰ ਲੈ ਜਾਣਗੇ। ਮੈਂ ਤਾਂ ਕਹਿਨੀ ਆ ਆਪਾਂ ਇਸ ਜੰਗਲ ਬੀਆ ਬਾਨ ਨੂੰ ਛੱਡ ਕੇ ਕਿਸੇ ਸ਼ਹਿਰ ਵਸੇਬਾ ਕਰੀਏ।

ਭਰਾ ਵੀ ਮੰਨ ਗਿਆ। ਉਹਨੇ ਉਸੇ ਵਕਤ ਝੋਲ਼ੀ 'ਚੋਂ ਧੂਫ ਕੱਢਿਆ। ਪਿਆਰ ਸਤਿਕਾਰ ਨਾਲ ਪਊਆਂ ਨੂੰ ਦਿੱਤਾ ਤੇ ਪੈਰੀਂ ਪਾ ਕੇ ਅੱਖ ਦੇ ਫਰੋਕੇ ਨਾਲ ਹੀ ਸ਼ਹਿਰ ਜਾ ਪਹੁੰਚੇ। ਸ਼ਹਿਰ ਵੀ ਉਹੋ ਜਿੱਥੇ ਉਨ੍ਹਾਂ ਦਾ ਜਨਮ ਹੋਇਆ ਸੀ। ਦੁਨੀਆਂ ਉਹਨਾਂ ਨੂੰ ਦੇਖਣ ਆ ਗਈ। ਪਈ ਇਹ ਤਾਂ ਕੋਈ ਸੌਦਾਗਰ ਲਗਦੇ ਨੇ।

ਲੜਕਾ ਕਹਿੰਦਾ ਜਗ੍ਹਾ ਲੈਣੀ ਆਂ ਅਸੀਂ। ਲੋਕ ਕਹਿੰਦੇ ਲੈ ਲਓ। ਇਥੇ ਕੋਈ ਘਾਟਾ ਏ। ਲੈ ਕੇ ਛੱਤ ਲਵੋ। ਇੱਥੇ ਰਵੋ। ਲੜਕੇ ਨੇ ਝੋਲ਼ੀ ਨੂੰ ਧੂਫ਼ ਦਿੱਤਾ। ਧੂਫ਼ ਦਿੰਦਿਆਂ ਹੀ ਉਥੇ ਪਤਾ ਨੀ ਕਿੰਨੀਆਂ ਗੱਡੀਆਂ ਇੱਟਾਂ ਦੀਆਂ ਆ ਗਈਆਂ ਤੇ ਕਿੰਨੇ ਹੀ ਮਜ਼ਦੂਰ ਤੇ ਮਿਸਤਰੀ। ਦਿਨਾਂ ਵਿਚ ਹੀ ਉਥੇ ਆਲੀਸ਼ਾਨ ਮਹੱਲ ਖੜ੍ਹਾ ਹੋ ਗਿਆ। ਇੱਦਾਂ ਦਾ ਮਹੱਲ ਰਾਜੇ ਕੋਲ ਵੀ ਨਹੀਂ ਸੀ। ਦੁਨੀਆਂ ਉਨ੍ਹਾਂ ਦੇ ਮਹੱਲ ਨੂੰ ਦੇਖਣ ਆਉਂਦੀ ਤੇ ਸਲਾਹੁੰਦੀ। ਬਈ ਕੋਈ ਸੌਦਾਗਰ ਆਇਆ। ਉਸਨੇ ਕਰੋੜਾਂ ਰੁਪਏ ਮਹਿਲ 'ਤੇ ਖਰਚ ਦਿੱਤਾ। ਦੋਵੇਂ ਭੈਣ ਭਾਈ ਮਹੱਲ ਵਿਚ ਰਹਿਣ ਬਹਿਣ ਲੱਗ ਪਏ। ਭੈਣ ਭਰਾ ਦੇ ਮਹੱਲ ਕੋਲ ਹੀ ਬਾਦਸ਼ਾਹ ਦੀ ਕਚਹਿਰੀ ਲਗਦੀ ਹੁੰਦੀ ਸੀ। ਇਕ ਦਿਨ ਭਰਾ ਭੈਣ ਨੂੰ ਕਹਿਣ ਲੱਗਾ, ਭੈਣ ਮੈਂ ਇੱਥੇ ਘਰ ਵੀ ਵਿਹਲੇ ਨੇ ਕੀ ਕਰਨਾ। ਮੈਂ ਵੀ ਰਾਜੇ ਦੀ ਕਚਹਿਰੀ ਜਾ ਆਇਆ ਕਰਾਂ। ਕੋਈ ਨਾ ਕੋਈ ਅਕਲ ਦੀ ਈ ਖਾਨੇ ਪਊ। ਭੈਣ ਕਹਿੰਦੀ-ਵੀਰਾ ਜਾ ਆਇਆ ਕਰ।

ਮੁੰਡੇ ਨੇ ਰੋਜ ਹੀ ਰੋਟੀ ਪਾਣੀ ਛੱਕ ਕੇ ਬਾਦਸ਼ਾਹ ਦੀ ਕਚਹਿਰੀ ਜਾਣਾ ਤੇ ਉਥੇ ਗੱਲਬਾਤ ਸੁਣੀ ਜਾਣੀ। ਜਦੋਂ ਲੜਕਾ ਤਿੰਨ ਚਾਰ ਦਿਨ ਕਚਹਿਰੀ ਜਾਂਦਾ ਰਿਹਾ ਤਾਂ ਉਹ ਬਾਦਸ਼ਾਹ ਦੀ ਨਜ਼ਰੀਂ ਚੜ੍ਹ ਗਿਆ। ਲੜਕੇ ਦੀ ਬਾਦਸ਼ਾਹ ਨਾਲ ਜੋਤ ਨਾਲ ਜੋਤ ਮਿਲੇ।

ਬਾਦਸ਼ਾਹ ਨੇ ਇਕ ਦਿਨ ਮੁੰਡੇ ਨੂੰ ਅਟਕਾ ਲਿਆ। ਕਹਿੰਦੇ-ਕਾਕਾ ਤੂੰ ਇੱਥੇ ਮੇਰੇ ਕੋਲ ਬੈਠਿਆ ਕਰ। ਭੁੰਜੇ ਨਾ ਬੈਠਿਆ ਕਰ। ਮੇਰੀ ਰੂਹ ਬੜੀ ਰਹਿੰਦੀ ਏ ਤੇਰੇ 'ਚ।

ਲੜਕਾ ਕਹਿੰਦਾ, ਨਹੀਂ ਮਹਾਰਾਜ ਭੁੰਜੇ ਈ ਖਰਾ। ਓ ਨਈਂ ਨਈਂ ਨਈਂ ਨਈਂ। ਤੂੰ ਮੇਰੇ ਕੋਲ ਬੈਠਿਆ ਕਰ। ਲੜਕਾ ਸੀ ਵੀ ਬੜਾ ਸੁਨੱਖਾ। ਅੰਗਰੇਜ਼ਾਂ ਵਰਗਾ ਸੀ। ਜਦੋਂ ਪੰਜ ਸੱਤ ਦਿਨ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਰਾਣੀਆਂ ਵੀ ਤਾੜ ਗਈਆਂ ਕਿ ਕਚਹਿਰੀ 'ਚੋਂ ਸਾਰੀ ਜਨਤਾ ਚਲੀ ਜਾਂਦੀ ਆ। ਇਕੋ ਲੜਕਾ ਬਾਦਸ਼ਾਹ ਕੋਲ ਅਟਕਿਆ ਰਹਿੰਦਾ। ਏਹਦੀ ਜੋਤ ਵੀ ਸਾਡੇ ਆਦਮੀ ਨਾਲ ਹੂ-ਬ-ਹੂ ਮਿਲਦੀ ਜੁਲਦੀ ਆ। ਕਿਤੇ ਸਾਡੇ ਨਾਲ ਧੋਖਾ ਹੀ ਨਾ ਹੋਇਆ ਹੋਵੇ।



- ਡਾ. ਜਸਵੰਤ ਰਾਏ
91-98158-25999

ਅਗਲੇ ਦਿਨ ਰਾਣੀਆਂ ਨੇ ਉਸੇ ਦਾਈ ਨੂੰ ਸੱਦ ਲਿਆ। ਕਹਿੰਦੀਆਂ ਨੀ ਸੁਣ। ਫਲਾਣੇ ਮਹਿਲਾਂ 'ਚੋਂ ਇਕ ਲੜਕਾ ਰੋਜ਼ ਬਾਦਸ਼ਾਹ ਦੀ ਕਚਹਿਰੀ ਆਉਂਦਾ ਉਹਦੀ ਜੋਤ ਵੀ ਬਾਦਸ਼ਾਹ ਨਾਲ ਬੜੀ ਮਿਲਦੀ ਆ। ਕਚਹਿਰੀ ਵਿਚ ਵੀ ਉਹ ਬਾਦਸ਼ਾਹ ਦੇ ਬਰੋਬਰ ਬਹਿੰਦਾ। ਦੇਖੀਂ ਸਾਡੇ ਨਾਲ ਕਿਤੇ ਧੋਖਾ ਹੀ ਨਾ ਹੋਇਆ ਹੋਵੇ। ਦਾਈ ਕਹਿੰਦੀ, 'ਦੱਤਾਂ। ਉਹ ਖੋਰੇ ਕਿਥੇ ਰੁੜ੍ਹ ਗਏ ਚਾਟੀ ਵਿਚ। (ਚਲਦਾ)



ਮੇਰੀ ਜੈ-ਜੈਕਾਰ ਕਰਨ ਦੀ ਬਜਾਏ, ਮੇਰੇ ਅਧੂਰੇ ਮਿਸ਼ਨ ਨੂੰ ਪੂਰਾ ਕਰਨ ਲਈ ਜਿੰਦ-ਜਾਨ ਦੀ ਬਾਜੀ ਲਾ ਦਿਉ
-ਡਾ. ਭੀਮ ਰਾਉ ਅੰਬੇਡਕਰ

ਪੜ੍ਹੋ ਲਿਖੋ, ਇਕੱਠੇ ਹੋਵੋ ਅਤੇ ਸੰਘਰਸ਼ ਕਰੋ।

# ਮਹਾਨ ਮਿਸ਼ਨਰੀ ਮੇਲਾ ਅਤੇ ਵਿਚਾਰ ਗੋਸ਼ਟੀ

## ਮਿਤੀ 26 ਅਪ੍ਰੈਲ 2015 ਦਿਨ ਐਤਵਾਰ ਪਿੰਡ ਤੇ ਡਾਕ: ਰੰਧਾਵਾ ਮਸੰਦਾਂ, ਜ਼ਿਲ੍ਹਾ ਜਲੰਧਰ ਵਿਖੇ

ਸਮਾਂ ਸਵੇਰੇ10:00 ਤੋਂ ਦੇਰ ਸ਼ਾਮ ਤੱਕ

ਯੁਗਪੁਰਸ਼ ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦੇ 124ਵੇਂ ਜਨਮ ਦਿਵਸ ਨੂੰ ਸਮਰਪਿਤ ਪਹਿਲਾ ਮਹਾਨ ਮਿਸ਼ਨਰੀ ਮੇਲਾ ਅਤੇ ਵਿਚਾਰ ਗੋਸ਼ਟੀ ਮਿਤੀ 26 ਅਪ੍ਰੈਲ 2015 ਦਿਨ ਐਤਵਾਰ ਪਿੰਡ ਤੇ ਡਾਕ: ਰੰਧਾਵਾ ਮਸੰਦਾਂ, ਜ਼ਿਲ੍ਹਾ ਜਲੰਧਰ ਵਿਖੇ ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਬਹੁਤ ਸਾਰੇ ਬੁੱਧੀਜੀਵੀ, ਵਿਦਵਾਨ, ਸਮਾਜ ਦਰਦੀ, ਚਿੰਤਕ, ਮਿਸ਼ਨਰੀ, ਗੀਤਕਾਰ ਅਤੇ ਮਿਸ਼ਨਰੀ ਕਲਾਕਾਰ ਬਾਬਾ ਸਾਹਿਬ ਜੀ ਦੇ ਜੀਵਨ ਅਤੇ ਵੱਡਮੁੱਲੀ ਵਿਚਾਰਧਾਰਾ ਤੇ ਚਾਨਣਾ ਪਾਉਣਗੇ ਅਤੇ ਗੁਣਗਾਣ ਕਰਨਗੇ। ਆਪ ਸਭ ਨੂੰ ਬੇਨਤੀ ਹੈ ਕਿ ਆਪਣੇ ਪਰਿਵਾਰ ਸਮੇਤ ਇਸ ਪ੍ਰੋਗਰਾਮ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

### ਪਹੁੰਚ ਰਹੇ ਬੁੱਧੀਜੀਵੀ, ਵਿਦਵਾਨ, ਲੇਖਕ ਅਤੇ ਮਹਾਨ ਸ਼ਖਸੀਅਤਾਂ



ਚੰਨ ਗੁਰਾਇਆ ਵਾਲਾ ਰਾਜ ਕਵੀ | ਡਾ ਜੀ.ਸੀ. ਕੌਲ | ਰੁੱਤੂ ਰੰਧਾਵੇ ਵਾਲਾ | ਐਡਵੋਕੇਟ ਐਸ.ਐਲ. ਵਿਰਦੀ | ਮਦਨ ਜਲੰਧਰੀ | ਮਹਿੰਦਰ ਸੰਧੂ | ਪੀ. ਆਰ. ਦੀਵਾਨਾ | ਸੋਹਣ ਸਹਿਜਲ | ਧਰਮ ਚੰਦ ਬੰਗੜ | ਰਜਿੰਦਰ ਰਾਣਾ

ਡਾ. ਸੱਤਪਾਲ, ਰਵਿੰਦਰ ਕੁਮਾਰ (ਆਈ.ਟੀ.ਐਸ.), ਰਘਬੀਰ ਸਿੰਘ (ਐਸ.ਡੀ.ਓ.), ਰਮੇਸ਼ ਚੰਦਰ (ਐਸ.ਡੀ.ਓ.), ਸੋਹਣ ਲਾਲ (ਡੀ.ਪੀ.ਆਈ.), ਸੰਦੀਪ ਮੈਹਮੀ (ਪੀ.ਟੀ.ਯੂ.), ਪਰਮਜੀਤ ਮਹੇ (ਬੀ.ਐਸ.ਐਨ.ਐਲ.), ਰਮੇਸ਼ ਕੁਮਾਰ (ਆਈ.ਐਫ.ਐਸ.), ਰਜੇਸ਼ ਕੁਮਾਰ (ਕੰਨਵੀਨਰ ਏ.ਵੀ.ਐਸ.ਆਰ.), ਪ੍ਰੋ. ਕੁਲਦੀਪ ਸੋਂਧੀ, ਸ੍ਰੀ ਸੁਰਿੰਦਰ ਅਜਨਾਥ ਅਤੇ ਹੋਰ

### ਪਹੁੰਚ ਰਹੇ ਕਲਾਕਾਰ



ਫਿਰੋਜ਼ ਖਾਨ | ਬਲਵਿੰਦਰ ਬਿੱਟੂ | ਜੱਗੀ ਸਿੰਘ | ਜੀਵਨ ਮਾਨ | ਦਲਵਿੰਦਰ ਦਿਆਲਪੁਰੀ | ਰੂਪ ਲਾਲ ਧੀਰ | ਪ੍ਰੇਮ ਲਤਾ | ਗਿੰਨੀ ਮਾਹੀ | ਨੀਲਮ ਠੱਕਰਵਾਲ | ਪੰਮਾ ਸੁੰਨੜ | ਕਮਲ ਤੱਲ੍ਹਣ | ਬੰਗੜ ਬ੍ਰਦਰਜ਼



ਦਲਬੀਰ ਹਰੀਪੁਰੀਆ | ਸੱਤੀ ਖੋਖੇਵਾਲੀਆ | ਸਰਬਜੀਤ ਫੁੱਲ | ਰਾਜੇਸ਼ ਬੁੱਗਾ | ਜੀਵਨ ਸੋਹਲ | ਗੋਰਾ ਮਾਹੀ | ਮੰਗੀ ਸੁਲਤਾਨ | ਜਤਿੰਦਰ ਜੀਤੀ

ਇਨ੍ਹਾਂ ਤੋਂ ਇਲਾਵਾ ਮਸ਼ਹੂਰ ਫਿਲਮੀ ਪਲੇਬੈਕ ਸਿੰਗਰ ਅਤੇ ਟੀ.ਵੀ. ਕਲਾਕਾਰ ਪਹੁੰਚ ਰਹੇ ਹਨ।

ਲੰਗਰ ਅਤੁੱਟ ਵਰਤੇਗਾ

ਮਿਊਜਿਕ ਦੀ ਸੇਵਾ ਬੀ.ਕੇ. ਮਾਨ ਮਿਊਜੀਕਲ ਗੁਰੱਪ ਵੱਲੋਂ ਕੀਤੀ ਜਾ ਰਹੀ ਹੈ।

### ਵਿਸ਼ੇਸ਼ ਸਹਿਯੋਗੀ



ਜੀਤ ਬੈਲਜੀਅਮ



ਜੋਗਿੰਦਰ ਮਾਹੀ ਇਟਲੀ | ਅਸ਼ੋਕ ਮਾਹੀ ਇਟਲੀ | ਵਿਨੋਦ ਮਾਹੀ ਇਟਲੀ | ਗੱਲਡੀ ਦਰਦੀ (ਗੀਤਕਾਰ) ਇਟਲੀ | ਸੋਢੀ ਮੱਲ ਇਟਲੀ | ਅਸ਼ਵਨੀ ਕਲੇਰ ਯੂ.ਕੇ. | ਅਸ਼ੋਕ ਮਾਹੀ ਇਟਲੀ | ਬਲਦੇਵ ਰਾਜ ਬੋਲੀਨਾ ਯੂ.ਐਸ.ਏ | ਰਜੀਵ ਕੁਮਾਰ ਯੂ.ਐਸ.ਏ. | ਅਮਰਜੀਤ ਮੱਲ ਇਟਲੀ | ਅਰਵਿੰਦਰ ਕੁਮਾਰ ਇਟਲੀ | ਪ੍ਰਵੀਨ ਮੱਲ ਇਟਲੀ | ਸੱਤਪਾਲ ਮਾਹੀ ਇਟਲੀ | ਸ. ਸੁਰਿੰਦਰ ਸਿੰਘ ਯੂ.ਏ.ਈ.



ਪਵਨ ਕੁਮਾਰ ਯੂ.ਐਸ.ਏ.

**ਵੱਲੋਂ- ਡਾ.ਬੀ.ਆਰ.ਅੰਬੇਦਕਰ ਐਜੂਕੇਸ਼ਨਲ ਐਂਡ ਵੈਲਫੇਅਰ ਟਰੱਸਟ, ਪਿੰਡ ਤੇ ਡਾਕਖਾਨਾ, ਰੰਧਾਵਾ ਮਸੰਦਾਂ, ਜਲੰਧਰ, ਸਮੂਹ ਨਗਰ ਅਤੇ ਇਲਾਕਾ ਨਿਵਾਸੀ**

ਭਾਰਤ ਰਤਨ ਬਾਬਾ ਸਾਹਿਬ ਡਾ.ਭੀਮਰਾਓ ਰਾਮਜੀ ਅੰਬੇਡਕਰ ਜੀ ਦੇ 124ਵੇਂ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ

ਸਾਡੇ ਵੱਲੋਂ ਮਹਾਨ ਮਿਸ਼ਨਰੀ ਮੇਲਾ ਅਤੇ ਵਿਚਾਰ-ਗੋਸ਼ਟੀ ਦੀਆਂ ਸ਼ੁਭ ਇਛਾਵਾਂ



ਪਵਨ ਕੁਮਾਰ ਮਾਹੀ | ਬਲਦੇਵ ਰਾਜ ਬੋਲੀਨਾ | ਸੁਰਿੰਦਰ ਕੁਮਾਰ ਮਾਹੀ



ਕੇਵਲ ਬੋਲੀਨਾ | ਵਿਕਾਸ ਅਹੀਰ | ਸ੍ਰੀ ਬਚਨ ਬੋਲੀਨਾ

ਨੋਟ: ਇਹ ਗੈਰ ਰਾਜਨੀਤਿਕ ਪ੍ਰੋਗਰਾਮ ਹੈ ਇਸਦਾ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। ਕਿਰਪਾ ਕਰਕੇ ਕੋਈ ਵੀ ਵਿਅਕਤੀ ਮੇਲੇ ਵਿਚ ਨਸ਼ਾ ਕਰਕੇ ਨਾ ਆਵੇ।

**ਸੰਪਰਕ:- 98150-95265, 98781-46994, 94178-02364**

# ਪੀ ਸੀ ਐਸ ਸੈਕਰਾਮੈਂਟੋ ਦੇ ਵਿਸਾਖੀ ਮੇਲੇ ਨੇ ਪੰਜਾਬੀ ਮਹਿਕ ਦੇ ਰੰਗ ਬਖੇਰੇ










All Pictures by Bhupinder Rehal 916-320-4341













# Raja SWEETS & CATERING
AUTHORIZED CATERER FOR MAJOR 5-STAR HOTELS



**Raja Items Serving**
- ALL KINDS OF SWEETS
- SNACKS
- CHAAT STALL
- NORTH INDIAN CUISINE
- FLUDA KULFI STALL
- ON SITE TANDOOR

**Raja Catering Service**
- WEDDING CEREMONIES
- RECEPTIONS
- BIRTHADAY PARTIES
- RELIGIOUS GATHERINGS
- CORPORATE EVENTS
- PICNICS / BAR-B-QUE

**Raja Additional Service**
- WARMERS
- CHAFFING DISHES
- CHINA & SILVERWARE
- LINEN RENTAL
- WAITERS
- BARTENDERS

Contact us
Raja Sweets & Catering
Work (510)489-9100 • Cell (510)715-1619
msbains@rajasweets.com • www.rajasweets.com
www.facebook.com/rajasweetsandcatering
www.twitter.com/RAJASWEETS



# INDIA MARKET
SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

Chaat Plate Only for $2.99


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Chaat Papdi. Samosa Chaat. Pani Puri. Dahi Vada. Bhel Puri Chaat

Music, Fabric, Artificial Jewelry, Sweets, Fresh Vegetables & more

We have the largest collection for Indian, Fijian & Pakistani Grocery



## The Threading queen
## threading & HEENA TATTOOS
We accept EBT cards
Call for appointment
(916) 297-0150, (916) 316-8199

Eyebrow Threading & Henna Tattoo (each hand)
Only for $ 5.00
(Regular $ 8.00)
Walk In Welcome
Mon-Sat 10am to 7 pm

1265 Pleasant Grove Blvd. # 100 Roseville, CA 95747 916-786-7666
5203 Elkhorn Blvd.Sacramento, CA 95842 916-338-5511



# INDIA BAZAAR




## Indian, Pakistani & Fijjian Groceries
We are open 7 DAYS A WEEK TIME : 9:00 A.M. TO 8:30 P.M.
WE ACCEPT FOOD STAMPS
RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।
Email: indiabazaar08@yahoo.com
1304-E HAMMER LANE, Suite 12, STOCKTON CA, 95210



# Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

## ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL
BOUTIQUE
JEWELRY


ਕਸ਼ਮੀਰ ਸਿੰਘ ਢੁੱਗਾ ਅਤੇ ਗੁਰਜੀਤ ਕੌਰ ਢੁੱਗਾ

## KASH FABRICS
ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com
Phone: 510-538-1138